ਕੈਨੇਡਾ ਦਰਪਣ

ਦਸੰਬਰ 21–28, 1988

December 21-28, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

DECEMBER 21-28, 1988 Vol. 07 No. 33
Out of Greater Vancouver
75¢
Second Class Mail Reg. No. 5991

ਕਨੇਡਾ ਦਰਪਣ

The Canada Darpan The Punjabi Newspaper
P.O.BOX 265, Surrey, B.C. V3T 4W8
Ph: (604) 581-4473

ਸੋਨੇ ਦਾ ਰੇਟ

517 ਡਾਲਰ ਕੈਨੇਡੀਅਨ (ਇਕ ਔਂਸ)
208 ਡਾਲਰ ਕੈਨੇਡੀਅਨ (ਇਕ ਤੋਲਾ)
178 ਡਾਲਰ ਕੈਨੇਡੀਅਨ (10 ਗ੍ਰਾਮ)

1000 ਰੁਪਏ ਦਾ ਰੇਟ

79.98 ਕੈਨੇਡੀਅਨ ਡਾਲਰ
(ਧੰਨਵਾਦ ਸਹਿਤ ਬੈਂਕ ਆਫ ਮਾਂਟਰੀਅਲ)

ਭਾਰਤ - ਚੀਨ ਦੋਸਤੀ !

ਦੋਵਾਂ ਦੇਸ਼ਾਂ ਵਿਚਕਾਰ ਮਿੱਤਰਤਾ ਭਰੇ ਸੰਬੰਧ ਸਥਾਪਤ

ਬੀਜਿੰਗ — ਭਾਰਤ ਅਤੇ ਚੀਨ ਵਿਚਕਾਰ ਦੁਬਾਰਾ ਦੋਸਤੀ ਦਾ ਮਾਹੌਲ ਸ਼ੁਰੂ ਹੋ ਗਿਆ ਹੈ। 19 ਦਸੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਇਥੇ ਪਹੁੰਚਣ ਉਤੇ ਜੋ ਸ਼ਾਨਦਾਰ ਸੁਆਗਤ ਚੀਨੀ ਨੇਤਾਵਾਂ ਵਲੋਂ ਕੀਤਾ ਗਿਆ ਉਸ ਤੋਂ ਆਸ ਬੱਝਦੀ ਹੈ ਕਿ 1962 ਤੋਂ ਚਲੀ ਆ ਰਹੀ 'ਸਰਦ ਜੰਗ' ਖਤਮ ਹੋ ਗਈ ਹੈ।

21 ਤੋਪਾਂ ਦੀ ਸਲਾਮੀ

19 ਦਸੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਬੀਜਿੰਗ ਪਹੁੰਚਣ ਉਤੇ ਰੈਡ ਕਾਰਪਟ ਵਿਛਾ ਕੇ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਸ੍ਰੀ ਗਾਂਧੀ ਨਾਲ ਵੱਡੇ ਪੈਮਾਨੇ ਉਤੇ ਡੈਲੀਗੇਸ਼ਨ ਚੀਨ ਗਿਆ ਹੈ ਜਿਸ ਵਿਚ ਬਦੇਸ਼ ਮੰਤਰੀ ਨਰਸਿਮਹਾ ਰਾਓ, ਨਟਵਰ ਸਿੰਘ ਤੇ ਹੋਰ ਵਜ਼ੀਰਾਂ ਨਾਲ ਵੱਖ ਵੱਖ ਵਜ਼ਾਰਤਾਂ ਦੇ ਸਕੱਤਰ ਪੁਜੇ ਹਨ। ਸ੍ਰੀ ਰਾਜੀਵ ਗਾਂਧੀ ਦਾ ਸੁਆਗਤ ਦੁਨੀਆਂ ਦੇ ਸਭ ਤੋਂ ਵੱਡੇ ਹਾਲ ਵਿਚ ਕੀਤਾ ਗਿਆ। ਹਜ਼ਾਰਾਂ ਬੱਚੇ ਏਅਰਪੋਰਟ ਤੋਂ ਲੈ ਕੇ ਸ਼ਹਿਰ ਤੱਕ ਭਾਰਤੀ ਤੇ ਚੀਨੀ ਝੰਡੇ ਲੈ ਕੇ ਖੜ੍ਹੇ ਸਨ। ਸ੍ਰੀ ਰਾਜੀਵ ਗਾਂਧੀ ਦਾ ਇਹ ਦੌਰਾ ਪਿਛਲੇ 34 ਸਾਲ ਵਿਚ ਕਿਸੇ ਭਾਰਤੀ ਨੇਤਾ ਦਾ ਪਹਿਲਾ ਦੌਰਾ ਹੈ। 1954 ਵਿਚ ਜਵਾਹਰ ਲਾਲ ਨਹਿਰੂ ਚੀਨ ਗਏ ਸਨ।

ਉਚ ਨੇਤਾਵਾਂ ਨਾਲ ਗੱਲਬਾਤ

20 ਨਵੰਬਰ ਨੂੰ ਭਾਰਤੀ ਪ੍ਰਧਾਨ ਮੰਤਰੀ ਨੇ ਚੀਨ ਦੇ ਉਚ ਨੇਤਾਵਾਂ ਨਾਲ ਆਪਣੀ ਗੱਲਬਾਤ ਜਾਰੀ ਰੱਖੀ। ਸ੍ਰੀ ਰਾਜੀਵ ਗਾਂਧੀ ਨੇ ਚੀਨ ਦੇ 81 ਸਾਲਾ ਪ੍ਰਧਾਨ ਅਤੇ ਉਪ ਪ੍ਰਧਾਨ ਮੰਤਰੀ ਕੁਆਨ ਨਾਲ ਵੀ ਗੱਲਬਾਤ ਕੀਤੀ। 21 ਦਸੰਬਰ ਨੂੰ ਸ੍ਰੀ ਗਾਂਧੀ ਨੇ ਪ੍ਰਧਾਨ ਮੰਤਰੀ ਨਾਲ ਉਚ-ਪੱਧਰੀ ਗੱਲਬਾਤ ਕੀਤੀ ਜਿਸ ਵਿਚ ਚੀਨ-ਭਾਰਤ ਸਰਹੱਦ ਬਾਰੇ ਵੀ ਗੱਲਬਾਤ ਹੋਈ।



ਸ੍ਰੀ ਗਾਂਧੀ ਨੇ ਭਾਰਤੀ ਸਭਿਅਤਾ ਅਤੇ ਭਾਸ਼ਾਵਾਂ ਦੇ ਚੀਨੀ ਵਿਦਵਾਨਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ। ਚੀਨੀ ਪ੍ਰਧਾਨ ਮੰਤਰੀ ਨੇ ਰਾਜੀਵ ਗਾਂਧੀ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਇਤਿਹਾਸਕ ਸਥਾਨ ਵੀ ਦਿਖਾਏ। ਪ੍ਰਧਾਨ ਮੰਤਰੀ ਨਾਲ ਸ੍ਰੀ ਗਾਂਧੀ ਦੀ ਗੱਲਬਾਤ ਪੰਜ ਘੰਟੇ ਚੱਲੀ।

ਸ੍ਰੀ ਗਾਂਧੀ ਨੇ ਇਸੇ ਦੌਰਾਨ 'ਟੈਂਪਲ ਆਫ ਹੈਵਨ' ਦਾ ਦੌਰਾ ਵੀ ਕੀਤਾ। ਸ੍ਰੀ ਗਾਂਧੀ ਦੁਨੀਆਂ ਦੀ ਸਭ ਤੋਂ ਵੱਡੀ ਚੀਨ ਦੀ ਕੰਧ ਵੀ ਦੇਖਣ ਗਏ। ਕੰਧ ਦਾ ਹਿਸਾ ਬੀਜਿੰਗ ਤੋਂ 60 ਕਿਲੋਮੀਟਰ ਉਤੇ ਦੇਖਿਆ। ਇਹ ਕੰਧ 6000 ਕਿਲੋਮੀਟਰ ਲੰਮੀ ਹੈ। ਉਤਰੀ ਹਿੱਸੇ ਤੋਂ ਹਮਲਾਆਵਰਾਂ ਤੋਂ ਬਚਾਅ ਲਈ ਇਹ ਕੰਧ ਖੜ੍ਹੀ ਕੀਤੀ ਗਈ ਸੀ। ਇਹ ਕੰਧ 2000 ਸਾਲ ਪਹਿਲਾਂ ਬਣਾਈ ਗਈ ਸੀ। ਇਸ ਨੂੰ 'ਗਰੇਟ ਚਾਈਨਜ਼ ਵਾਲ' ਕਿਹਾ ਜਾਂਦਾ ਹੈ।

ਟੈਲੀਫ਼ੋਨ ਸੇਵਾਵਾਂ ਸ਼ੁਰੂ

ਭਾਰਤ ਅਤੇ ਚੀਨ ਵਿਚਕਾਰ ਮੰਗਲਵਾਰ ਤੋਂ ਟੈਲੀਫ਼ੋਨ ਸੇਵਾਵਾਂ ਸਿੱਧੀਆਂ ਸ਼ੁਰੂ ਹੋ ਗਈਆਂ ਹਨ ਅਤੇ ਮਈ 1989 ਤੋਂ ਦੋਵਾਂ ਦੇਸ਼ਾਂ ਵਿਚਕਾਰ ਹਵਾਈ ਸੇਵਾਵਾਂ ਵੀ ਸ਼ੁਰੂ ਕਰਨ ਬਾਰੇ ਸਮਝੌਤਾ ਹੋ ਗਿਆ ਹੈ। ਦੋਵਾਂ ਦੇਸ਼ਾਂ ਦੇ ਹਵਾਈ ਜਹਾਜ਼ ਇਕ ਦੂਜੇ ਦੇਸ਼ ਵਿਚ ਆਉਣ ਜਾਣ ਲੱਗਣਗੇ।

ਟੈਲੀਫੋਨ ਸੇਵਾਵਾਂ ਕੌਮਾਂਤਰੀ ਢੰਗ ਨਾਲ ਸ਼ੁਰੂ ਕੀਤੀਆਂ ਗਈਆਂ ਹਨ। ਚੀਨ ਅਤੇ ਭਾਰਤ ਵਿਚਕਾਰ ਹੁਣ ਸਿੱਧੀ ਡਾਇਲਿੰਗ ਹੋ ਗਈ ਹੈ। ਸਿੱਧਾ ਨੰਬਰ ਘੁਮਾਕੇ ਹੀ ਗੱਲਬਾਤ ਕੀਤੀ ਜਾ ਸਕਦੀ ਹੈ। ਕੋਈ ਵੀ ਸਿੱਧਾ ਫੋਨ ਕਰ ਸਕਦਾ ਹੈ

ਨਵਾਂ ਸਾਲ ਮੁਬਾਰਕ !



ਦੋ ਦਹਿਸ਼ਤਗਰਦਾਂ ਸਮੇਤ ਚਾਰ ਹਲਾਕ

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪਿਛਲੇ ਦਿਨ ਪੰਜਾਬ ਵਿਚ ਜਾਰੀ ਦਹਿਸ਼ਤਗਰਦੀ ਵਿਚ ਦੋ ਦਹਿਸ਼ਤਗਰਦਾਂ ਸਮੇਤ ਚਾਰ ਵਿਅਕਤੀ ਹੋਰ ਹਲਾਕ ਹੋਏ ਹਨ।

ਚੀਨੀ ਅਸਾਲਟ ਰਾਈਫ਼ਲਾਂ ਨਾਲ ਲੈਸ ਤਿੰਨ ਦਹਿਸ਼ਤਗਰਦਾਂ ਨੇ ਅੰਮ੍ਰਿਤਸਰ ਵਿਚ ਗੋਰੇਵਾਲਾ ਪਿੰਡ ਵਿਚ ਇਕ ਕਿਸਾਨ ਲੱਖਾ ਸਿੰਘ ਅਤੇ ਉਸਦੀ ਪਤਨੀ ਕਸ਼ਮੀਰ ਕੌਰ ਦੀ ਹੱਤਿਆ ਕਰ ਦਿੱਤੀ।

ਦੋ ਦਹਿਸ਼ਤਗਰਦ ਮਰੇ

ਅੰਮ੍ਰਿਤਸਰ ਜ਼ਿਲੇ ਵਿਚ ਹੀ ਬੱਬਰ ਖਾਲਸਾ ਦੇ ਦੋ ਦਹਿਸ਼ਤਗਰਦ ਉਸ ਸਮੇਂ ਮਾਰੇ ਗਏ ਜਦ ਉਨ੍ਹਾਂ ਨੇ ਤਰਨਤਾਰਨ ਦੇ ਇਲਾਕੇ ਵਿਚ ਸੁਰੱਖਿਆ ਸੈਨਾ ਦੀ ਇਕ ਗਸ਼ਤੀ ਪਾਰਟੀ ਉਤੇ ਹਮਲਾ ਕਰ ਦਿੱਤਾ। ਜਵਾਬੀ ਗੋਲੀ ਵਿਚ ਬੱਬਰ ਖਾਲਸਾ ਦਾ ਸ਼ੇਰ ਸਿੰਘ ਉਰਫ ਸ਼ੇਰਾ ਅਤੇ ਬਲਵਿੰਦਰ ਸਿੰਘ ਥਾਂ ਉਤੇ ਹੀ ਮਾਰੇ ਗਏ। ਪੈਰਾ ਮਿਲਟਰੀ ਦੇ ਤਿੰਨ ਜੁਆਨਾਂ ਨੂੰ ਗੰਭੀਰ ਹਾਲਤ ਵਿਚ ਤਰਨਤਾਰਨ ਦੇ ਹਸਪਤਾਲ ਪੁਚਾਇਆ ਗਿਆ। ਇਹ ਹਮਲਾ ਗਸ਼ਤੀ ਪਾਰਟੀ ਉਤੇ ਲੁਕ ਕੇ ਕੀਤਾ ਗਿਆ ਸੀ।

ਅੰਦਰ ਦੇਖੋ :
ਬੰਬੇ ਸਵੀਟਸ ਵਲੋਂ ਦਿੱਤੀ ਜਾਣਕਾਰੀ



Ph. 588-5808

9373 - 120 St., (Scott Rd.),

Delta, B. C.



ਏ. ਸੀ. ਜਿਊਲਰਜ਼

ਨਵਾਂ ਸਾਲ ਮੁਬਾਰਕ !

RAJA CATERING SERVICES

SINCE 1975

Raja

FOR WEDDING SWEETS & YOUR CATERING NEEDS

WE OFFER:

☐ BEST FOOD ☐ BEST SERVICE

☐ BEST PRICE

Call BALWANT RAJA AT

325-5014 Or 321-3223

6450 MAIN ST., (AT (49th Ave.)

VANCOUVER, B.C. CANADA V5W 2V4

moti-mahal

N. & J. Painting & Cleaning

ਐਨ ਐਂਡ ਜੇ ਪੇਂਟਿੰਗ ਐਂਡ ਕਲੀਨਿੰਗ

Residential and Commercial

- ਘਰ ਅਤੇ ਕਮਰਸ਼ਲ
- ਨਵੇਂ ਘਰਾਂ ਲਈ ਵਾਜਬ ਰੇਟ
- ਫਰੀ ਐਸਟੀਮੇਟ

ਫ਼ੋਨ ਕਰੋ :

ਨਾਰਮਨ ਗਿੱਲ

Norman Gill

874-7567

'After An Auto Accident, Call On Experience:

Bernard Simpson And Company

Lawyers

Practice **RESTRICTED** to **INJURIES CAUSED BY CAR ACCIDENTS**

ਨਵਾਂ ਸਾਲ ਮੁਬਾਰਕ !

ICBC Claims

No charge for initial consultation

Translation Services Available

ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

Call collect

24 Hour Calls

Ph. 734-2272

ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ

ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ

ਤੁਸੀਂ ਅਦਾਇਗੀ ਕਰੋਂ

Situated In the B.C. Automobile Association Building

Ste. 750, 999 West Broadway

Vancouver, B.C. V5Z 1K5

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

ਤਾਰੇ ਹੇਅਰ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਹਰਕੀਰਤ ਨੂੰ 14 ਸਾਲ ਦੀ ਕੈਦ

ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ

ਸਰੀ — ਖਾਲਿਸਤਾਨੀ ਅਖਬਾਰ 'ਇੰਡੋ-ਕੈਨੇਡੀਅਨ ਟਾਈਮਜ਼' ਦੇ ਐਡੀਟਰ ਤਾਰਾ ਸਿੰਘ ਹੇਅਰ ਉਤੇ ਕਾਤਲਾਨਾ ਹਮਲਾ ਕਰਨ ਵਾਲੇ 17 ਸਾਲਾ ਹਰਕੀਰਤ ਬੱਗਾ ਨੂੰ ਪ੍ਰੋਵਿੰਨਸ਼ਲ ਕੋਰਟ ਜੱਜ ਪੈਟਰਿਕ ਹਾਈਡ ਨੇ 14 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਹਮਲਾ 26 ਅਗਸਤ, 1988 ਨੂੰ ਅਖਬਾਰ ਦੇ ਦਫ਼ਤਰ ਵਿਚ ਕੀਤਾ ਗਿਆ ਸੀ। ਇਸ ਹਮਲੇ ਕਾਰਨ ਤਾਰਾ ਸਿੰਘ ਹੇਅਰ ਨੂੰ ਛਾਤੀ ਤੋਂ ਥੱਲੇ ਦਾ ਅਧਰੰਗ ਹੋ ਗਿਆ ਹੈ ਅਤੇ ਉਸਦੀ ਸੱਜੀ ਬਾਂਹ ਨਿਕਾਰਾ ਹੋ ਗਈ ਹੈ।

ਹਮਲੇ ਪਿਛੇ ਕਾਰਨ

ਜੱਜ ਪੈਟਰਿਕ ਹਾਈਡ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਇਹ ਹਮਲਾ ਧਾਰਮਿਕ, ਰਾਜਸੀ ਅਤੇ ਜ਼ਾਤੀ ਕਾਰਨਾਂ ਕਰਕੇ ਕੀਤਾ ਗਿਆ।

ਜੱਜ ਨੇ ਕਿਹਾ ਕਿ ਹਰਕੀਰਤ ਨੂੰ ਕੁਝ ਲੋਕਾਂ ਵਲੋਂ ਹਦਾਇਤਾਂ ਦਿੱਤੀਆਂ ਗਈਆਂ ਜਾਂ ਰੀਵਾਲਵਰ ਖ੍ਰੀਦਣ ਵਿਚ ਸਹਾਇਤਾ ਦਿੱਤੀ ਗਈ ਤਾਂ ਸਹੀ ਲੱਗਦੀ ਹੈ ਪਰ ਜੱਜ ਨੇ ਕਿਹਾ ਕਿ ਉਹ ਇਹ ਮੰਨਣ ਤੋਂ ਅਸਮਰਥ ਹੈ ਕਿ ਉਸ ਨੂੰ ਭਾਰਤ ਵਿਚੋਂ ਕਿਸੇ ਅਤਿਵਾਦੀ ਸੰਸਥਾ ਨੇ ਇਹ ਹਮਲਾ ਕਰਨ ਲਈ ਭੇਜਿਆ।

ਹਰਕੀਰਤ ਬੱਗਾ ਨੇ ਅਕਤੂਬਰ ਵਿਚ ਆਪਣਾ ਦੋਸ਼ ਕਬੂਲ ਕਰ ਲਿਆ ਸੀ ਤੇ ਤਾਰੇ ਹੇਅਰ ਉਤੇ ਹਮਲਾ ਕਰਨ ਦਾ ਇਕਬਾਲ ਕਰ ਲਿਆ ਸੀ।

ਜੱਜ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਤਾਰਾ ਹੇਅਰ ਇਸ ਤਰ੍ਹਾਂ ਦੇ ਹਮਲੇ ਪਿਛੋਂ ਬਚ ਗਿਆ ਹੈ।

'ਪ੍ਰੋਵਿੰਨਸ' ਦਾ ਪ੍ਰਗਟਾਵਾ

'ਪ੍ਰੋਵਿੰਨਸ' ਅਖਬਾਰ ਨੇ ਲਿਖਿਆ ਹੈ ਕਿ 'ਇੰਡੋ-ਕੈਨੇਡੀਅਨ ਟਾਈਮਜ਼' ਦੀ ਸੰਪਾਦਕੀ ਨੀਤੀ ਹਮੇਸ਼ਾ ਖਾਲਿਸਤਾਨ ਦੇ ਹੱਕ ਵਿਚ ਰਹੀ ਹੈ।

ਹੋਰ ਗ੍ਰਿਫ਼ਤਾਰੀਆਂ ਦੀ ਆਸ

ਕੁਝ ਸੂਤਰਾਂ ਦਾ ਕਹਿਣਾ ਹੈ ਕਿ ਹਰਕੀਰਤ ਬੱਗਾ ਨੂੰ ਸਜ਼ਾ ਮਿਲਣ ਨਾਲ ਇਹ ਕੇਸ ਖਤਮ ਨਹੀਂ ਹੋ ਗਿਆ ਸਗੋਂ ਹੋਰ ਗ੍ਰਿਫ਼ਤਾਰੀਆਂ ਦੀ ਆਸ ਨੂੰ ਰੱਦ ਨਹੀਂ ਕੀਤਾ ਜਾਂਦਾ। ਤਾਰੇ ਹੇਅਰ ਦੇ ਪ੍ਰਵਾਰ ਦਾ ਵੀ ਕਹਿਣਾ ਹੈ ਕਿ ਇਸ ਹਮਲੇ ਪਿਛੇ ਕੁਝ ਹੋਰ ਲੋਕਾਂ ਦਾ ਹੱਥ ਹੈ।

(ਬਾਕੀ ਪੰਨਾ 6 'ਤੇ)



Province graphic by Cori Caulfield

Courtroom sketch shows gunman Harkirat Bagga, 17.

S E A S O N ' S
G R E E T I N G S

ਵੈਨਕੂਵਰ ਸਿਟੀ ਕੌਂਸਲ ਵਲੋਂ ਮੈਂ ਤੁਹਾਨੂੰ ਅਤੇ ਤੁਹਾਡੇ ਪ੍ਰਵਾਰਾਂ ਨੂੰ ਸ਼ੁਭ ਇਛਾਵਾਂ ਭੇਂਟ ਕਰਦਾ ਹਾਂ। ਇਹ ਸਮਾਂ ਸ਼ਾਂਤੀ, ਭਾਈਚਾਰਕ ਸਾਂਝ ਅਤੇ ਆਸਾਂ ਦਾ ਸਮਾਂ ਹੈ, ਆਓ ਸਾਰੇ ਰਲ ਕੇ ਆਪਣੇ ਬੱਚਿਆਂ ਦੇ ਸੁਹਣੇ ਭਵਿੱਖ ਲਈ ਕੰਮ ਕਰੀਏ!



Gordon Campbell
MAYOR
City of Vancouver

SHOP - EASY

47th. & Fraser St., Vancouver, B.C.

ਕ੍ਰਿਸਮਿਸ ਸਪੈਸ਼ਲ ਸੇਲ

HOMO MILK

ਹੋਮੋ ਦੁੱਧ

$2.99

Limit 4 Lit.

ਏ. ਡੀ. ਬਾਰੀਆ ਐਲ. ਐਲ. ਬੀ.

ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ

Arsad Dara Baria LL.B.

Lawyer

Ste. 209-6330 Fraser St., Vancouver, B.C.

Ph. 321-8300

ਬੇਹਤਰੀਨ ਫ਼ੋਟੋਆਂ ਲਈ

ਗੁਰਮੇਲ ਰਾਏ

ਨੂੰ ਯਾਦ ਰੱਖੋ

- ਪ੍ਰੋਫ਼ੈਸ਼ਨਲ ਸਿਖਿਆ ਪ੍ਰਾਪਤ ਫੋਟੋਗਰਾਫਰ
- ਵਿਆਹ ਸ਼ਾਦੀਆਂ ਅਤੇ ਹੋਰ ਫੰਕਸ਼ਨਾਂ ਲਈ ਵਾਜਬ ਰੇਟ
- ਵਧੀਆ ਕੁਆਲਿਟੀ

ਗੁਰਮੇਲ ਰਾਏ

ਫ਼ੋਨ : 583-7512

BOOK NOW FLY LATER SAVE MONEY



SPECIAL FARES TO:

San Francisco **Toronto** **London**

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.

JAL JAPAN AIR LINES

AIR CANADA

CATHAY PACIFIC

Canadian

Wardair Canada

KLM

UNITED

Goyal Travels Inc.

4152 Fraser St., Vancouver, B.C. V5V 4E8

PH. (604) 877-7777

TOLL FREE From B.C., Alberta, Saskatchewan & Manitoba.

1-800-663-8638

CALGARY
Ph. (403) 235-6808

TORONTO
(416) 593-6966

'ਕੈਨੇਡਾ ਦਰਪਣ' ਦੇ

ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City..
Province..
Postal code..
PHONE.

One Year	30 dollars
Two Year	55 dollars
Three year	80 dollars
Life membership	500 dollars
ASIA	150 dollars[a year]
U.S.A.	35 dollars [a year]
Europe	150 dollars[a year]
Africa	150 dollars [a year]

GM

WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731

Pager 687-1985 #5531



FOR **BEST DEAL & BEST SERVICE**



ਗੁਰਜੀਤ ਢੀਂਡਸਾ ਬਾਵਾ

CALL US FIRST

IATA APPROVED OFFICE

Express Internationl Travel Ltd.

Affiliated with G.B. Morrison Travel Montreal

ATAC

Approved Agent All Major Airlines

ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ

ਸਿੰਘਾਪੁਰ **$1050** ਰੀਟਰਨ ਹਾਂਗਕਾਂਗ **$870** ਰੀਟਰਨ ਟਰਾਂਟੋ **$269** ਇੰਗਲੈਂਡ **$577** ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



AJIT KANG


Season's Greetings

IMPERIAL CARPETS

PEERLESS Fashion SHOWPLACE™


PEERLESS Fashion SHOWPLACE™

Carpet Savings Days Are Here!





ਜਗਮੇਲ ਸਿਘ ਬਰਾੜ



Heavy Berber

- 100% Peerlon BCF nylon offered exclusively by PEERLESS
- Available in 9 unique earth-tone colorations
- Scotchgard treated
- Sanitized
- Exclusive 5-year wear guarantee

$12.95 sq. yd. Protege-tapis Scotchgard Carpet Protector Sanitized

Saxony Carpet

- 18 colors
- Velour tailored finish
- Scotchgard treated
- Perfect for all decorating needs

$16.95 sq. yd. Installed Protege-tapis Scotchgard Carpet Protector

Top Grade Saxony Carpet

Magnificent nylon saxony carpets
In 30 solid decorator shades.
In unique styles

$22.95 sq. yd. Peerlon

ਪੁਰਾਣੇ ਜਾਂ ਨਵੇਂ ਘਰਾਂ, ਅਪਾਰਟਮੈਂਟਾਂ, ਮੋਟਲਾਂ, ਰੈਸਟੋਰੈਂਟਾਂ, ਕਾਰਾਂ ਤੇ ਵੈਨਾਂ ਲਈ ਵਧੀਆ ਕਾਰਪਟ ਲਈ ਆਪਣੇ ਭਾਈਆਂ ਦੇ ਸਟੋਰ ਇੰਪੀਰੀਅਲ ਕਾਰਪਟ ਤੇ ਆਓ। ਅਸੀਂ ਮਾਰਕੀਟ ਨਾਲੋਂ ਹਰ ਤਰ੍ਹਾਂ ਦੇ ਕਾਰਪਟ ਤੇ ਲਾਈਨੋ,ਸਭ ਤੋਂ ਘੱਟ ਕੀਮਤਾਂ ਤੇ ਇਨਸਟਾਲੇਸ਼ਨ ਦੀ ਗਰੰਟੀ ਦਿੰਦੇ ਹਾਂ। ਹੋਰ ਜਾਣਕਾਰੀ ਲਈ ਜਗਮੇਲ ਸਿੰਘ ਬਰਾੜ ਨੂੰ ਫੋਨ ਕਰੋ: ਫੋਨ: 430-1030 Direct Pager 667-3942ਫਰੀ ਐਸਟੀਮੇਟਸ

VISA MasterCard

6681 McPherson Ave., Burnaby, B.C.
(5500 BLOCK KINGSWAY) Next to Color Your World, Opposite Canadian Tire
PHONE 430-1030

HOURS:
MON.—WED. .... 9:00 - 6:00 P.M.
THURS. - FRI. .... 9:00 - 9 P.M.
SAT. .... 10:00 - 5:00 P.M.

(ਪੰਨਾ 3 ਦੀ ਬਾਕੀ)

ਸੁਖਦੀਪ ਹੇਅਰ ਦਾ ਬਿਆਨ

ਤਾਰੇ ਹੇਅਰ ਦੇ ਲੜਕੇ ਸੁਖਦੀਪ ਹੇਅਰ ਨੇ ਕਿਹਾ ਕਿ ਭਵਿੱਖ ਵਿਚ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਹੈ। ਜਿਨ੍ਹਾਂ ਲੋਕਾਂ ਨੇ ਇਹ ਹਮਲਾ ਕਰਵਾਇਆ ਹੈ ਉਹ ਅਤਿਵਾਦੀ ਸੰਸਥਾਵਾਂ ਨੂੰ 17 ਸਾਲਾਂ ਜਾਂ ਪੰਦਰਾਂ ਸਾਲਾਂ ਦੇ ਮੁੰਡਿਆਂ ਤੋਂ ਹਮਲੇ ਕਰਵਾਉਣੇ ਬੰਦ ਹੋਣੇ ਚਾਹੀਦੇ ਹਨ।

ਸੁਖਦੀਪ ਨੇ ਕਿਹਾ ਕਿ ਲੋਕ ਕੈਨੇਡਾ ਵਿਚ ਅਜਿਹੀ ਹਿੰਸਾ ਦੇ ਵਿਰੁਧ ਹਨ ਉਸਨੇ ਕਿਹਾ ਕਿ ਜੇ ਲੋਕਾਂ ਨੂੰ ਕੋਈ ਤਕਲੀਫ ਹੈ ਤਾਂ ਉਹ ਇੰਡੀਆ ਜਾਣ ਅਤੇ ਉਥੇ ਜਾ ਕੇ ਲੜਾਈ ਲੜਨ ਨਾ ਕਿ ਕੈਨੇਡਾ ਨੂੰ ਲੜਾਈ ਦਾ ਅਖਾੜਾ ਬਨਾਉਣ

ਜ਼ਾਤੀ ਹਮਲੇ

'ਇੰਡ-ਕੈਨੇਡੀਅਨ ਟਾਈਮਜ਼' ਅਖਬਾਰ ਵਿਚ ਬੱਗਾ ਪ੍ਰਵਾਰ ਬਾਰੇ ਬਹੁਤ ਕੁਝ ਜ਼ਾਤੀ ਕਿਸਮ ਦਾ ਵੀ ਲਿਖਿਆ ਗਿਆ ਸੀ ਪਰ ਜੱਜ ਨੇ ਕਿਹਾ ਕਿ ਇਹ ਹਮਲਾ ਇਕੱਲੇ ਜ਼ਾਤੀ ਕਾਰਨਾਂ ਕਰਕੇ ਨਹੀਂ ਕੀਤਾ ਗਿਆ। ਇਸ ਹਮਲੇ ਦੇ ਹੋਰ ਸਿਆਸੀ ਕਾਰਨ ਵੀ ਹਨ।


ਹਰਕੀਰਤ ਕੈਨੇਡਾ ਕਿਵੇਂ ਪੁਜਿਆ ?

ਜੱਜ ਹਾਈਡ ਨੇ ਕਿਹਾ ਕਿ ਮਾਰਚ ਵਿਚ ਹਰਕੀਰਤ ਬੱਗਾ ਕਿਸੇ ਹੋਰ ਦਾ ਪਾਸਪੋਰਟ ਵਰਤਕੇ ਇੰਗਲੈਂਡ ਤੋਂ ਕੈਨੇਡਾ ਪਹੁੰਚਿਆ। ਉਹ ਅਪਰੈਲ ਵਿਚ ਵੈਨਕੂਵਰ ਆਇਆ ਤੇ ਫਿਰ ਟਰਾਂਟੋ ਚਲਾ ਗਿਆ। ਅਗਸਤ ਦੇ ਅੱਧ ਵਿਚ ਫਿਰ ਅਮਰੀਕਾ ਰਾਹੀਂ ਵੈਨਕੂਵਰ ਆਇਆ। 26 ਅਗਸਤ ਨੂੰ ਉਹ ਇੰਡੋ-ਕੈਨੇਡੀਅਨ ਦੇ ਦਫਤਰ ਗਿਆ ਤੇ ਉਥੇ ਹੇਅਰ ਉਤੇ ਗੋਲੀਆਂ ਚਲਾਈਆਂ।

ਫੈਡਰੇਸ਼ਨ ਦੇ ਬੁਲਾਰੇ ਵਲੋਂ ਖੰਡਨ

ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਇਕ ਬੁਲਾਰੇ ਨੇ ਟੀ. ਵੀ. ਉਤੇ ਕਿਹਾ ਕਿ ਇਸ ਹਮਲੇ ਦਾ ਫੈਡਰੇਸ਼ਨ ਨਾਲ ਕੋਈ ਸਬੰਧ ਨਹੀਂ ਹੈ। ਹਰਕੀਰਤ ਬੱਗਾ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਟਰਾਂਟੋ ਤੋਂ ਫੈਡਰੇਸ਼ਨ ਦੇ ਬੰਦਿਆਂ ਨੇ ਉਸਨੂੰ ਹਥਿਆਰ ਦਿੱਤਾ।

ਮਾਨ ਮਿਊਜ਼ਕ ਦਾ ਦੂਸਰਾ ਸਟੋਰ



ਸਰੀ — ਮਾਨ ਮਿਊਜ਼ਕ ਵੀਡੀਓ ਅਤੇ ਫੋਟੋ ਸਟੂਡੀਓ ਵੈਨਕੂਵਰ ਦੇ ਮਾਲਕ ਸ੍ਰੀ ਗੁਰਪਾਲ ਮਾਨ ਨੇ ਸਰੀ ਅਤੇ ਡੈਲਟਾ ਨਿਵਾਸੀਆਂ ਦੀ ਤਕਲੀਫ ਨੂੰ ਮੁਖ ਰੱਖਦਿਆਂ 10 ਦਸੰਬਰ ਤੋਂ ਪੰਜਾਬੀ ਮਾਰਕਿਟ ਸਰੀ-ਡੈਲਟਾ ਵਿਚ ਵੀ ਇਕ ਹੋਰ ਸਟੋਰ ਖੋਲ੍ਹ ਦਿੱਤਾ ਹੈ। ਮਾਨ ਮਿਊਜ਼ਕ ਦੀ ਸਭ ਤੋਂ ਵੱਡੀ ਖੂਬੀ ਉਨ੍ਹਾਂ ਦੀਆਂ ਵੀਡੀਓ ਮੂਵੀਆਂ ਦੇ ਵਧੀਆ ਪ੍ਰਿੰਟ ਹਨ — ਇਸੇ ਕਾਰਨ ਉਹ ਵੈਨਕੂਵਰ ਵਿਚ ਬਹੁਤ ਮਕਬੂਲ ਹੋਏ ਹਨ। ਦੂਜੀ ਵੱਡੀ ਗੱਲ ਉਨ੍ਹਾਂ ਦੀ ਟੇਪਾਂ ਦੀ ਚੋਣ ਦੀ ਹੈ। ਗੁਰਪਾਲ ਮਾਨ ਨੂੰ ਆਪ ਸੰਗੀਤ ਦੀ ਸਮਝ ਹੋਣ ਕਾਰਨ ਉਸਦੀ ਗੀਤਾਂ ਦੀ ਚੋਣ ਉਸਦੇ ਰੇਡੀਓ ਪ੍ਰੋਗਰਾਮ 'ਸੰਗੀਤ ਸੰਸਾਰ' ਤੋਂ ਵੀ ਆਮ ਲੋਕਾਂ ਨੂੰ ਸਪੱਸ਼ਟ ਪਤਾ ਲਗਦੀ ਹੈ। ਇਸੇ ਕਾਰਨ ਉਨ੍ਹਾਂ ਦੀਆਂ ਟੇਪਾਂ ਸਾਰੇ ਕੈਨੇਡਾ ਵਿਚ ਮਸ਼ਹੂਰ ਹਨ।

ਮਾਨ ਮਿਊਜ਼ਕ ਹੁਣ ਮੁਕੰਮਲ ਸੰਗੀਤ ਦਾ ਸਟੋਰ ਬਣ ਗਿਆ ਹੈ ਕਿਉਂਕਿ ਹਰ ਤਰ੍ਹਾਂ ਦੇ ਹਰਮੋਨੀਅਮ, ਤਬਲੇ, ਢੋਲ, ਸਾਰੰਗੀ, ਗੱਲ ਕੀ ਸੰਗੀਤ ਨਾਲ ਸੰਬੰਧਤ ਹਰ ਕਿਸਮ ਦੀ ਵਸਤੂ ਉਨ੍ਹਾਂ ਦੇ ਸਟੋਰਾਂ ਤੋਂ ਪ੍ਰਾਪਤ ਹੁੰਦੀ ਹੈ।

ਹੁਣ ਸੋਨੇ ਤੇ ਸੁਹਾਗੇ ਵਾਲਾ ਕੰਮ ਹੋਰ ਹੋ ਗਿਆ ਹੈ। ਪੰਜਾਬੀ ਪੁਸਤਕਾਂ ਦੀ ਘਾਟ ਹਮੇਸ਼ਾਂ ਹੀ ਉਨ੍ਹਾਂ ਲੋਕਾਂ ਨੂੰ ਰੜਕਦੀ ਰਹੀ ਹੈ ਜਿਨ੍ਹਾਂ ਦਾ ਪੰਜਾਬੀ ਸਾਹਿਤ ਨਾਲ ਮੱਸ ਹੈ। ਹੁਣ ਉਨ੍ਹਾਂ ਨੇ ਪੰਜਾਬੀ ਦੀਆਂ ਹਰ ਕਿਸਮ ਦੀਆਂ ਕਿਤਾਬਾਂ ਮੰਗਾ ਕੇ ਇਹ ਮੰਗ ਵੀ ਪੂਰੀ ਕਰ ਦਿੱਤੀ ਹੈ। ਡਿਕਸ਼ਨਰੀਆਂ ਆਦਿ ਦੀ ਬੜੀ ਲੋੜ ਸੀ ਜੋ ਹੁਣ ਇਹ ਪੂਰੀ ਕਰ ਸਕਦੇ ਹਨ।

"ਕੈਨੇਡਾ ਦਰਪਣ" ਗੁਰਪਾਲ ਮਾਨ ਤੇ ਉਨ੍ਹਾਂ ਦੇ ਛੋਟੇ ਭਰਾ ਲਾਲੀ ਨੂੰ ਪੰਜਾਬੀ ਸੰਗੀਤ ਤੇ ਪੰਜਾਬੀ ਸਾਹਿਤ ਦਾ ਸੁਮੇਲ ਕਰਨ ਉਤੇ ਮੁਬਾਰਕਵਾਦ ਦਿੰਦਾ ਹੈ।

UJJAL DOSANJH
LAWYER
#202—5887 VICTORIA DRIVE,
VANCOUVER, B.C. V5P 3W5

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ


ਹੋਰ ਜਾਣਕਾਰੀ ਲਈ ਫ਼ੋਨ ਕਰੋ :
ਉਜੱਲ ਦੁਸਾਂਝ
PHONE 327-6381

Sutton GROUP

ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ
ਰਾਵਿੰਦਰ ਰਾਮਪੁਰੀ
ਨੂੰ ਫ਼ੋਨ ਕਰੋ
- ਮੌਰਟਗੇਜ ਲੈਣ ਲਈ ਤੁਹਾਨੂੰ ਬੈਂਕ ਕੋਲ ਜਾਣ ਦੀ ਲੋੜ ਨਹੀਂ। ਮੌਰਟਗੇਜ ਦਾ ਬੰਦੋਬਸਤ ਮੌਕੇ ਉਤੇ ਹੀ ਕੀਤਾ ਜਾ ਸਕਦਾ ਹੈ।

Thinking of Selling or Buying
REAL ESTATE?
MARKET IS VERY ACTIVE
REMEMBER:
- THE REAL ESTATE MARKET IS CHANGING
- DON'T UNDERSELL YOUR PROPERTY
- DON'T DELAY. CALL ME FIRST FOR A FREE "UP-TO-DATE" MARKET EVALUATION OF YOUR HOME.

FOR ALL YOUR REAL ESTATE NEEDS
CALL RAV RAMPURI
3010 BOUNDARY ROAD, BURNABY, B.C. V5M 4A1



RAV RAMPURI
OFF. 435-9477
PAGER 686-1160

435-9477
sutton group - excel realty corp.
AN INDEPENDENT MEMBER BROKER
435-9477




ਜਸਬੀਰ ਕੌਰ ਨਰਵਾਲ
B.A. (U.B.C.) A.I

Autoplan

PROTECT YOURSELF WITH
SOLD INSURANCE PROTECTION

- ਘਰਾਂ ਦੀ ਇਨਸ਼ੋਰੈਂਸ
- ਬਿਜ਼ਨਿਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ਼ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

Murrick Insurance Services Ltd.
Narwal Insurance Services Ltd.



ਪ੍ਰਿਤਪਾਲ ਸਿੰਘ ਨਰਵਾਲ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ
ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:
- ਘਰ ਵੇਚਣ ਤੇ ਖ੍ਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ
- ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ
- ਬੱਚੇ ਅਡਾਪਟ (ਗੋਦ ਲੈਣਾ) ਕਰਨਾ


Ph. 325-4744
6415 MAIN ST. (at 48th., Ave.) VANCOUVER, B.C.

ਸਿੱਖ ਪੰਜਾਬ ਨੂੰ 'ਖਾਲਿਸਤਾਨ' ਨਹੀਂ ਬਣਨ ਦੇਣਗੇ — ਖੁਸ਼ਵੰਤ

ਗੁੜਗਾਉਂ — ਪ੍ਰਸਿਧ ਇਤਿਹਾਸਕਾਰ ਅਤੇ ਲੇਖਕ ਸ: ਖੁਸ਼ਵੰਤ ਸਿੰਘ ਨੇ ਇਥੇ ਇਕ ਸਨਮਾਨ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਭਾਰਤੀ ਕੌਮੀ ਧਾਰਾ ਦਾ ਸਿੱਖ ਇਕ ਵਿਸ਼ੇਸ਼ ਅੰਗ ਹਨ, ਇਸ ਲਈ ਸਿੱਖ ਕਦੇ ਵੀ ਪੰਜਾਬ ਨੂੰ 'ਖਾਲਿਸਤਾਨ' ਵਿਚ ਤਬਦੀਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਅਤਿਵਾਦੀ ਬੇਸ਼ਕ ਕਿੰਨਾ ਵੀ ਖੂਨ-ਖਰਾਬਾ ਕਿਉਂ ਨਾ ਕਰਨ, ਸਿੱਖ ਕਦੇ ਵੀ ਦੇਸ਼ ਦੀ ਵੰਡ ਸਵੀਕਾਰ ਨਹੀਂ ਕਰਨਗੇ।

ਚੌ: ਦੇਵੀ ਲਾਲ ਨੂੰ ਸਲਾਹ

ਖੁਸ਼ਵੰਤ ਸਿੰਘ ਨੇ ਹਰਿਆਣਾ ਦੇ ਮੁਖ ਮੰਤਰੀ ਚੌਧਰੀ ਦੇਵੀ ਲਾਲ ਨੂੰ ਕਿਹਾ ਕਿ ਉਨ੍ਹਾਂ ਦੇ ਪੰਜਾਬ ਦੇ ਅਕਾਲੀ ਲੀਡਰਾਂ ਨਾਲ ਸਦਾ ਚੰਗੇ ਸਬੰਧ ਰਹੇ ਹਨ ਅਤੇ ਉਨ੍ਹਾਂ ਨੂੰ ਅਕਾਲੀ ਲੀਡਰਾਂ ਉਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਮੁੱਠੀ-ਭਰ ਅਤਿਵਾਦੀਆਂ ਨੂੰ ਸਿਰ ਨਾ ਚੜ੍ਹਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਮੱਸਿਆ ਦਾ ਹੱਲ ਹਰਿਆਣਾ ਅਤੇ ਪੰਜਾਬ ਦੇ ਲੀਡਰ ਰਲਕੇ ਲੱਭ ਸਕਦੇ ਹਨ।



ਖੁਸ਼ਵੰਤ ਸਿੰਘ ਨੇ ਕਿਹਾ ਕਿ ਚੌ: ਦੇਵੀ ਲਾਲ ਅਕਾਲੀ ਲੀਡਰਾਂ ਨੂੰ ਪੁਛਕੇ ਤਾਂ ਦੇਖਣ ਕਿ ਉਨ੍ਹਾਂ ਨੇ ਸਿੱਖਾਂ ਨੂੰ ਇਕ ਵੱਖਰੀ ਕੌਮ ਕਿਵੇਂ ਬਣਾ ਲਿਆ? ਸ: ਖੁਸ਼ਵੰਤ ਸਿੰਘ ਦਾ ਕਹਿਣਾ ਸੀ ਕਿ ਦਾੜ੍ਹੀ ਅਤੇ ਕੇਸ ਵਧਾਉਣ ਨਾਲ ਕੋਈ ਕੌਮ ਵੱਖਰੀ ਨਹੀਂ ਹੋ ਜਾਂਦੀ। ਪ੍ਰਸਿੱਧ ਪੱਤਰਕਾਰ ਨੇ ਕਿਹਾ ਕਿ ਜਦ ਸਿੱਖ ਫਿਰਕਾ ਉਹੀ ਬੋਲੀ ਬੋਲਦਾ ਹੈ ਤੇ ਉਸ ਹੀ ਕਲਚਰ ਵਿਚ ਰਹਿ ਰਿਹਾ ਹੈ ਤੇ ਉਹ ਹੀ ਤਿਉਹਾਰ ਮਨਾਉਂਦਾ ਹੈ ਜੋ ਹਿੰਦੂ ਮਨਾਉਂਦੇ ਹਨ ਤਾਂ ਉਹ ਵੱਖਰੇ ਕਿਵੇਂ ਹੋ ਗਏ?

ਅਨੰਦਪੁਰ ਦਾ ਮਤਾ

ਸ: ਖੁਸ਼ਵੰਤ ਸਿੰਘ ਨੇ ਕਿਹਾ ਕਿ ਵੱਖਵਾਦ ਦੀ ਜੜ੍ਹ ਤਾਂ ਅਨੰਦਪੁਰ ਦਾ ਮਤਾ ਹੈ ਜਿਸ ਨੂੰ ਅਕਾਲੀ ਸਭ ਕੁਝ ਹੀ ਮੰਨੀ ਬੈਠੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲੀ ਆਨੰਦਪੁਰ ਦੇ ਮਤੇ ਨੂੰ ਤਿਲਾਂਜਲੀ ਦੇਣ ਤਾਂ ਹੀ ਪੰਜਾਬ ਦੀ ਸਮੱਸਿਆ ਹੱਲ ਹੋਵੇਗੀ।

ਗਵਰਨਰ ਰੇਅ ਵਲੋਂ ਚਿਤਾਵਨੀ

ਚੰਡੀਗੜ੍ਹ ਵਿਚ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਦਹਿਸ਼ਤਗਰਦਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਬੇਗੁਨਾਹ ਲੋਕਾਂ ਦੇ ਕਤਲ ਕਰਨੇ ਬੰਦ ਕਰ ਦੇਣ ਨਹੀਂ ਤਾਂ ਹੋਰ ਸਖਤ ਕਦਮ ਉਠਾ ਕੇ ਉਨ੍ਹਾਂ ਨੂੰ ਕੁਚਲ ਦਿੱਤਾ ਜਾਵੇਗਾ। ਸ੍ਰੀ ਰੇਅ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਦਹਿਸ਼ਤਗਰਦੀ ਵਿਰੁਧ ਆਪਣਾ ਝੰਡਾ ਬੁਲੰਦ ਕਰ ਦਿਤਾ ਹੈ।

- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ
- ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

ਮਹਿਬੂਬ ਪਿਰਾਨੀ

ਬੈਰਿਸਟਰ ਤੇ ਸੌਲਿਸਟਰ

ਨੂੰ ਮਿਲੋ

ਫ਼ੋਨ : 874-0204

Beck, Robinson & Co.

700-686 West Broadway Vancouver, B.C. V5X 1G6

BOMBAY SWEETS MANUFACTURER INC.

6556-6560 Main St. (at 49th Ave.) Vancouver, B.C. V5X 3G9

CONTACT: NARESH SHUKLA & BROS.

Tel. (604) 321-1414 or 874-5722

Fax: 322-6090

ਕ੍ਰਿਸਮਸ ਸਪੈਸ਼ਲ ਸੇਲ

Golden Temple Atta

ਗੋਲਡਨ ਟੈਂਪਲ ਆਟਾ

2x10 kg.

$9.99

Limit

ਇਹ ਸੇਲ ਦੋਵਾਂ ਸਟੋਰਾਂ 'ਤੇ ਹੈ ਅਤੇ 1 ਜਨਵਰੀ ਤੱਕ ਚੱਲੇਗੀ

SHOP EASY

47th. & FRASER., VANCOUVER, B.C.

The
Canada Darpan
P.O.BOX 265
SURREY, B.C. V3T 4W8

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਪਬਲਿਸ਼ਰ ਦਾ ਉਹਨਾਂ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੋਕ-ਬਾਣੀ

ਉਲਝੀ ਪੰਜਾਬ ਸਮੱਸਿਆ

ਪਿਛਲੇ ਛੇ ਸਾਲ ਤੋਂ ਉਲਝੀ ਪੰਜਾਬ ਸਮੱਸਿਆ ਨੇ ਭਾਰਤ ਵਿਚ ਹਰ ਫਿਰਕੇ ਦੇ ਲੋਕਾਂ ਅਤੇ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਬੜੀ ਚਿੰਤਾ ਵਿਚ ਪਾਇਆ ਹੈ। ਇਹ ਵਾਦ-ਵਿਵਾਦ ਤਾਂ ਹੁਣ ਇੰਝ ਜਾਪਣ ਲੱਗ ਪਿਆ ਹੈ ਜਿਵੇਂ ਇਹ ਕਿਤੇ ਵੀ ਖਤਮ ਨਹੀਂ ਹੋਵੇਗਾ। ਸਦੀਆਂ ਤੋਂ ਵਸਦੀ ਰਸਦੀ ਪੰਜਾਬੀ ਕਮਿਊਨਿਟੀ ਵਿਚ ਜਿਸ ਤਰ੍ਹਾਂ ਜ਼ਹਿਰ ਦੇ ਬੀਜ ਖੁਦਗਰਜ਼ ਲੀਡਰਸ਼ਿਪ ਨੇ ਬੀਜੇ ਹਨ, ਉਸ ਦੇ ਭਿਆਨਕ ਸਿੱਟੇ ਦੇਸ਼ਵਾਸੀਆਂ ਅਤੇ ਵਿਦੇਸ਼ੀਂ ਵਸਦਹੇ ਭਾਰਤੀਆਂ ਨੇ ਵੀ ਦੇਖ ਲਏ ਹਨ। ਆਖਰ ਇਸ ਕਤਲੇਆਮ ਦਾ ਕੋਈ ਅੰਤ ਹੋਣਾ ਜ਼ਰੂਰੀ ਹੈ। ਦਹਿਸ਼ਤਗਰਦੀ ਦੀ ਉਮਰ ਕਦੇ ਵੀ ਬਹੁਤੀ ਲੰਮੀ ਨਹੀਂ ਹੁੰਦੀ — ਚਾਹੇ ਇਹ ਸਟੇਟ ਵਲੋਂ ਦਹਿਸ਼ਤਗਰਦੀ ਹੋਵੇ ਚਾਹੇ ਜ਼ਾਤੀ ਦਹਿਸ਼ਤਵਾਦ ਹੋਵੇ। ਇਸ ਲਈ 1988 ਦੇ ਅੰਤ ਉਤੇ ਇਹ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਨਵਾਂ ਸਾਲ ਪੰਜਾਬ ਲਈ ਸੁੱਖ ਦਾ ਸੁਨੇਹਾ ਲੈ ਕੇ ਆਵੇਗਾ ਤਾਂਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਸੁੱਖ ਦਾ ਸਾਹ ਲੈ ਸਕਣ !

ਪਾਕਿ-ਚੀਨ-ਭਾਰਤ ਦੋਸਤੀ !

ਭਾਰਤ ਦੇ ਪ੍ਰਧਾਨ ਮੰਤਰੀ ਦੇ ਚੀਨ ਦੇ ਦੌਰੇ ਸਮੇਂ ਵਿਸ਼ੇਸ਼ ਮੁਲਾਕਾਤਾਂ ਤੋਂ ਇਹ ਆਸਾਰ ਮਿਲਦੇ ਹਨ ਕਿ ਚੀਨ ਅਤੇ ਭਾਰਤ ਵਿਚਕਾਰ ਮੁੜ ਦੋਸਤਾਨਾ ਸੰਬੰਧ ਕਾਇਮ ਹੋ ਗਏ ਹਨ। ਸ੍ਰੀ ਗਾਂਧੀ ਨੇ ਬੀਜਿੰਗ ਦੀ ਕੁਆਨ ਯੂਨੀਵਰਸਿਟੀ ਵਿਚ ਇਸ ਗੱਲ ਦਾ ਇਸ਼ਾਰਾ ਕੀਤਾ ਹੈ ਕਿ ਪਾਕਿਸਤਾਨ ਵਿਚ ਜਮਹੂਰੀਅਤ ਦੀ ਬਹਾਲੀ ਨਾਲ ਇਸ ਖਿੱਤੇ ਦਾ ਵਾਤਾਵਰਣ ਤਬਦੀਲ ਹੋਣਾ ਸ਼ੁਰੂ ਹੋ ਗਿਆ ਹੈ। ਭਾਰਤ ਦੇ ਚੀਨ ਨਾਲ ਵਪਾਰਕ ਸਮਝੌਤਿਆਂ ਨੇ ਸਰਹੱਦੀ ਝਗੜੇ ਨੂੰ ਹੱਲ ਕਰਨ ਦੇ ਆਸਾਰ ਵੀ ਨਜ਼ਰ ਆ ਰਹੇ ਹਨ।

29 ਦਸੰਬਰ ਨੂੰ ਬੇਨਜ਼ੀਰ ਤੇ ਰਾਜੀਵ ਦੀ ਮੁਲਾਕਾਤ ਪਾਕਿ-ਭਾਰਤ ਵਿਚਕਾਰ ਵੀ ਚੰਗੇ ਸੰਬੰਧਾਂ ਦੀ ਪੇਸ਼ੀਨ ਗੋਈ ਹੈ। ਬੇਨਜ਼ੀਰ ਦੇ ਬਿਆਨਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਕੋਈ ਸਹਾਇਤਾ ਦਿਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਭਾਰਤ-ਚੀਨ-ਪਾਕਿ ਦੇ ਚੰਗੇ ਸੰਬੰਧਾਂ ਤਿੰਨਾਂ ਦੇਸ਼ਾਂ ਅਤੇ ਖਾਸਕਰ ਉਸ ਖਿੱਤੇ ਦੀ ਆਪਸੀ ਭਾਈਚਾਰਕ ਏਕਤਾ ਨੂੰ ਪੱਕੇ ਕਰਨ ਵਿਚ ਮੱਦਦ ਕਰ ਸਕਦੇ ਹਨ !

ਸ਼ਾਲਾ ! ਨਵਾਂ ਵਰ੍ਹਾ ਸਾਰਿਆਂ ਲਈ ਖੁਸ਼ੀਆਂ ਦਾ ਸੰਦੇਸ਼ ਲੈ ਕੇ ਆਵੇ !

ਨਵਾਂ ਸਾਲ ਮੁਬਾਰਕ!

ਸ੍ਰੀਮਾਨ ਸੰਪਾਦਕ ਜੀ,

ਨਾਵਲ ਮਲੂਕਾ ਦੇ ਲੇਖਕ ਤੇ ਵਿਦਵਾਨ ਬਜ਼ੁਰਗ ਡਾਕਟਰ ਸਾਧੂ ਸਿੰਘ ਧਾਮੀ ਆਪਣੀ ਕੈਨੇਡਾ ਫੇਰੀ ਪੂਰੀ ਕਰਕੇ ਠੀਕ ਠਾਕ ਵਾਪਸ ਜੇਨੇਵਾ ਚਲੇ ਗਏ ਹਨ। ਜਿਵੇਂ ਕਿ ਆਪ ਨੂੰ ਪਤਾ ਹੈ, ਉਹ ਤਿੰਨ ਚਾਰ ਦਿਨ ਟਰਾਂਟੋ ਰੁਕਣ ਬਾਅਦ 29 ਸਤੰਬਰ ਨੂੰ ਵੈਨਕੂਵਰ ਪਹੁੰਚੇ ਸਨ। ਥੋੜ੍ਹੇ ਸਮੇਂ ਵਿਚ ਵੀ ਉਹਨਾਂ ਕਿੰਨੀਆਂ ਹੀ ਮੀਟਿੰਗਾਂ ਅਤੇ ਫੰਕਸ਼ਨਾਂ ਵਿਚ ਭਾਗ ਲਿਆ ਅਤੇ ਨਿਜੀ ਤੌਰ 'ਤੇ ਵੀ ਕਿੰਨੇ ਹੀ ਆਪਣੇ ਸਜਣਾਂ ਪ੍ਰੇਮੀਆਂ ਨੂੰ ਮਿਲੇ। ਕਿੰਨੇ ਹੀ ਲੋਕ ਜੋ ਉਹਨਾਂ ਨੂੰ ਮਿਲਣਾ ਚਾਹੁੰਦੇ ਸਨ ਸਮੇਂ ਦੀ ਘਾਟ ਕਰਕੇ ਮਿਲ ਨਹੀਂ ਸਕੇ।

ਉਹਨਾਂ ਦੀ ਫੇਰੀ ਨਾਲ ਸਾਡੇ ਖਿਆਲ ਵਿਚ ਕੈਨੇਡਾ ਦੀ ਭਾਰਤੀ ਕਮਿਊਨਿਟੀ ਨੂੰ ਬੇਹੱਦ ਫਾਇਦਾ ਹੋਇਆ ਹੈ। ਖਾਸ ਕਰ ਇਥੋਂ ਦੀ ਨਵੀਂ ਪੀੜ੍ਹੀ ਨੂੰ ਉਹਨਾਂ ਦੇ ਆਉਣ ਨਾਲ ਅਤੇ ਨਾਵਲ ਮਲੂਕੇ ਬਾਰੇ ਜਾਣਕਾਰੀ ਹਾਸਲ ਕਰਕੇ ਕਾਫੀ ਖੁਸ਼ੀ ਹੋਈ ਹੈ, ਜਿਹੜੀ ਉਹਨਾਂ ਸਮੇਂ ਸਮੇਂ ਸੱਥ ਦੇ ਮੈਂਬਰਾਂ ਨਾਲ ਸਾਂਝੀ ਵੀ ਕੀਤੀ ਹੈ। ਸਾਨੂੰ ਇਹ ਕੰਮ ਕਰਕੇ ਬਹੁਤ ਹੀ ਖੁਸ਼ੀ ਹੋਈ ਹੈ। ਅਤੇ ਇਸ ਗੱਲ ਦਾ ਮਾਣ ਵੀ ਹੋਇਆ ਹੈ ਕਿ ਕੈਨੇਡਾ ਵਿਚਲੇ ਆਪਣੇ ਵਿਰਸੇ ਵਿਚੋਂ ਕੁਝ ਵਧੀਆ ਅਸੀਂ ਲੋਕਾਂ ਨਾਲ ਸਾਂਝਾ ਕਰਨ ਵਿਚ ਕਾਮਯਾਬ ਹੋਏ ਹਾਂ। ਸਾਡੇ ਖਿਆਲ ਵਿਚ ਇਹੋ ਜਿਹੇ ਹੋਰ ਕੰਮ ਵੀ ਹੋਣੇ ਚਾਹੀਦੇ ਹਨ ਜਿਹਨਾਂ ਨਾਲ ਅਸੀਂ ਆਪਣੇ ਵਿਰਸੇ ਦੀ ਸੰਭਾਲ ਕਰ ਸਕੀਏ।

ਬੇਸ਼ੱਕ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਵੈਨਕੂਵਰ ਸੱਥ ਦੇ ਮੈਂਬਰਾਂ ਨੇ ਵਧ ਚੜ੍ਹ ਕੇ ਕੰਮ ਕੀਤਾ ਹੈ ਪਰ ਇਸ ਦੀ ਕਾਮਯਾਬੀ ਦਾ ਅਸਲੀ 'ਕਰੈਡਿਟ' ਤੁਹਾਨੂੰ ਸਭ ਨੂੰ ਮਿਲਣਾ ਚਾਹੀਦਾ ਹੈ ਜਿਹਨਾਂ ਨੇ ਸਾਡੇ 'ਤੇ ਯਕੀਨ ਕੀਤਾ ਅਤੇ ਸਾਡੀ ਹਰ ਤਰ੍ਹਾਂ ਨਾਲ ਹੌਂਸਲਾ ਅਫਜਾਈ ਕੀਤੀ। ਤੁਹਾਡੇ ਵਲੋਂ ਮਿਲੇ ਵਡਮੁਲੇ ਉਤਸ਼ਾਹ, ਕੀਮਤੀ ਸੁਝਾਵਾਂ ਅਤੇ ਖਾਸ ਤੌਰ 'ਤੇ ਆਰਥਿਕ ਮੱਦਦ ਬਿਨ੍ਹਾਂ ਇਹ ਕੰਮ ਸੰਭਵ ਨਹੀਂ ਹੋ ਸਕਦਾ। ਸਾਨੂੰ ਇਸ ਗੱਲ ਦਾ ਬੇਹੱਦ ਮਾਣ ਹੈ ਕਿ ਸਾਡੇ ਕੋਲ ਤੁਹਾਡੇ ਵਰਗੇ ਸੁਹਿਰਦ ਦੋਸਤ ਅਤੇ ਕਦਰਦਾਨ ਹਨ।

ਤੁਹਾਡੇ ਵਲੋਂ ਮਿਲੀ ਮੱਦਦ ਦਾ ਅਸੀਂ ਤਹਿ ਦਿਲੋਂ ਸ਼ੁਕਰੀਆ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਅਗੇ ਤੋਂ ਵੀ ਤੁਸੀਂ ਸਾਡੀ ਇਸੇ ਤਰ੍ਹਾਂ ਹੀ ਮੱਦਦ ਕਰਦੇ ਰਹੋਗੇ।

ਤੁਹਾਡੇ ਸ਼ੁਭਚਿੰਤਕ
ਸਾਧੂ ਬਿਨਿੰਗ, ਸੁਖਵੰਤ ਹੁੰਦਲ।

ਹਰ ਇਕ ਦੀ ਸੋਚਣੀ ਇਕ ਸਮਾਨ ਨਹੀਂ

ਸੰਪਾਦਕ 'ਕੈਨੇਡਾ ਦਰਪਣ'

ਇਕ ਗ਼ਜ਼ਲ ਆਪਜੀ ਦੇ ਪਰਚੇ ਕੈਨੇਡਾ ਦਰਪਣ ਲਈ ਘੱਲ ਰਿਹਾ ਹਾਂ। ਜੇਕਰ ਪਸੰਦ ਹੋਵੇ ਤਾਂ ਛਾਪ ਕੇ ਧੰਨਵਾਦੀ ਬਣਾਉਣਾ।

ਬਾਕੀ ਇਹ ਤਾਂ ਬਹੁਤ ਹੀ ਖੁਸ਼ੀ ਵਾਲੀ ਗੱਲ ਹੈ ਕਿ ਆਪਜੀ ਨੇ 'ਕੈਨੇਡਾ ਦਰਪਣ' ਮੁੜ ਵੀਕਲੀ ਕਰ ਦਿੱਤਾ ਹੈ। ਜਿਸ ਦੀ ਅਤਿਅੰਤ ਲੋੜ ਸੀ। ਦਾਤਾਰ ਮੇਹਰ ਕਰੇ ਕੈਨੇਡਾ ਦਰਪਣ ਦੀ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰੇ। ਤਾਂ ਕਿ ਮਨੁੱਖਤਾ ਦੀ ਅਸਲੀਅਤ ਕੀ ਹੈ ਜਾਣ ਸਕੇ।

ਹਰ ਅਖਬਾਰ ਆਪਣੀ ਆਪਣੀ ਪਾਲਸੀ ਅਨੁਸਾਰ ਠੀਕ ਹੀ ਹੁੰਦਾ ਹੈ। ਹਰ ਇਕ ਦੀ ਸੋਚਣੀ ਇਕ ਸਮਾਨ ਨਹੀਂ ਹੋ ਸਕਦੀ। ਲਗਭਗ ਜਿੰਨੇ ਕੁ ਅਖਬਾਰ ਕੈਲਗਰੀ ਵਿਚ ਆਉਂਦੇ ਹਨ ਜ਼ਰੂਰ ਪੜ੍ਹਦਾ ਹਾਂ ਜਿਵੇਂ ਕਿ ਏਥੇ ਅਖਬਾਰ ਆਉਂਦੇ ਹਨ। ਇਨ੍ਹਾਂ ਸਾਰੇ ਅਖਬਾਰਾਂ ਨੂੰ ਪੜ੍ਹ ਕੇ ਸਚਾਈ ਕੀ ਹੈ ਤੱਤ ਆਪਣੇ ਆਪ ਹੀ ਸਾਹਮਣੇ ਆ ਜਾਂਦਾ ਹੈ। ਕਿਸੇ ਅਖਬਾਰ ਦਾ ਮੈਂ ਵਿਰੋਧ ਨਹੀਂ ਕਰਦਾ ਦਸ ਤੇ ਕੇਵਲ ਇਨਸਾਨ ਹੈ ਤੇ ਇਨਸਾਨੀਅਤ ਦਾ ਪੁਜਾਰੀ ਹੈ ਆਪ ਜੀ ਦਾ ਅਖਬਾਰ "ਸਿੰਘ ਫੂਡ" ਤੇ ਠੀਕ ਸਮੇਂ ਸਿਰ ਪੁਜ ਜਾਂਦਾ ਹੈ ਅਤੇ ਦਾਸ ਨੂੰ ਵੀ ਅਖਬਾਰ ਠੀਕ ਸਮੇਂ ਸਿਰ ਮਿਲ ਜਾਂਦਾ ਹੈ। ਦਾਸ ਆਪ ਜੀ ਦਾ ਅਤੀ ਧੰਨਵਾਦੀ ਹੈ। ਕੈਨੇਡਾ ਦਰਪਣ ਦੇ ਸਾਰੇ ਸਟਾਪ ਨੂੰ ਸਤਿ ਸ੍ਰੀ ਅਕਾਲ।

ਦਾਸ
ਕੰਵਲ ਰਾਮਪੁਰੀ।

.ਗ਼ਜ਼ਲਾਂ ਹਾਜ਼ਰ ਹਨ

ਬਾਬਿਓ !

'ਕੈਨੇਡਾ ਦਰਪਣ' ਲਈ ਕੁਝ ਗ਼ਜ਼ਲਾਂ ਅਤੇ ਇਕ ਤਸਵੀਰ ਹਾਜ਼ਰ ਹੈ।

ਮੈਨੂੰ ਇਧਰ ਆਏ ਨੂੰ ਕੋਈ ਦੋ ਤੋਂ ਵੱਧ ਸਾਲ ਹੋ ਗਏ ਹਨ। ਪਤਾ ਵੀ ਛਾਪ ਦੇਣਾ। ਪਰਚਾ ਪਹੁੰਚ ਰਿਹਾ ਹੈ। ਮੇਰੀ ਵਲੋਂ ਭੇਜੀ ਖਬਰ ਅਤੇ ਗ਼ਜ਼ਲ ਛਾਪਣ ਦਾ ਸ਼ੁਕਰੀਆ !

ਇਕਵਿੰਦਰ ਸਿੰਘ
4730 McConnell Ave.,
Terrace, B.C. V8G 2G8

ਪੇਪਰ ਦੀ ਪਰਵਾਜ਼

ਅਜ਼ੀਜ ਐਡੀਟਰ ਜੀ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਪਿਛਲੀ ਵਾਰ ਮੇਰੀ ਕਵਿਤਾ "ਜਿੰਦੂਆ" ਛਾਪ ਕੇ ਪੇਪਰ ਵਿਚ ਬੜੀ ਮਿਹਰਬਾਨੀ ਕੀਤੀ ਹੈ — ਉਸ ਲਈ ਆਪਦਾ ਬਹੁਤ ਬਹੁਤ ਧੰਨਵਾਦ। ਮੈਂ ਦੁਬਾਰਾ ਉਤਸ਼ਾਹ 'ਚ ਇਕ ਹੋਰ ਕਵਿਤਾ "ਕੈਨੇਡੇ ਦਾ ਹੁਸਨ" ਭੇਜ ਰਿਹਾ ਹਾਂ — ਛਾਪ ਕੇ ਇਕ ਵਾਰ ਫਿਰ ਧੰਨਵਾਦੀ ਬਣਾਉ।

ਤੁਸੀਂ ਕੈਨੇਡਾ ਦਰਪਣ 'ਫਰੀ' ਕਰਕੇ ਆਪਣੀ ਖੁਲ੍ਹ ਦਿਲੀ ਦਲੇਰੀ ਤੇ ਹੌਂਸਲੇ ਵਾਲਾ ਕੰਮ ਕੀਤਾ ਹੈ — ਇਸ ਪੇਪਰ ਦੀ ਪਰਵਾਜ਼ ਹਮੇਸ਼ਾ ਉਚੀ ਰਹੇ — ਇਹੀ ਸਭ ਸਾਡੇ ਪ੍ਰੀਵਾਰ ਦੀ ਤੇ ਮੇਰੀ ਦੁਆ ਹੈ — ਅਗਲੇ ਪਰਚੇ ਦੀ ਉਡੀਕ 'ਚ

ਨਵਾਂ ਸਾਲ ਮੁਬਾਰਕ !

ਸ਼ੁਭ ਇਛਾਵਾਂ ਸਹਿਤ
ਗੁਰਬਚਨ ਸਿੰਘ ਲੱਲੀ।


ਸੰਖੇਪ ਪਰ ਵਿਸ਼ੇਸ਼ :

- ਰਾਜੀਵ ਗਾਂਧੀ ਨੇ ਬੀਜਿੰਗ ਵਿਚ ਗੱਲਬਾਤ ਮੁਕਾ ਲਈ — 81 ਸਾਲਾ ਡਿੰਗ-ਸ਼ਾਓ-ਪਿੰਗ ਨੇ ਦੋਸਤੀ ਦਾ ਹੱਥ ਵਧਾਇਆ — ਏਸ਼ੀਆ ਦੇ ਦੋ ਵੱਡੇ ਦੇਸ਼ਾਂ ਵਿਚਕਾਰ ਮੁੜ ਦੋਸਤੀ ਦੇ ਸੰਬੰਧ ਕਾਇਮ।
- ਬੀਜਿੰਗ ਯੂਨੀਵਰਸਿਟੀ ਵਿਚ ਰਾਜੀਵ ਗਾਂਧੀ ਨੇ ਸਰਹੱਦੀ ਝਗੜੇ ਦਾ ਹੱਲ ਛੇਤੀ ਹੋਣ ਦਾ ਭਰੋਸਾ ਦਿਵਾਇਆ।
- ਪਾਕਿ-ਭਾਰਤ-ਚੀਨ ਵਿਚਕਾਰ ਗਹਿਰੀ ਦੋਸਤੀ ਦੀ ਸੰਭਾਵਨਾ — ਰਾਜੀਵ
- ਪੰਜਾਬ 'ਚ ਹਰਜਿੰਦਰ ਸਿੰਘ ਛਿੰਦਾ ਮਾਰਿਆ ਗਿਆ। ਇਹ ਘਟਨਾ ਗੁਰਦਾਸਪੁਰ 'ਚ ਵਾਪਰੀ। ਉਹ ਖਾਲਿਸਤਾਨ ਕਮਾਂਡੋ ਫੋਰਸ ਦਾ ਸੀ।
- ਗੁਰਵਿੰਦਰ ਸਿੰਘ, ਗੁਲਜ਼ਾਰ ਸਿੰਘ ਬੱਬਰ ਖਾਲਸਾ ਦੇ ਆਗੂ ਫੜੇ ਗਏ।
- ਲੁਧਿਆਣੇ 'ਚ ਇਕ ਦਹਿਸ਼ਤਗਰਦ ਨੇ ਆਤਮ-ਸਮਰਪਣ ਕੀਤਾ

ਸਵਿਟਜ਼ਰਲੈਂਡ ਦੇ ਰਾਜਦੂਤ ਦਾ ਦਿਹਾਂਤ

ਭੁਬਨੇਸ਼ਵਰ — ਇਥੇ ਸਵਿਟਜ਼ਰਲੈਂਡ ਦੇ ਭਾਰਤ ਵਿਚਲੇ ਰਾਜਦੂਤ ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਜਦੋਂ 69 ਸਾਲਾ ਰਾਜਦੂਤ ਆਪਣੀ ਪਤਨੀ ਸਮੇਤ ਇਕ ਇਤਿਹਾਸਕ ਮੰਦਰ ਦੇਖਣ ਜਾ ਰਹੇ ਸਨ।

ਇਹ ਦੌਰਾ ਉਨ੍ਹਾਂ ਨੂੰ ਉਸ ਸਮੇਂ ਪਿਆ ਜਦ ਮਿ: ਜ਼ਾਮ ਮੰਦਰ 'ਚ ਜਾਣ ਲਈ ਪਹਾੜੀ ਚੜ੍ਹ ਰਹੇ ਸਨ।


FASHIONS AND DECORATIONS
ਹੋਲਸੇਲ ਵਰਗੀਆਂ ਕੀਮਤਾਂ ਉਤੇ
ਡੈਕੋਰੇਸ਼ਨ ਅਤੇ ਫੈਸ਼ਨ ਲਈ ਇਹ ਚੀਜ਼ਾਂ ਹੋਰ ਕਿਤੋਂ ਨਹੀਂ ਮਿਲਣਗੀਆਂ
ਵੱਲ ਵੱਖ ਤਰ੍ਹਾਂ ਦੇ ਸਜਾਵਟ ਵਾਲੇ ਟੈਲੀਫ਼ੋਨ, ਬਰਾਸ ਦੀਆਂ ਚੀਜ਼ਾਂ, ਲੈਂਪ, ਟੱਚ-ਲੈਂਪ, ਲੇਡੀਜ਼ ਲਈ ਬਿਲਟਾਂ, ਮੇਕਅਪ ਦਾ ਸਾਮਾਨ
(ਜੋ ਹਰ ਮੌਕੇ ਲਈ ਮਿਲ ਸਕਦੇ ਹਨ)
ਫੈਸ਼ਨ ਅਤੇ ਡੈਕੋਰੇਸ਼ਨ
13279 - 72nd Ave. [Next to J.R. Furinture Place]

Ph. 594-4277


ਗਿਆਨ ਸ਼ਕਤੀ ਹੈ

ਸਾਈਕਿਕ ਰੀਡਰ ਸਾਰਾ
ਆਪਣੀਆਂ ਹਸਤ-ਰੇਖਾਵਾਂ ਤੋਂ ਜ਼ਿੰਦਗੀ, ਪਿਆਰ, ਵਿਆਹ, ਵਪਾਰ, ਸਿਹਤ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ। ਸਾਰਾ ਵਿਛੜਿਆਂ ਨੂੰ ਮੇਲਣ ਤੇ ਮਾੜੀ ਕਿਸਮਤ ਨੂੰ ਚੰਗੇ ਵਿਚ ਬਦਲਣ ਦੇ ਸਮਰੱਥ ਹੈ। ਇਕ ਵਾਰੀ ਜ਼ਰੂਰ ਆਜ਼ਮਾਓ।
ਮੁਲਾਕਾਤ ਲਈ ਸਮਾਂ ਨੀਯਤ ਕਰਨ ਲਈ ਫ਼ੋਨ ਕਰੋ :
Tarot Card and Palm Reader gifted by her ancestors, solves all problems of life. Helps reunite the separated, interpret your dreams, unfold the mystery of past life.
Let me prove to you that my capability is more superior than others you might have consulted with in the past. Guaranteed accuracy.
Call for Appointment:
251-1246 (Vancouver) **$5 OFF WITH AD**

ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਰਿਸ਼ਤੇਦਾਰਾਂ ਨੂੰ ਮਿਲਣ ਦੀ ਆਗਿਆ

ਨਵੀਂ ਦਿੱਲੀ — ਇਥੇ ਫਾਂਸੀ ਦੀ ਸਜ਼ਾ ਖਾ ਚੁਕੇ ਇੰਦਰਾ ਗਾਂਧੀ ਹੱਤਿਆ ਦੇ ਦੋਸ਼ੀਆਂ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਆਗਿਆ ਮਿਲ ਗਈ ਹੈ। ਇਹ ਦੋਵੇਂ ਦੋਸ਼ੀ [illegible]ਾੜ ਜੇਲ੍ਹ ਵਿਚ ਭਾਰੀ ਸੁਰੱਖਿਆ ਹੇਠ ਬੰਦ ਹਨ।

ਜੇਲ੍ਹ ਵਿਚ ਕਿਹਰ ਸਿੰਘ ਨੇ 20 ਮਿੰਟ ਆਪਣੀ ਪਤਨੀ ਜਸਬੀਰ ਕੌਰ ਤੇ ਆਪਣੇ ਪੁੱਤਰ ਰਾਜਿੰਦਰ ਸਿੰਘ ਨਾਲ ਗੱਲਬਾਤ ਕੀਤੀ। ਸਤਵੰਤ ਸਿੰਘ ਨੇ ਆਪਣੇ ਦੋਵਾਂ ਭਰਾਵਾਂ ਨਾਲ ਮੁਲਾਕਾਤ ਕੀਤੀ।

ਪਿਛਲੇ ਮਹੀਨੇ ਤੋਂ ਪਿਛੋਂ ਇਹ ਪਹਿਲਾ ਮੌਕਾ ਸੀ ਕਿ ਉਨ੍ਹਾਂ ਨੇ ਮੰਗਲਵਾਰ ਨੂੰ ਦੋਵਾਂ ਦੋਸ਼ੀਆਂ ਨਾਲ ਇਹ ਮੁਲਾਕਾਤ ਕੀਤੀ।

ਅਤਿੰਦਰਪਾਲ ਸਿੰਘ ਵੀ ਦੋਸ਼ੀ

ਇਸੇ ਦੌਰਾਨ ਕਿਹਰ ਸਿੰਘ ਦੇ ਵਕੀਲ ਜੇਠਮਲਾਨੀ ਨੇ ਕਿਹਾ ਕਿ ਜੇਕਰ ਰਾਸ਼ਟਰਪਤੀ ਨੇ ਕਿਹਰ ਸਿੰਘ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਨਾ ਬਦਲਿਆ ਤਾਂ ਇਕ ਹੋਰ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਜਾਵੇਗੀ ਕਿ ਅਤਿੰਦਰਪਾਲ ਸਿੰਘ ਦੇ ਬਿਆਨ ਕੋਰਟ ਵਿਚ ਲਏ ਜਾਣ। ਪੁਲਸ ਨੂੰ ਇਕਬਾਲੀਆ ਬਿਆਨਾਂ ਵਿਚ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਖੀ ਅਤਿੰਦਰਪਾਲ ਸਿੰਘ ਨੇ ਮੰਨਿਆ ਹੈ ਕਿ ਇੰਦਰਾ ਗਾਂਧੀ ਕਤਲ ਦੀ ਸਾਜ਼ਿਸ਼ ਵਿਚ ਉਹ ਵੀ ਸ਼ਾਮਲ ਸੀ।

ਜਾਪਦਾ ਹੈ ਕਿ ਇਹ ਮਸਲਾ ਅਜੇ ਹੋਰ ਵੀ ਲਟਕੇਗਾ।

ਨਵੀਂ ਦਿੱਲੀ — 16 ਦਸੰਬਰ ਨੂੰ ਸੁਪਰੀਮ ਕੋਰਟ ਦੇ ਸੰਵਿਧਾਨਕ ਵਿੰਗ ਦੇ ਜੱਜਾਂ ਨੇ ਜੇਠਮਲਾਨੀ ਦੀ ਜਿਰਾਹ ਸੁਣਨ ਤੋਂ ਪਿਛੋਂ ਫੈਸਲਾ ਦਿੱਤਾ ਕਿ ਇੰਦਰਾ ਗਾਂਧੀ ਹੱਤਿਆ ਦੀ ਸਾਜ਼ਿਸ਼ ਵਿਚ ਸ਼ਾਮਲ ਕਿਹਰ ਸਿੰਘ ਦੀ ਫਾਂਸੀ ਦੀ ਸਜ਼ਾ ਲਈ ਰਹਿਮ ਦੀ ਅਪੀਲ ਨੂੰ ਰਾਸ਼ਟਰਪਤੀ ਵੈਂਕਟਰਮਨ ਨੇ ਠੀਕ ਢੰਗ ਨਾਲ ਰੱਦ ਨਹੀਂ ਕੀਤਾ।

ਇੰਦਰਾ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਖਾ ਚੁਕੇ ਕਿਹਰ ਸਿੰਘ ਨੇ ਰਾਸ਼ਟਰਪਤੀ ਨੂੰ ਰਹਿਮ ਦੀ ਅਪੀਲ ਕੀਤੀ ਸੀ ਪਰ ਰਾਸ਼ਟਰਪਤੀ ਨੇ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਜਦ ਫਾਂਸੀ ਦੀ ਸਜ਼ਾ ਬਹਾਲ ਰੱਖੀ ਹੈ ਤਾਂ ਉਹ ਪਟੀਸ਼ਨ ਕਿਵੇਂ ਮੰਨ ਸਕਦੇ ਹਨ। ਜੱਜਾਂ ਨੇ ਆਦੇਸ਼ ਦਿੱਤਾ ਕਿ ਪਟੀਸ਼ਨ ਨੂੰ ਰੱਦ ਕਰਨ ਦਾ ਇਹ ਆਧਾਰ ਠੀਕ ਨਹੀਂ। ਇਸ ਲਈ ਦੁਬਾਰਾ ਸੁਣਵਾਈ ਹੋਵੇ।

ਸੰਵਿਧਾਨ ਦੀ ਧਾਰਾ 72 ਅਨੁਸਾਰ ਰਾਸ਼ਟਰਪਤੀ ਫਾਂਸੀ ਦੀ ਸਜ਼ਾ ਖਾ ਚੁਕੇ ਦੋਸ਼ੀਆਂ ਦੀ ਰਹਿਮ ਦੀ ਅਪੀਲ ਸੁਣ ਸਕਦੇ ਹਨ।

ਸਤਵੰਤ ਦੀ ਫਾਂਸੀ ਬਰਕਰਾਰ

ਇੰਦਰਾ ਗਾਂਧੀ ਕਤਲ 'ਚ ਸ਼ਾਮਲ ਸਤਵੰਤ ਸਿੰਘ ਦੀ ਪਟੀਸ਼ਨ ਨੂੰ ਸਟੇਅ ਆਰਡਰ ਨਹੀਂ ਮਿਲਿਆ। ਪਰ ਖਬਰਾਂ ਅਨੁਸਾਰ ਜਾਪਦਾ ਹੈ ਕਿ ਇਕੱਲੇ ਸਤਵੰਤ ਸਿੰਘ ਨੂੰ ਫਾਂਸੀ ਨਹੀਂ ਦਿੱਤੀ ਜਾਵੇਗੀ। ਸਗੋਂ ਕਿਹਰ ਸਿੰਘ ਦੀ ਰਾਸ਼ਟਰਪਤੀ ਕੋਲ ਦੁਬਾਰਾ ਕੀਤੀ ਰਹਿਮ ਦੀ ਅਪੀਲ ਦਾ ਫੈਸਲਾ ਹੋਣ ਉਤੇ ਹੀ ਇਹ ਫਾਂਸੀ ਦਿੱਤੀ ਜਾਵੇਗੀ।

ਸੁਪਰੀਮ ਕੋਰਟ ਦੇ ਬੈਂਚ ਨੇ ਜੋ ਕਿਹਰ ਸਿੰਘ ਬਾਰੇ ਫੈਸਲਾ ਦਿੱਤਾ ਉਸ ਦੇ ਚੇਅਰਮੈਨ ਜਸਟਿਸ ਆਰ ਐਸ ਪਾਠਕ ਸਨ।

ਕਿਹਰ ਸਿੰਘ ਦੇ ਬੇਟੇ ਰਾਜਿੰਦਰ ਸਿੰਘ ਨੇ ਰਾਸ਼ਟਰਪਤੀ ਨੂੰ ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਅਪੀਲ ਕੀਤੀ ਕਿ ਰਾਸ਼ਟਰਪਤੀ ਇਸ ਅਪੀਲ ਨੂੰ ਮਨਜ਼ੂਰ ਕਰਨਗੇ ਤੇ ਇਸਦੇ ਸਾਰੇ ਪਹਿਲੂਆਂ ਉਤੇ ਵਿਚਾਰ ਕਰਨਗੇ। ਉਹਨੇ ਆਸ ਜ਼ਾਹਿਰ ਕੀਤੀ ਕਿ ਕਿਹਰ ਸਿੰਘ ਨੂੰ ਬਲਬੀਰ ਸਿੰਘ ਵਾਂਗ ਰਿਹਾ ਕਰ ਦਿੱਤਾ ਜਾਵੇਗਾ।

ਪਾਠਕਾਂ ਲਈ ਸੂਚਨਾ

'ਕੈਨੇਡਾ ਦਰਪਣ' ਦੇ ਪਾਠਕਾਂ ਲਈ ਇਹ ਸੂਚਨਾ ਹੈ ਕਿ ਨਵੇਂ ਸਾਲ 1989 ਤੋਂ ਪਰਚੇ ਦੀ ਕਾਪੀ ਕੀਮਤ **50¢** ਹੋਵੇਗੀ ਤਾਂ ਕਿ ਇਸ ਦੀ ਨੁਹਾਰ ਨੂੰ ਹੋਰ ਵੀ ਵਧੀਆ ਬਣਾਇਆ ਜਾ ਸਕੇ। ਇਹ ਰੇਟ ਲੋਅਰ ਮੇਨਲੈਂਡ ਵਿਚ ਹੋਵੇਗਾ।

ਲੋਅਰ ਮੇਨਲੈਂਡ ਤੋਂ ਬਾਹਰ ਪਰਚੇ ਦੀ ਕੀਮਤ ਫੀ ਕਾਪੀ **75¢** ਹੋਵੇਗੀ।

ਸਾਲਾਨਾ ਚੰਦਾ ਡਾਕ ਰਾਹੀਂ 30 ਡਾਲਰ ਹੀ ਰਹੇਗਾ।

— ਮੈਨੇਜਰ "ਕੈਨੇਡਾ ਦਰਪਣ" ਸਪਤਾਹਿਕ

Parveen's Accounting

- ਅਕਾਊਂਟਿੰਗ
- ਕੰਪਿਊਟਰਾਈਜ਼ਡ ਪੇ ਰੋਲ
- ਇਨਕਮ ਟੈਕਸ
- ਕੰਪਨੀਆਂ ਦੀ ਰਜਿਸਟਰੇਸ਼ਨ

ਸਾਰਾ ਸਾਲ ਸੇਵਾਵਾਂ

ਨਵਾਂ ਸਾਲ ਮੁਬਾਰਕ !

Two Locations:

7277 - Fraser St., VANCOUVER, B.C.
Ph. 324-1191

#3 - 11945, 95 A Ave., DELTA, B.C.
Ph. 583-3420

BOMBAY SWEETS MANUFACTURER INC.
6556-6560 Main St. (at 49th Ave.) Vancouver, B.C. V5X 3G9
CONTACT: NARESH SHUKLA & BROS.
Tel. (604) 321-1414 or 874-5722
Fax: 322-6090

ਨਵਾਬ ਚਾਹਪੱਤੀ
NABOB TEA

$2.89



120 Packt. **Limit**

ਇਹ ਸੇਲ ਦੋਵਾਂ ਸਟੋਰਾਂ 'ਤੇ ਹੈ ਅਤੇ 1 ਜਨਵਰੀ ਤੱਕ ਚੱਲੇਗੀ

SHOP EASY

47th. & FRASER., VANCOUVER, B.C.

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!

ਸਰੀ-ਡੈਲਟਾ ਦੀ ਪੰਜਾਬੀ ਮਾਰਕਿਟ ਵਿਚ ਮਾਨ ਮਿਊਜ਼ਿਕ ਦਾ ਦੂਜਾ ਸਟੋਰ ਖੁੱਲ੍ਹ ਗਿਆ!

MANN MUSIC VIDEO & PHOTO STUDIO

6512 MAIN ST.
VANCOUVER, B.C. V5X 3G9
(604)321-6667
(TUESDAY CLOSED)

102-9380 SCOTT ROAD
SURREY, B.C. V3V 4B9
(604)581-1245
(OPEN SEVEN DAYS A WEEK)

SEASON'S GREETINGS!

ਪੁਸਤਕਾਂ ਦਾ ਭੰਡਾਰ

ਪੰਜਾਬੀ ਦੀਆਂ ਹਰ ਕਿਸਮ ਦੀਆਂ ਕਿਤਾਬਾਂ ਤੇ ਡਿਕਸ਼ਨਰੀਆਂ ਸਾਡੇ ਕੋਲੋਂ ਮਿਲਦੀਆਂ ਹਨ

ਜਸਵੰਤ ਕੰਵਲ ਦੇ ਨਾਵਲ — ਬੂਟਾ ਸਿੰਘ ਸ਼ਾਦ ਦੇ ਨਾਵਲ — ਸ਼ਿਵ ਬਟਾਲਵੀ ਦੀਆਂ ਕਿਤਾਬਾਂ —

ਗੱਲ ਕੀ ਹਰ ਲੇਖਕ ਦੀ ਕਿਤਾਬ ਮਿਲ ਸਕਦੀ ਹੈ

ਡਿਕਸ਼ਨਰੀਆਂ — ਇੰਗਲਿਸ਼ ਤੋਂ ਪੰਜਾਬੀ, ਪੰਜਾਬੀ ਤੋਂ ਇੰਗਲਿਸ਼

ਗੁਰੂ ਗ੍ਰੰਥ ਸਾਹਿਬ ਦੇ ਸਟੀਕ, (ਚਾਰ ਹਿੱਸਿਆਂ ਜਾਂ ਦੋ ਹਿੱਸਿਆਂ ਵਿਚ), ਦਸਮ ਗ੍ਰੰਥ, ਭਾਈ ਬਾਲੇ ਦੀ ਸਾਖੀ, ਸੰਕਟ ਮੋਚਨ ਗੁਟਕੇ ਤੇ ਪ੍ਰੋ: ਸਾਹਿਬ ਸਿੰਘ ਦਾ ਟੀਕਾ, ਪ੍ਰੋ: ਸਾਹਿਬ ਸਿੰਘ ਦੀਆਂ ਧਾਰਮਿਕ ਕਿਤਾਬਾਂ, ਪ੍ਰਿੰ: ਸਤਿਬੀਰ ਸਿੰਘ, ਸੋਹਣ ਸਿੰਘ ਸੀਤਲ, ਖੁਸ਼ਵੰਤ ਸਿੰਘ, ਡਾ: ਗੋਪਾਲ ਸਿੰਘ, ਡਾ: ਮਨਮੋਹਨ ਸਿੰਘ ਦੇ ਗੁਰੂ ਗ੍ਰੰਥ ਸਾਹਿਬ (ਅੰਗਰੇਜ਼ੀ ਵਿਚ ਅਰਥ), ਬੱਚਿਆਂ ਲਈ ਸਿੱਖ ਸੂਰਬੀਰਾਂ ਦੀਆਂ ਕਿਤਾਬਾਂ (ਅੰਗਰੇਜ਼ੀ ਤੇ ਪੰਜਾਬੀ)

ਪੋਥੀਆਂ ਰੱਖਣ ਲਈ ਰੀਲਾਂ ਵੀ ਮਿਲ ਸਕਦੀਆਂ ਹਨ (ਵੱਖ ਵੱਖ ਸਾਈਜ਼)

ਇੰਡੀਆ, ਇੰਗਲੈਂਡ, ਫੀਜ਼ੀ, ਅਫਰੀਕਾ ਦੀ ਵੀਡੀਓ ਮੂਵੀ ਨੂੰ ਕੈਨੇਡਾ ਦੇ ਸਿਸਟਮ ਤੇ ਜਾਂ ਕੈਨੇਡਾ ਦੀ ਮੂਵੀ ਨੂੰ ਇੰਗਲੈਂਡ, ਇੰਡੀਆ ਜਾਂ ਕਿਸੇ ਹੋਰ ਦੇਸ਼ ਦੇ ਸਿਸਟਮ ਤੇ ਕਨਵਰਟ ਕਰਵਾਓ।

10 ਡਾਲਰ ਘੰਟੇ ਵਿਚ ਡਿਜ਼ੀਟਲ ਮਸ਼ੀਨ ਨਾਲ ਕਲੀਅਰ ਪ੍ਰਿੰਟ ਬਣਵਾਓ।

ਕਈ ਸਟੋਰਾਂ ਵਾਲੇ ਸਾਡੀਆਂ ਟੇਪਾਂ ਦੀਆਂ ਕਾਪੀਆਂ ਕਰਕੇ ਵੇਚਦੇ ਹਨ — ਇਸ ਲਈ ਮਾਨ ਮਿਊਜ਼ਿਕ ਦੀ ਸਟੈਂਪ ਦੇਖਣਾ ਨਾ ਭੁੱਲੋ

ਪੰਜਾਬੀ ਜਾਂ ਹਿੰਦੀ ਗਾਣੇ, ਗਜ਼ਲਾਂ, ਸਿਲੈਕਟਿਡ ਸੌਂਗਜ਼, ਕਵਾਲੀਆਂ, ਸ਼ਬਦ, ਗੁਰਬਾਣੀ, ਭਜਨਾਂ ਦੀ ਸਭ ਤੋਂ ਵੱਡੀ ਸੀਲੈਕਸ਼ਨ ਸਰੀ ਜਾਂ ਵੈਨਕੂਵਰ ਵਿਚ ਤੁਹਾਨੂੰ ਸਿਰਫ ਮਾਨ ਮਿਊਜ਼ਿਕ ਤੋਂ ਮਿਲੇਗੀ

ਆਪਣੀ ਮਨਪਸੰਦ ਦੀਆਂ ਗਾਣਿਆਂ ਦੀਆਂ ਟੇਪਾਂ, ਵੀਡੀਓ ਮੂਵੀ, ਹਰਮੋਨੀਅਮ, ਤਬਲਾ, ਢੋਲਕੀ, ਚਿਮਟਾ, ਤੂੰਬੀ ਲਈ ਦਰਸ਼ਨ ਦਿਓ

ਇੰਡੀਆ ਦੀ ਬਿਜਲੀ ਤੇ ਚੱਲਣ ਵਾਲੀ Rechargable ਬੈਟਰੀਆਂ, ਰੇਡੀਓ, ਟੇਪਾਂ ਜਾਂ ਸੁੰਦਰ ਤੋਹਫ਼ਾ ਦੇਣਾ ਹੈ ਤਾਂ ਜ਼ਰੂਰ ਪਹੁੰਚੋ

ਹੋਰ ਜਾਣਕਾਰੀ ਲਈ ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਹੁਣ 6 ਜਨਵਰੀ ਤੋਂ ਹਰ ਸ਼ੁਕਰਵਾਰ ਨੂੰ ਸ਼ਾਮ ਦੇ 8 ਤੋਂ 9 ਵਜੇ ਤੱਕ ਅਤੇ ਹਰ ਸ਼ਨਿਚਰਵਾਰ ਨੂੰ 5 ਤੋਂ 8.30 ਵਜੇ ਤੱਕ ਸੁਣਨਾ ਨਹੀਂ ਭੁੱਲਣਾ

ਗੁਰਪਾਲ ਮਾਨ (604)321-6667

ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ: 6512 ਮੇਨ ਸਟਰੀਟ, ਵੈਨਕੂਵਰ, ਬੀ. ਸੀ.

MAIL ORDER ACCEPTED

ਪਾਕਿਸਤਾਨ 'ਚ ਜਨਰਲ ਟਿੱਕਾ ਖਾਨ ਪੰਜਾਬ ਦੇ ਗਵਰਨਰ ਨਿਯੁਕਤ

ਇਸਲਾਮਾਬਾਦ — ਪਾਕਿਸਤਾਨ ਪੀਪਲਜ਼ ਪਾਰਟੀ ਦੇ ਜਨਰਲ ਸੈਕਟਰੀ (ਰਿਟਾਇਰਡ) ਟਿੱਕਾ ਖਾਨ ਨੂੰ ਪੰਜਾਬ ਰਾਜ ਦੇ ਨਵੇਂ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮਰਹੂਮ ਜਨਰਲ ਜ਼ਿਆ ਉਲ ਹੱਕ ਵਲੋਂ ਨਿਯੁਕਤ ਕੀਤੇ ਗਏ ਪੰਜਾਬ ਦੇ ਗਵਰਨਰ ਸ੍ਰੀ ਸਜਾਦ ਕੁਰੈਸ਼ੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨੂੰ ਮਿਲ ਕੇ ਆਪਣਾ ਅਸਤੀਫਾ ਦੇ ਦਿੱਤਾ।

ਦਰਅਸਲ ਲਗਦਾ ਇੰਜ ਹੈ ਜਿਵੇਂ ਇਸਲਾਮਿਕ ਡੈਮੋਕਰੇਟਿਕ ਅਲਾਇੰਸ ਨੇ ਅਜੇ ਵੀ ਕੌਮੀ ਰਾਜਨੀਤੀ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਦਾਰੀ ਸਵੀਕਾਰ ਹੀ ਨਾ ਕੀਤੀ ਹੋਵੇ। ਪੰਜਾਬ ਦੇ ਮੁਖ ਮੰਤਰੀ ਅਤੇ ਪਾਕਿਸਤਾਨ ਡੈਮੋਕਰੇਟਿਕ ਅਲਾਇੰਸ ਦੇ ਚੇਅਰਮੈਨ ਸ੍ਰੀ ਨਵਾਜ਼ ਸ਼ਰੀਫ ਨੇ ਅਜੇ ਤਕ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨਾਲ ਮੁਲਾਕਾਤ ਹੀ ਨਹੀਂ ਕੀਤੀ।

ਯਾਦ ਰਹੇ ਕਿ ਬੇਨਜ਼ੀਰ ਭੁੱਟੋ ਨੇ ਪਾਕਿਸਤਾਨ ਡੈਮੋਕਰੇਟਿਕ ਅਲਾਇੰਸ ਉਪਰ ਪੰਜਾਬ ਅੰਦਰ ਪੀਪਲਜ਼ ਪਾਰਟੀ ਨੂੰ ਤਾਕਤ ਵਿਚ ਆਉਣ ਤੋਂ ਰੋਕਣ ਲਈ ਵੋਟਾਂ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਗਾਇਆ ਸੀ ਜਿਸ ਦਾ ਨਵਾਜ਼ ਸ਼ਰੀਫ ਵਲੋਂ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਸੀ।

ਉਧਰ ਜਨਰਲ ਟਿੱਕਾ ਖਾਨ ਬੇਸ਼ਕ ਰਾਸ਼ਟਰਪਤੀ ਪਦ ਹਾਸਲ ਕਰਨ ਦੇ ਵੀ ਇੱਛਕ ਸਨ ਪ੍ਰੰਤੂ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸੀਟ 'ਤੇ ਰਾਵਲਪਿੰਡੀ ਨੈਸ਼ਨਲ ਅਸੈਂਬਲੀ ਹਲਕੇ ਤੋਂ ਪਾਕਿਸਤਾਨ ਇਸਲਾਮਿਕ ਅਲਾਇੰਸ ਦੇ ਉਮੀਦਵਾਰ ਹੱਥੋਂ ਚੋਣ ਹਾਰ ਜਾਣ ਕਾਰਨ ਉਨ੍ਹਾਂ ਦਾ ਮਾਮਲਾ ਖਟਾਈ ਵਿਚ ਪੈ ਗਿਆ ਸੀ।

ਜ਼ਿਆ ਦਾ ਜਹਾਜ਼ ਸ਼ੀਆ ਫਿਰਕੇ ਦੇ ਬੰਦਿਆਂ ਨੇ ਡੇਗਿਆ

ਲੰਡਨ : "ਇੰਟਰਵਿਊ" ਨਾਂ ਦੇ ਇਕ ਸਪਤਾਹਿਕ ਪਰਚੇ ਨੇ ਇੰਕਸ਼ਾਫ ਕੀਤਾ ਹੈ ਕਿ ਜਨਰਲ ਜ਼ਿਆ-ਉਲ-ਹੱਕ ਦਾ ਜਹਾਜ਼ ਸ਼ੀਆ ਫਿਰਕੇ ਦੇ ਮੁਸਲਮਾਨਾਂ ਨੇ ਡੇਗਣ ਦਾ ਛੜਯੰਤਰ ਰਚਿਆ। ਇਸ ਛੜਯੰਤਰ ਵਿਚ ਜਹਾਜ਼ ਦੇ ਅਮਲੇ ਦਾ ਇਕ ਸ਼ੀਆ ਅਫ਼ਸਰ ਵੀ ਸ਼ਾਮਲ ਸੀ।

ਭਾਰਤ ਨਾਲ ਦੋਸਤਾਨਾ ਸੰਬੰਧ ਹੋਣਗੇ — ਬੇਨਜ਼ੀਰ

ਖਾਲਿਸਤਾਨੀ ਪਾਕਿਸਤਾਨ 'ਚ ਖਿਸਕਣੇ ਸ਼ੁਰੂ



ਇਸਲਾਮਾਬਾਦ — ਪਾਕਿਸਤਾਨੀ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨੇ ਇਥੇ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਦੋਸਤਾਨਾ ਸਬੰਧ ਬਣਾਉਣ ਦਾ ਇੱਛਕ ਹੈ ਅਤੇ ਉਹ 29 ਦਸੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਗਾਂਧੀ ਨੂੰ ਮਿਲਣ ਲਈ ਤੀਬਰਤਾ ਨਾਲ ਉਡੀਕ ਰਹੀ ਹੈ ਤਾਂਕਿ ਜੋ ਪੇਚੀਦਗੀਆਂ ਪੰਜਾਬ ਸੰਬੰਧੀ ਫੌਜੀ ਰਾਜ ਨੇ ਪੈਦਾ ਕੀਤੀਆਂ ਹਨ ਉਨ੍ਹਾਂ ਨੂੰ ਸੁਲਝਾਇਆ ਜਾ ਸਕੇ।

ਇਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਬੇਨਜ਼ੀਰ ਨੇ ਕਿਹਾ ਕਿ ਪੰਜਾਬ ਦਾ ਮਸਲਾ ਭਾਰਤ ਦਾ ਅੰਦਰੂਨੀ ਮਾਮਲਾ ਹੈ — ਇਸ ਲਈ ਜੋ ਕੁਝ ਵੀ ਪਿਛੇ ਹੋਇਆ ਹੈ ਉਸ ਲਈ ਡਿਕਟੇਟਰਸ਼ਿਪ ਜ਼ਿਮੇਂਵਾਰ ਸੀ। ਉਨ੍ਹਾਂ ਕਿਹਾ ਕਿ ਜਮਹੂਰੀਅਤ ਪਸੰਦ ਮੁਲਕਾਂ ਵਿਚ ਫੈਸਲੇ ਗੋਲੀ ਨਾਲ ਨਹੀਂ ਗੱਲਬਾਤ ਰਾਹੀਂ ਹੱਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਚੋਣ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪਾਕਿਸਤਾਨ ਦੇ ਲੋਕ ਭਾਰਤ ਨਾਲ ਸੰਬੰਧ ਸੁਧਾਰਨ ਦੇ ਇੱਛਕ ਹਨ।

ਖਾਲਿਸਤਾਨੀ ਖਿਸਕਣੇ ਸ਼ੁਰੂ

ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪਾਕਿਸਤਾਨ ਵਿਚ ਸ਼ਰਨ ਲੈ ਰਹੇ ਖਾਲਿਸਤਾਨੀ ਜੋ ਗੁਰਦੁਆਰਿਆਂ ਦੀ ਸ਼ਰਨ ਵਿਚ ਸਨ ਉਹ ਪਾਕਿਸਤਾਨ ਤੋਂ ਖਿਸਕਣੇ ਸ਼ੁਰੂ ਹੋ ਗਏ ਹਨ। ਖਾਲਿਸਤਾਨੀਆਂ ਨੂੰ ਹੁਣ ਪਾਕਿਸਤਾਨ ਦੀ ਹਕੂਮਤ ਦੀ ਸਰਪ੍ਰਸਤੀ ਹਾਸਲ ਨਹੀਂ ਰਹੀ ਤੇ ਫੌਜੀ ਅਫ਼ਸਰ ਵੀ ਉਨ੍ਹਾਂ ਨਾਲ ਮੇਲਜੋਲ ਤੋਂ ਹਿਚਕਚਾਉਂਦੇ ਹਨ।

ਇਥੋਂ ਦੇ ਸੂਤਰਾਂ ਦਾ ਕਹਿਣਾ ਹੈ ਕਿ ਸਾਰਕ ਕਾਨਫਰੰਸ ਹੋਣ ਤੋਂ ਪਿਛੋਂ ਪਾਕਿਸਤਾਨ ਦੇ ਗੁਰਦੁਆਰਿਆਂ 'ਚ ਸ਼ਰਨ ਲੈ ਕੇ ਬੈਠੇ ਖਾਲਿਸਤਾਨੀਆਂ ਦੀ ਜਾਂਚ-ਪੜਤਾਲ ਸ਼ੁਰੂ ਹੋਵੇਗੀ। ਇਨ੍ਹਾਂ ਵਿਚੋਂ ਬਹੁਤੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਤੋਂ ਗਏ ਹੋਏ ਹਨ ਜੋ ਪੰਜਾਬ ਵਿਚਲੇ ਖਾਲਿਸਤਾਨੀਆਂ ਨੂੰ ਗੋਲੀ ਸਿੱਕਾ ਖਰੀਦਕੇ ਮੁਹੱਈਆ ਕਰਦੇ ਹਨ।

ਨਸ਼ੀਲੀਆਂ ਦਵਾਈਆਂ ਵਿਰੁੱਧ ਬਿੱਲ

ਪਾਰਲੀਮੈਂਟ ਦਾ ਸੈਸ਼ਨ ਖਤਮ

ਨਵੀਂ ਦਿੱਲੀ — 16 ਦਸੰਬਰ ਸ਼ੁਕਰਵਾਰ ਨੂੰ ਦੇਸ਼ ਦੀ ਪਾਰਲੀਮੈਂਟ ਦਾ ਸਰਦ-ਰੁੱਤ ਸਮਾਗਮ ਇਥੇ ਖਤਮ ਹੋ ਗਿਆ। ਲੋਕ ਸਭਾ ਨੇ ਆਖਰੀ ਦਿਨ ਇਕ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਕਿ ਨਸ਼ੀਲੀਆਂ ਦਵਾਈਆਂ ਵੇਚਣ ਵਾਲੇ ਨੂੰ ਦੂਜੀ ਵਾਰ ਫੜੇ ਜਾਣ ਉਤੇ ਫਾਂਸੀ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

ਬਿੱਲ ਵਿਚ ਇਹ ਵੀ ਪਾਸ ਕੀਤਾ ਗਿਆ ਹੈ ਕਿ ਪਕੜੇ ਗਏ ਨਸ਼ੀਲੀਆਂ ਦਵਾਈਆਂ ਦੇ ਭੰਡਾਰ, ਮੁਕੱਦਮਾ ਚਲਾਉਣ ਤੋਂ ਪਹਿਲਾਂ ਹੀ ਨਸ਼ਟ ਕਰ ਦਿੱਤੇ ਜਾਣਗੇ। ਨਸ਼ੀਲੀਆਂ ਦਵਾਈਆਂ ਵੇਚਣ ਵਾਲੇ ਦੀ ਜ਼ਮੀਨ, ਜਾਇਦਾਦ ਜ਼ਬਤ ਕੀਤੀ ਜਾਵੇਗੀ, ਇਕ ਰਾਸ਼ਟਰੀ ਬੋਰਡ ਵੀ ਖਤਮ ਕੀਤਾ ਜਾਵੇਗਾ।

ਨਸ਼ੀਲੀਆਂ ਦਵਾਈਆਂ ਖਾਣ ਵਾਲੇ ਲੋਕਾਂ ਦੀ ਗਿਣਤੀ ਭਾਰਤ ਵਿਚ ਡੇਢ ਕਰੋੜ ਹੋ ਚੁਕੀ ਹੈ। ਪਾਰਲੀਮੈਂਟ ਦੇ ਮੈਂਬਰਾਂ ਨੇ ਜ਼ੋਰ ਦਿੱਤਾ ਕਿ ਸਖਤ ਸਜ਼ਾਵਾਂ ਤੋਂ ਬਿਨਾਂ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਨੂੰ ਇਸ ਧੰਦੇ ਤੋਂ ਰੋਕਣਾ ਮੁਸ਼ਕਲ ਹੈ।

ਵੈਨਕੂਵਰ ਵਿਚ ਸਭ ਤੋਂ ਵੱਡਾ ਤੇ ਸਾਫ ਸੁਥਰਾ ਮਠਿਆਈਆਂ ਦਾ ਭੰਡਾਰ

ਬੰਬੇ ਸਵੀਟਸ® ਮੈਨੂਫੈਕਚਰਰ ਇੰਨਕ

ਕ੍ਰਿਸਮਿਸ ਸਪੈਸ਼ਲ ਸੇਲ

ਇਹ ਸੇਲ 1 ਜਨਵਰੀ ਤੱਕ ਚੱਲੇਗੀ

5 ਪੌਂਡ ਰਲੀ ਮਿਲੀ ਮਿਕਸ ਮਠਿਆਈ ਖਰੀਦੋ ਤੇ

2 ਪੌਂਡ ਜਲੇਬੀਆਂ ਮੁਫਤ ਲਓ!

BOMBAY SWEETS MANUFACTURER INC.
6556-6560 Main St. (at 49th Ave.) Vancouver, B.C. V5X 3G9
CONTACT: NARESH SHUKLA & BROS.
Tel. (604) 321-1414 or 874-5722
Fax: 322-6090

FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ



ਸ਼ਾਹਗੀਰ ਗਿੱਲ

6591 Fraser St. (at 50th & Fraser) Vancouver, B.C.

Ph. 327-7455

ਸ਼ਾਹਗੀਰ ਗਿੱਲ ਤੇ ਪ੍ਰਵਾਰ ਵਲੋਂ

ਨਵਾਂ ਸਾਲ ਮੁਬਾਰਕ !

23, 24, 25, 26 ਦਸੰਬਰ ਨੂੰ

ਸਪੈਸ਼ਲ ਕ੍ਰਿਸਮਸ ਸੇਲ

ਦੋ ਪੌਂਡ ਮੱਛੀ ਖਰੀਦੋ — 1 ਪੌਂਡ ਚਿਕਨ ਫ਼ਰੀ

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ ਵਲੋਂ

ਕੇਟਰਿੰਗ

ਕੇਟਰਿੰਗ

ਕੇਟਰਿੰਗ

ਸ਼ੁਰੂ

ਵਿਆਹ ਸ਼ਾਦੀਆਂ, ਹਰ ਕਿਸਮ ਦੀਆਂ ਵੱਡੀਆਂ ਜਾਂ
ਛੋਟੀਆਂ ਪਾਰਟੀਆਂ ਲਈ ਸਾਨੂੰ ਫ਼ੋਨ ਕਰੋ

ਅਸੀਂ ਹਰ ਸਮਾਗਮ ਲਈ ਕੇਟਰਿੰਗ ਕਰਾਂਗੇ

ਵਧੀਆ ਕੁਆਲਟੀ ਦਾ ਖਾਣਾ — ਵਾਜਬ ਰੇਟ

ਸ੍ਰੀਲੰਕਾ 'ਚ ਰਾਸ਼ਟਰਪਤੀ ਚੋਣ

ਪ੍ਰੇਮਦਾਸਾ ਨਵੇਂ ਰਾਸ਼ਟਰਪਤੀ ਬਣੇ

ਕੋਲੰਬੋ — 19 ਦਸੰਬਰ ਨੂੰ ਸ੍ਰੀਲੰਕਾ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਵਿਚ ਰਾਜ ਚਲਾ ਰਹੀ ਪਾਰਟੀ ਦੇ ਉਮੀਦਵਾਰ ਅਤੇ ਪ੍ਰਧਾਨ ਮੰਤਰੀ ਰਣਸਿੰਘੇ ਪ੍ਰੇਮਦਾਸਾ ਨਵੇਂ ਰਾਸ਼ਟਰਪਤੀ ਚੁਣੇ ਗਏ ਹਨ। ਉਨ੍ਹਾਂ ਨੇ ਆਪਣੀ ਵਿਰੋਧੀ ਉਮੀਦਵਾਰ ਸ੍ਰੀਮਤੀ ਭੰਡਾਰਨਾਇਕੇ ਨੂੰ ਦੋ ਲੱਖ ਅੱਸੀ ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ।

ਪਹਿਲੇ ਰਾਸ਼ਟਰਪਤੀ ਸ੍ਰੀ ਜੈਵਰਧਨੇ ਨੇ ਆਪਣੇ ਪਦ ਤੋਂ ਅਸਤੀਫ਼ਾ ਦੇ ਦਿੱਤਾ ਹੈ ਤੇ ਨਵੇਂ ਰਾਸ਼ਟਰਪਤੀ 2 ਜਨਵਰੀ ਨੂੰ ਆਪਣੇ ਅਹੁਦੇ ਦੀ ਸਹੁੰ ਚੁਕਣਗੇ।

ਵੋਟਾਂ ਦੌਰਾਨ ਹਿੰਸਾ

ਸਿਨਹਾਲੀ ਅਤਿਵਾਦੀਆਂ ਵਲੋਂ ਵੋਟਾਂ ਦੌਰਾਨ 34 ਵਿਅਕਤੀ ਮਾਰੇ ਗਏ ਅਤੇ ਵੋਟਿੰਗ ਬੂਥਾਂ ਉਤੇ ਹਮਲੇ ਕੀਤੇ ਗਏ। ਘਰ ਇਸ ਦੇ ਬਾਵਜੂਦ 60 ਪ੍ਰਤੀਸ਼ਤ ਲੋਕਾਂ ਨੇ ਵੋਟਾਂ ਪਾਈਆਂ।

ਟੀ. ਵੀ. ਉਤੇ ਸੰਦੇਸ਼

ਨਵੇਂ ਚੁਣੇ ਗਏ ਰਾਸ਼ਟਰਪਤੀ ਪ੍ਰੇਮਦਾਸਾ ਨੇ ਟੈਲੀਵੀਜ਼ਨ ਉਤੇ ਬੋਲਦਿਆਂ ਕਿਹਾ ਕਿ ਇਹ ਚੋਣ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਵੋਟ ਦੀ ਤਾਕਤ ਗੋਲੀ ਨਾਲੋਂ ਕਿਤੇ ਵਧੇਰੇ ਹੈ। ਸ੍ਰੀ ਪ੍ਰੇਮਦਾਸਾ ਨੇ ਕਿਹਾ ਕਿ ਉਹ ਭਾਰਤੀ ਫੌਜਾਂ ਦੇ ਯੋਗਦਾਨ ਦੀ ਮਹੱਤਤਾ ਨੂੰ ਸਮਝਦੇ ਹਨ। ਹਾਲਾਤ ਠੀਕ ਹੁੰਦਿਆਂ ਹੀ ਭਾਰਤੀ ਸ਼ਾਂਤੀ ਸੈਨਾ ਵਾਪਸ ਭਾਰਤ ਚਲੀ ਜਾਵੇਗੀ।

ਸ੍ਰੀ ਪ੍ਰੇਮਦਾਸਾ ਨੂੰ 50 ਫੀਸਦੀ ਤੋਂ ਵੱਧ ਵੋਟਾਂ ਪ੍ਰਾਪਤ ਹੋਈਆਂ ਜਦਕਿ ਸ੍ਰੀਲੰਕਾ ਫਰੀਡਮ ਪਾਰਟੀ ਦੀ ਸ੍ਰੀਮਤੀ ਭੰਡਾਰਨਾਇਕੇ ਨੂੰ 45 ਫੀਸਦੀ ਵੋਟਾਂ ਪਈਆਂ।

ਜੈਵਰਧਨੇ ਵਲੋਂ ਪਾਰਲੀਮੈਂਟ ਭੰਗ

ਆਪਣਾ ਅਸਤੀਫਾ ਦੇਣ ਤੋਂ ਪਹਿਲਾਂ ਸ੍ਰੀ ਜੈਵਰਧਨੇ ਨੇ ਦੇਸ਼ ਦੀ ਪਾਰਲੀਮੈਂਟ ਭੰਗ ਕਰ ਦਿੱਤੀ ਜਿਸਦੀਆਂ ਚੋਣਾਂ 15 ਫਰਵਰੀ ਨੂੰ ਹੋਣਗੀਆਂ। ਦੇਸ਼ ਵਿਚ ਕਰਫੀਊ ਵੀ ਲਾ ਦਿੱਤਾ ਗਿਆ ਹੈ ਤਾਂਕਿ ਹੋਰ ਹਿੰਸਾ ਨਾ ਭੜਕੇ।

ਲੋਕ ਸਭਾ ਵਿਚ 18 ਸਾਲ ਦੀ ਉਮਰ 'ਚ ਵੋਟ ਪਾਉਣ ਦਾ ਹੱਕ ਸਰਬਸੰਮਤੀ ਨਾਲ ਪਾਸ

ਨਵੀਂ ਦਿੱਲੀ — 15 ਦਸੰਬਰ ਨੂੰ ਲੋਕ ਸਭਾ ਨੇ ਸਰਬਸੰਮਤੀ ਨਾਲ ਇਕ ਬਿੱਲ ਪਾਸ ਕਰ ਦਿੱਤਾ ਜਿਸ ਨਾਲ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ। ਸੰਵਿਧਾਨ ਵਿਚ ਇਸ ਤਬਦੀਲੀ ਨਾਲ 5 ਕਰੋੜ ਨੌਜਵਾਨ 1989 ਦੀਆਂ ਪੰਚਾਇਤਾਂ, ਵਿਧਾਨ ਸਭਾਵਾਂ ਤੇ ਲੋਕ ਸਭਾ ਲਈ ਆਪਣੀ ਵੋਟ ਦਾ ਇਸਤੇਮਾਲ ਕਰ ਸਕਣਗੇ। ਇਹ ਪਹਿਲੀ ਵਾਰ ਹੈ ਕਿ ਸਾਰੀਆਂ ਪਾਰਟੀਆਂ ਵਲੋਂ ਸਰਬਸੰਮਤੀ ਨਾਲ ਲੋਕ ਸਭਾ ਵਿਚ ਕਿਸੇ ਬਿੱਲ ਨੂੰ ਮੁਕੰਮਲ ਹਮਾਇਤ ਹਾਸਲ ਹੋਈ ਹੈ।

ਬਿੱਲ ਦੇ ਪਾਸ ਹੋਣ ਤੋਂ ਪਹਿਲਾਂ ਬੋਲਦਿਆਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਇਹ ਹੱਕ ਦਿੱਤਾ ਜਾਣਾ ਜ਼ਰੂਰੀ ਹੈ ਕਿ ਉਹ ਦੇਸ਼ ਦੇ ਨਿਰਮਾਣ ਵਿਚ ਆਪਣਾ ਸਹੀ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਇਹ ਨਿਰਮਾਣ ਪੰਚਾਇਤਾਂ ਤੋਂ ਸ਼ੁਰੂ ਹੋ ਕੇ ਜ਼ਿਲਾ ਪ੍ਰੀਸ਼ਦਾਂ, ਵਿਧਾਨ ਸਭਾਵਾਂ ਰਾਹੀਂ ਲੋਕ ਸਭਾ ਤੱਕ ਦੀ ਪੱਧਰ ਤੱਕ ਕੀਤਾ ਜਾਣਾ ਚਾਹੀਦਾ ਹੈ।

ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਸੰਸ਼ੋਧਨ ਬਿੱਲ ਦਾ ਤਾੜੀਆਂ ਨਾਲ ਸੁਆਗਤ ਕੀਤਾ ਤੇ ਕਿਹਾ ਕਿ ਇਸ ਫੈਸਲੇ ਨਾਲ ਦੇਸ਼ ਵਿਚ ਇਤਿਹਾਸਕ ਮੋੜ ਆਵੇਗਾ।

ਰਾਜ ਸਭਾ ਨੇ 20 ਦਸੰਬਰ ਨੂੰ ਇਹ ਬਿੱਲ ਪਾਸ ਕਰ ਦਿੱਤਾ। ਹੁਣ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਪਿਛੋਂ ਇਹ ਸੰਵਿਧਾਨਕ ਤਬਦੀਲੀ ਹੋਣ ਕਾਰਨ ਸੂਬਿਆਂ ਦੀਆਂ ਵਿਧਾਨ ਸਭਾਵਾਂ ਨੂੰ ਭੇਜਿਆ ਜਾਵੇਗਾ। ਪਰ ਇਸ ਵਿਚ ਕੋਈ ਅੜਿਚਣ ਆਉਣ ਦੀ ਸੰਭਾਵਨਾ ਨਹੀਂ ਹੈ।

ਸੂਚਨਾ

'ਕੈਨੇਡਾ ਦਰਪਣ' ਦਾ ਅਗਲਾ ਅੰਕ ਜਨਵਰੀ 4, 1989 ਨੂੰ ਮਾਰਕਿਟ ਵਿਚ ਆਵੇਗਾ

ਪੰਜਾਬ ਵਿਚ 9 ਹਲਾਕ

ਚੰਡੀਗੜ੍ਹ — ਪਿਛਲੇ ਦਿਨੀਂ ਪੰਜਾਬ ਵਿਚ ਜਾਰੀ ਹਿੰਸਾ ਵਿਚ ਦੋ ਅਤਿਵਾਦੀਆਂ ਸਮੇਤ 9 ਹੋਰ ਵਿਅਕਤੀ ਹਲਾਕ ਕਰ ਦਿੱਤੇ ਗਏ। ਸੁਰੱਖਿਆ ਸੈਨਕਾਂ ਨੇ 29 ਅਤਿਵਾਦੀ ਗ੍ਰਿਫਤਾਰ ਕੀਤੇ।

ਲਖਵਿੰਦਰ ਉਰਫ ਲੱਖਾ ਮਾਰਿਆ ਗਿਆ

ਅੰਮ੍ਰਿਤਸਰ ਸ਼ਹਿਰ ਵਿਚ ਪੁਲਸ ਅਤੇ ਦਹਿਸ਼ਤਗਰਦਾਂ ਵਿਚਕਾਰ ਇਕ ਮੁਕਾਬਲੇ ਵਿਚ ਖਾਲਿਸਤਾਨ ਕਮਾਂਡੋ ਫੋਰਸ ਦਾ ਏਰੀਆ ਕਮਾਂਡਰ ਲਖਵਿੰਦਰ ਉਰਫ ਲੱਖਾ ਮਾਰਿਆ ਗਿਆ। ਸੁਰੱਖਿਆ ਸੈਨਕਾਂ ਤੇ ਦਹਿਸ਼ਤਗਰਦਾਂ ਵਿਚਕਾਰ ਗੋਲੀ ਇਕ ਘੰਟਾ ਚਲਦੀ ਰਹੀ। ਉਸ ਨੂੰ ਜ਼ਿੰਦਾ ਜਾਂ ਮਰੇ ਫੜੇ ਜਾਣ ਦਾ ਇਨਾਮ 30,000 ਰੁਪਿਆ ਸੀ। ਇਸ ਮੁਕਾਬਲੇ ਵਿਚ ਦੋ ਦਹਿਸ਼ਤਗਰਦ ਭੱਜਣ ਵਿਚ ਸਫਲ ਰਹੇ।

ਪ੍ਰਵਾਰ ਦੇ ਚਾਰ ਜੀਅ ਹਲਾਕ

ਗੈਰ ਕਾਨੂੰਨੀ ਕਰਾਰ ਦਿੱਤੇ ਗਏ ਬੱਬਰ ਖਾਲਸਾ ਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਦਹਿਸ਼ਤਗਰਦਾਂ ਨੇ ਗੁਰਦਾਸਪੁਰ ਜ਼ਿਲੇ ਦੇ ਇਕ ਪਿੰਡ ਬੁਟਰ ਕਲਾਂ ਵਿਚ ਇਕ ਹੀ ਪ੍ਰਵਾਰ ਦੇ ਚਾਰ ਜੀਅ ਹਲਾਕ ਕਰ ਦਿੱਤੇ। ਹਿੰਮਤ ਸਿੰਘ, ਉਸਦੀ ਸਾਲੀ ਜਸਬੀਰ ਕੌਰ, ਦੋ ਬੇਟੇ ਗੁਰਮੀਤ ਸਿੰਘ ਤੇ ਪਿਆਰਾ ਸਿੰਘ ਅਤਿਵਾਦੀ ਗੋਲੀਆਂ ਦਾ ਸ਼ਿਕਾਰ ਹੋਏ।

ਬੱਚੇ ਦੀ ਲਾਸ਼

ਅੰਮ੍ਰਿਤਸਰ ਜ਼ਿਲੇ ਵਿਚ ਵੈਰੋਵਾਲ ਪਿੰਡ ਵਿਚ ਇਕ ਅੱਠ ਸਾਲਾ ਬੱਚੇ ਜਸਬੀਰ ਸਿੰਘ ਦੀ ਗੋਲੀਆਂ ਨਾਲ ਵਿੰਨੀ ਲਾਸ਼ ਪੁਲਸ ਨੂੰ ਪ੍ਰਾਪਤ ਹੋਈ। ਇਹ ਬੱਚਾ ਪਹਿਲੀ ਰਾਤ ਦਹਿਸ਼ਤਗਰਦਾਂ ਨੇ ਘਰੋਂ ਉਠਾ ਲਿਆ ਸੀ।

ਲੁਧਿਆਣਾ ਸ਼ਹਿਰ ਵਿਚ ਇਕ ਹੋਰ ਅਤਿਵਾਦੀ ਦੀ ਲਾਸ਼ ਮਿਲੀ।

ਕਾਂਗਰਸੀ ਮੰਗਲ ਸਿੰਘ ਹਲਾਕ

ਜ਼ਿਲਾ ਅੰਮ੍ਰਿਤਸਰ ਵਿਚ ਖੰਡੂਰ ਸਾਹਿਬ ਕਸਬੇ ਵਿਚ ਇਕ ਕਾਂਗਰਸੀ ਮੰਗਲ ਸਿੰਘ ਨੂੰ ਪਿੰਡ ਹੀ ਗੋਲੀ ਮਾਰ ਦਿੱਤੀ ਗਈ। ਉਹ ਇੰਦਰਾ ਕਾਂਗਰਸ ਨਾਲ ਸੰਬੰਧਤ ਸੀ। ਹਮਲਾ ਉਸਦੇ ਘਰ ਵਿਚ ਹੀ ਕੀਤਾ ਗਿਆ।

ਪੁਲਸ ਹਵਾਲਦਾਰ ਗ੍ਰਿਫਤਾਰ

ਮੋਗਾ ਵਿਚ ਇਕ ਪੁਲਸ ਦਾ ਹਵਾਲਦਾਰ ਅਤਿਵਾਦੀਆਂ ਨੂੰ ਸ਼ਰਨ ਦੇਣ ਵਿਚ ਗ੍ਰਿਫਤਾਰ ਕਰ ਲਿਆ ਗਿਆ। ਉਹ ਪੰਜਾਬ ਪੁਲਸ ਦਾ ਕਰਮਚਾਰੀ ਸੀ।

BOMBAY SWEETS MANUFACTURER INC.
6556-6560 Main St. (at 49th Ave.) Vancouver, B.C. V5X 3G9
CONTACT: NARESH SHUKLA & BROS.
Tel. (604) 321-1414 or 874-5722
Fax: 322-6090

Liberty Vegetable Oil
ਲਿਬਰਟੀ ਵੈਜੀਟੇਬਲ ਤੇਲ
$14.99
Limit
16 Lit.

SHOP EASY
47th. & FRASER., VANCOUVER, B.C.
ਇਹ ਸੇਲ ਦੋਵਾਂ ਸਟੋਰਾਂ 'ਤੇ ਹੈ ਅਤੇ 1 ਜਨਵਰੀ ਤੱਕ ਚੱਲੇਗੀ

ਬਲੋਚਿਸਤਾਨ ਅਸੈਂਬਲੀ ਭੰਗ

ਪਾਕਿਸਤਾਨ 'ਚ ਬੇਨਜ਼ੀਰ ਦਾ ਇਮਤਿਹਾਨ ਸ਼ੁਰੂ

ਇਸਲਾਮਾਬਾਦ — ਪਾਕਿਸਤਾਨ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨੇ ਬਲੋਚਸਤਾਨ ਦੀ ਸੂਬਾ ਅਸੈਂਬਲੀ ਸਸਪੈਂਡ ਕਰ ਦਿੱਤੀ ਹੈ ਅਤੇ ਮੁੱਖ ਮੰਤਰੀ ਜ਼ਫਰੁਲਾ ਖਾਨ ਜ਼ਿਮਾਨੀ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ ਅਤੇ ਨਵੀਂ ਕੰਮ ਚਲਾਊ ਸਰਕਾਰ ਦੀ ਸਥਾਪਨਾ ਅੱਜ ਕਰ ਦਿੱਤੀ ਜਾਵੇਗੀ।

ਵਿਰੋਧੀ ਦਲਾਂ ਵਲੋਂ ਇਹ ਧਮਕੀ ਦਿੱਤੀ ਗਈ ਹੈ ਕਿ ਉਹ ਦੇਸ਼ ਭਰ ਵਿਚ ਬੇਨਜ਼ੀਰ ਦੇ ਇਸ ਕਦਮ ਵਿਰੁੱਧ ਅੰਦੋਲਨ ਚਲਾਉਣਗੇ।

ਸੂਤਰਾਂ ਦਾ ਕਹਿਣਾ ਹੈ ਕਿ ਬੇਨਜ਼ੀਰ ਦਾ ਪਾਕਿਸਤਾਨੀ ਸਿਆਸਤ ਵਿਚ ਇਹ ਪਹਿਲਾ ਇਮਤਿਹਾਨ ਹੋਵੇਗਾ।

ਰਾਜਦੂਤਾਂ ਦੀਆਂ ਤਬਦੀਲੀਆਂ

ਇਥੇ ਇਹ ਵੀ ਖਬਰ ਹੈ ਕਿ ਬੇਨਜ਼ੀਰ ਭੁੱਟੋ ਪੀਪਲਜ਼ ਪਾਰਟੀ ਦੇ ਕਾਰਕੁਨਾਂ ਨੂੰ ਅਹਿਮ ਦੇਸ਼ਾਂ ਵਿਚ ਰਾਜਦੂਤ ਨੀਯਤ ਕਰੇਗੀ ਅਤੇ ਕਈਆਂ ਦੇਸ਼ਾਂ ਦੇ ਸਫ਼ੀਰਾਂ ਵਿਚ ਤਬਦੀਲੀ ਕੀਤੀ ਜਾਵੇਗੀ। ਇਹ ਤਬਦੀਲੀਆਂ ਜਨਵਰੀ ਵਿਚ ਹੋਣਗੀਆਂ।

ਖਬਰ ਹੈ ਕਿ ਉਨ੍ਹਾਂ ਨੇ ਅਜੇ ਅਮਰੀਕਾ, ਬਰਤਾਨੀਆ, ਚੀਨ ਤੇ ਅਰਬ ਦੇਸ਼ਾਂ 'ਚ ਨੀਯਤ ਪਾਕਿਸਤਾਨੀ ਰਾਜਦੂਤਾਂ ਬਾਰੇ ਜਾਣਕਾਰੀ ਮੰਗੀ ਹੈ ਤੇ ਹੋ ਸਕਦਾ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਪਾਕਿਸਤਾਨੀ ਰਾਜਦੂਤਾਂ ਦੀਆਂ ਤਬਦੀਲੀਆਂ ਕਰ ਦਿੱਤੀਆਂ ਜਾਣ।

ਲੇਖਕਾਂ ਲਈ ਟੀ. ਵੀ. ਰੇਡੀਓ ਖੁਲ੍ਹੇ

ਪਾਕਿਸਤਾਨੀ ਡਿਕਟੇਟਰ ਜ਼ਿਆ ਨੇ ਆਪਣੇ ਗਿਆਰਾਂ ਸਾਲ ਦੀ ਡਿਕਟੇਟਰਸ਼ਿਪ ਦੌਰਾਨ ਲੋਕ-ਪੱਖੀ ਲੇਖਕਾਂ ਉਤੇ ਇਹ ਪਾਬੰਦੀ ਲਾਈ ਹੋਈ ਸੀ ਕਿ ਉਹ ਰੇਡੀਓ ਜਾਂ ਟੀ. ਵੀ. ਉਤੇ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਸਕਦੇ ਪਰ ਨਵੀਂ ਪ੍ਰਧਾਨ ਮੰਤਰੀ ਬੇਨਜ਼ੀਰ ਨੇ ਇਹ ਪਾਬੰਦੀ ਖਤਮ ਕਰ ਦਿੱਤੀ ਹੈ। ਫਖਰ ਜ਼ਮਾਨ ਵਰਗੇ ਪ੍ਰਸਿਧ ਲੇਖਕਾਂ ਨੂੰ ਟੀ. ਵੀ. ਅਤੇ ਰੇਡੀਓ ਪ੍ਰੋਗਰਾਮ ਦੇਣ ਦੀ ਮਨਾਹੀ ਸੀ।

ਗ੍ਰੰਥੀ ਸਣੇ 6 ਹਲਾਕ

ਚੰਡੀਗੜ੍ਹ — 15 ਦਸੰਬਰ ਨੂੰ ਪੰਜਾਬ 'ਚ ਹਿੰਸਾ ਦਾ ਮਾਹੌਲ ਜਾਰੀ ਰਿਹਾ। ਇਕ ਦਹਿਸ਼ਤਗਰਦ, ਇਕ ਗ੍ਰੰਥੀ ਅਤੇ ਚਾਰ ਹੋਰ ਵਿਅਕਤੀ ਹਿੰਸਾ ਦਾ ਸ਼ਿਕਾਰ ਹੋਏ।

ਅਤਿਵਾਦੀਆਂ ਦੇ ਇਕ ਗਰੋਹ ਨੇ ਅੰਮ੍ਰਿਤਸਰ ਵਿਚ ਤਰਨਤਾਰਨ ਦੇ ਇਲਾਕੇ ਵਿਚ ਘਨਸਾਵਾਲਾ ਪਿੰਡ ਵਿਚ ਇਕ ਗ੍ਰੰਥੀ ਨੂੰ ਹਲਾਕ ਕਰ ਦਿੱਤਾ। ਇਹ ਕਤਲ ਗੁਰਦੁਆਰੇ ਵਿਚੋਂ ਗ੍ਰੰਥੀ ਨੂੰ ਘਸੀਟ ਕੇ ਬਾਹਰ ਕੱਢ ਕੇ ਕੀਤਾ ਗਿਆ। ਅਤਿਵਾਦੀਆਂ ਨੇ ਗ੍ਰੰਥੀ ਨੂੰ ਤਾਂ ਗੁਰਦੁਆਰੇ ਤੋਂ ਬਾਹਰ ਲਿਆ ਕਿ ਗੋਲੀ ਮਾਰ ਦਿੱਤੀ ਪਰ ਉਸਦੇ ਲੜਕੇ ਨੂੰ ਛੱਡ ਦਿੱਤਾ। ਪਹਿਲਾਂ ਦੋਵਾਂ ਨੂੰ ਗੁਰਦੁਆਰੇ 'ਚ ਘਸੀਟਿਆ ਗਿਆ।

ਬਟਾਲਾ ਸਦਰ ਦੇ ਇਲਾਕੇ ਵਿਚ ਸਮਰਾਲਾ ਪਿੰਡ ਵਿਚ ਦੋ ਦਹਿਸ਼ਤਗਰਦਾਂ ਨੇ ਰਵੇਲ ਸਿੰਘ ਨਾਂ ਦੇ ਵਿਅਕਤੀ ਦਾ ਕਤਲ ਕਰ ਦਿੱਤਾ ਅਤੇ ਖਾਲਿਸਤਾਨੀ ਕਮਾਂਡੋ ਫੋਰਸ ਦੇ ਦੋ ਦਹਿਸ਼ਤਗਰਦਾਂ ਜਾਗੀਰ ਸਿੰਘ ਤੇ ਸੁਖਵਿੰਦਰ ਸਿੰਘ ਨੇ ਇਸ ਕਤਲ ਦੀ ਜ਼ਿਮੇਂਵਾਰੀ ਆਪਣੇ ਸਿਰ ਲਈ।

ਅੰਮ੍ਰਿਤਸਰ ਜ਼ਿਲੇ ਵਿਚ ਖੰਡੂਰ ਸਾਹਿਬ ਕਸਬੇ ਵਿਚ ਬਲਬੀਰ ਸਿੰਘ ਕਤਲ ਕਰ ਦਿੱਤਾ ਗਿਆ।

ਗਰਜਨ ਸਿੰਘ ਮਾਰਿਆ ਗਿਆ

ਗੁਰਦਾਸਪੁਰ ਵਿਚ ਇਕ ਦਹਿਸ਼ਤਗਰਦ ਗਰਜਨ ਸਿੰਘ ਬਟਾਲਾ — ਸ੍ਰੀ ਹਰੀਗੋਬਿੰਦਪੁਰ ਰੋਡ ਉਤੇ ਇਕ ਨਹਿਰ ਦੇ ਪੁਲ ਉਤੇ ਹੋਏ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ।

● ਮੈਜਿਸਟਰੇਟ ਨੇ ਚੋਰ ਤੋਂ ਪੁਛਿਆ-ਤੂੰ ਏਨੀਆਂ ਚੋਰੀਆਂ ਕੀਤੀਆਂ ਪਰ ਕਿਸੇ ਨੂੰ ਵੀ ਆਪਣਾ ਸਾਥੀ ਨਾ ਬਣਾਇਆ ਕਿਉਂ ?

ਚੋਰ ਨੇ ਜੁਆਬ ਦਿੱਤਾ-ਜਨਾਬ ਤੁਸੀਂ ਜਾਣਦੇ ਹੀ ਹੋ ਇਸ ਜ਼ਮਾਨੇ ਵਿਚ ਈਮਾਨਦਾਰ ਸਾਥੀ ਕਿਥੇ ਮਿਲਦੇ ਹਨ।

SEASON'S GREETINGS!

Surrey Municipal Electors extends its most sincere thanks to its many supporters and especially to its volunteers. We hope that you will have Merry Christmas and that 1989 will bring you all prosperity and happiness.

SURREY MUNICIPAL ELECTORS


ਨਵਾਂ ਸਾਲ ਮੁਬਾਰਕ !

ਸਰੀ ਮਿਊਂਸਪਲ ਈਲੈਕਟਰਜ਼ ਸਾਰੇ ਮੱਦਦ ਕਰਨ ਵਾਲਿਆਂ ਅਤੇ ਵਲੰਟੀਅਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਮਿਊਂਸਪਲ ਚੋਣਾਂ ਵਿਚ ਆਪਣਾ ਅਹਿਮ ਹਿੱਸਾ ਪਾਇਆ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਖੁਸ਼ੀ ਖੁਸ਼ੀ ਕ੍ਰਿਸਮਸ ਮਨਾਓ ਅਤੇ 1989 ਦਾ ਨਵਾਂ ਸਾਲ ਤੁਹਾਡੇ ਲਈ ਖੁਸ਼ੀਆਂ ਭਰਿਆ ਚੜ੍ਹੇ !

ਸਰੀ ਮਿਊਂਸਪਲ ਈਲੈਕਟਰਜ਼

Season's Greetings!


from your Vancouver East



BOB WILLIAMS

NDP

MLAs



GLEN CLARK


ਤੁਹਾਡੇ ਵੈਨਕੂਵਰ ਈਸਟ ਦੇ ਐਨ. ਡੀ. ਪੀ. ਦੇ ਐਮ. ਐਲ. ਏਜ਼ ਵਲੋਂ

ਨਵਾਂ ਸਾਲ ਮੁਬਾਰਕ!

CONSTITUENCY OFFICE:
2649 E. HASTINGS ST., VANCOUVER, B.C. V5K 1Z5
Tel: 253-5522



Emery Barnes



Mike Harcourt

SEASON'S GREETINGS

From
Vancouver Centre
New Democrat MLA's
Emery Barnes &
Mike Harcourt

THE NEW DEMOCRATS

Vancouver Centre New Democrats

ਨਵਾਂ ਸਾਲ ਮੁਬਾਰਕ !

Telephone: 874-8602

749 E. Broadway, Vancouver, B.C., V5T 1X8

ਅਮਰਜੀਤ ਸਿੰਘ ਸੋਹੀ ਨੂੰ ਰਿਹਾ ਕਰੋ

ਅਮਰਜੀਤ ਸਿੰਘ ਸੋਹੀ ਐਡਮਿੰਟਨ (ਕੈਨੇਡਾ) ਦਾ ਰਹਿਣ ਵਾਲਾ ਹੈ। ਉਹ ਐਡਮਿੰਟਨ ਦੀ ਪੰਜਾਬੀ ਲਿਟਰੇਰੀ ਐਸੋ: ਦਾ ਕਨਵੀਨਰ ਰਿਹਾ ਹੈ। ਉਸਨੂੰ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਡੂੰਘਾ ਲਗਾਓ ਹੈ। ਅਤੇ ਉਹ ਇਸ ਖੇਤਰ ਵਿਚ ਹੋਰ ਜਾਨਣ ਦਾ ਖਾਹਿਸ਼ਮੰਦ ਹੈ। ਸਾਹਿਤ ਅਤੇ ਸਭਿਆਚਾਰ ਰਾਹੀਂ ਉਹ ਦੁਨੀਆਂ ਦੇ ਦੱਬੇ ਕੁਚਲੇ ਲੋਕਾਂ ਲਈ ਕੁਝ ਕਰਨਾ ਚਾਹੁੰਦਾ ਹੈ। ਉਸਦੀ ਇਹ ਲਗਨ ਹੀ ਉਸ ਨੂੰ ਪਹਿਲਾਂ ਪੰਜਾਬ ਤੇ ਫਿਰ ਬਿਹਾਰ ਲੈ ਕੇ ਗਈ। ਬਿਹਾਰ, ਜਿਥੇ ਪਿਛਲੇ ਥੋੜ੍ਹੇ ਸਮੇਂ ਵਿਚ ਸਰਕਾਰੀ ਤੇ ਜਾਗੀਰੂ ਦਹਿਸ਼ਤਗਰਦੀ ਨੇ ਖੇਤ-ਮਜ਼ਦੂਰਾਂ ਤੇ ਨੀਵੀਆਂ ਜਾਤੀਆਂ ਉਤੇ ਕਿੰਨੇ ਹੀ ਜ਼ਾਲਮਾਨਾ ਹਮਲੇ ਕੀਤੇ ਹਨ। ਬਿਹਾਰ, ਜਿਸਦੇ ਖੇਤ ਬੰਨੇ ਸੁਲਗਦੇ ਹਨ। ਹਾਂ, ਇਨ੍ਹਾਂ ਸੁਲਘਦੇ ਖੇਤ ਬੰਨ੍ਹਿਆਂ ਨੂੰ ਹੋਰ ਨੇੜੇ ਹੋ ਕੇ ਦੇਖਣ ਦੀ ਚਾਹਨਾ ਲੈ ਕੇ ਹੀ ਅਮਰਜੀਤ ਬਿਹਾਰ ਗਿਆ ਸੀ। ਉਸ ਕੋਲ ਗਲ ਦੇ ਕੱਪੜੇ ਅਤੇ ਕੈਮਰੇ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਪਰ 14 ਤੇ 15 ਨਵੰਬਰ ਦੇ ਵਿਚਾਲੇ ਦੀ ਰਾਤ ਨੂੰ ਬਿਹਾਰ ਪੁਲੀਸ ਨੇ ਉਸਨੂੰ "ਖਾਲਿਸਤਾਨੀ ਦਹਿਸ਼ਤਗਰਦ" ਕਹਿਕੇ ਗ੍ਰਿਫਤਾਰ ਕਰ ਲਿਆ ਅਤੇ ਆਪਣੇ ਕੋਲੋਂ ਹੀ ਉਸ ਉਤੇ ਹਥਿਆਰ ਪਾ ਦਿੱਤੇ। ਅਤੇ ਇਸ ਖਬਰ ਨੂੰ ਸਨਸਨੀਖੇਜ਼ ਤਰੀਕੇ ਨਾਲ ਧੁੰਮਾ ਦਿੱਤਾ।

ਉਸੇ ਦਿਨ ਤੋਂ ਅਮਰਜੀਤ ਸੋਹੀ ਉਪਰ ਅੰਨ੍ਹਾ ਪੁਲਸੀ ਤਸ਼ੱਦਦ ਢਾਹਿਆ ਜਾ ਰਿਹਾ ਹੈ ਅਤੇ ਕਿਸੇ ਵੀ ਰਿਸ਼ਤੇਦਾਰ ਜਾਂ ਦੋਸਤ ਨੂੰ ਉਸ ਨਾਲ ਮੁਲਾਕਾਤ ਨਹੀਂ ਕਰਨ ਦਿਤੀ ਗਈ।

ਅਸੀਂ ਹੋਰ ਜਮਹੂਰੀਅਤ-ਪਸੰਦ ਲੋਕਾਂ ਨਾਲ ਮਿਲਕੇ ਬਿਹਾਰ ਪੁਲੀਸ ਦੀ ਇਸ ਗ਼ੈਰ-ਜਮਹੂਰੀ, ਗੈਰ-ਕਾਨੂੰਨੀ, ਅਣਮਨੁੱਖੀ ਤੇ ਨਾਦਰਸ਼ਾਹੀ ਕਾਰਵਾਈ ਦੀ ਨਿਖੇਧੀ ਕਰਦੇ ਹਾਂ ਅਤੇ ਇਹ ਮੰਗ ਕਰਦੇ ਹਾਂ ਕਿ ਅਮਰਜੀਤ ਸਿੰਘ ਸੋਹੀ ਨੂੰ ਬਿਨਾਂ ਸ਼ਰਤ ਤੁਰੰਤ ਰਿਹਾ ਕੀਤਾ ਜਾਵੇ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ
ਪੰਜਾਬੀ ਸਾਹਿਤ ਤੇ ਸਭਿਆਚਾਰ ਸਭਾ ਵਿੰਨੀਪੈਗ
ਵੈਨਕੂਵਰ ਸੱਥ।

ਸਰੀ ਐਨ. ਡੀ. ਪੀ. ਵਲੋਂ ਵਿਕਟਰੀ ਪਾਰਟੀ

ਇੰਡੋ-ਕੈਨੇਡੀਅਨ ਡਿਨਰ

ਮੁਗਲ ਗਾਰਡਨ ਵੈਨਕੂਵਰ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਗੁਰਬੀਰ ਗਿੱਲ 584-5102
ਪਾਲ ਕਾਹਲੋਂ 588-8564

ਮੈਟਰੀਮੋਨੀਅਲ

ਜੱਟ ਸਿਖ 32 ਸਾਲਾ ਤਲਾਕਸ਼ੁਦਾ ਐਮ. ਏ., ਕੱਦ 5 ਫੁੱਟ 3 ਇੰਚ ਬ੍ਰਿਟਿਸ਼ ਸਬਜੈਕਟ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਜੋ ਕੈਨੇਡਾ ਵਿਚ ਥੋੜ੍ਹੇ ਸਮੇਂ ਲਈ ਸੈਰ ਕਰਨ ਵਾਸਤੇ ਆਈ ਹੈ। ਹੋਰ ਜਾਣਕਾਰੀ ਲਈ ਫ਼ੋਨ ਕਰੋ : (604) 765-1965
ਜਾਂ ਖਤ ਲਿਖੋ :

SS (501)
C/o The Canada Darpan
P.O.BOX 265
SURREY, B.C. V3T 4W8

ਸਕਾਟਸਡੇਲ ਸੁਕੇਅਰ ਫਾਰਮੇਸੀ

ਘੱਟ ਕੀਮਤਾਂ, ਵਾਜਬ ਫੀਸ

- ਜਲਦੀ ਦਿੱਤੀਆਂ ਜਾਣ ਵਾਲੀਆਂ ਪ੍ਰੋਫ਼ੈਸ਼ਨਲ ਸੇਵਾਵਾਂ
- ਮਰੀਜ਼ਾਂ ਨੂੰ ਸਲਾਹ ਮਸ਼ਵਰਾ
- ਸੌਖ ਵਾਲੀ ਜਗ੍ਹਾ
- ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲਬਾਤ

ਫਾਰਮੇਸਿਸਟ : ਕੀਰਤ ਕੁਮਾਰ

590-0419

7166 - 120 St.
SURREY, B.C. V3W 3M8

ਬਰਨਾਲਾ ਦੇ ਮੂਲ- ਵਾਦੀਆਂ ਅੱਗੇ ਝੁਕਣ ਦੀ ਦਿਓਸੀ ਵਲੋਂ ਨੁਕਤਾਚੀਨੀ



ਚੰਡੀਗੜ੍ਹ — ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕੌਂਸਲ ਦੇ ਸਕੱਤਰ ਸ੍ਰੀ ਪਿਆਰਾ ਸਿੰਘ ਦਿਓਸੀ ਨੇ ਇਥੇ ਜਾਰੀ ਇਕ ਬਿਆਨ ਵਿਚ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਕਾਲ ਤਖਤ ਉਤੇ ਪੇਸ਼ੀ ਨੂੰ 'ਮੂਲਵਾਦ ਸਾਹਮਣੇ ਆਤਮ ਸਮਰਪਣ' ਕਰਾਰ ਦਿੱਤਾ ਹੈ। ਸ੍ਰੀ ਦਿਓਸੀ ਨੇ ਇਸ ਗੱਲ ਦੀ ਨੁਕਤਾਚੀਨੀ ਕਰਦਿਆਂ "ਵਿਵਾਦਗ੍ਰਸਤ" ਅਕਾਲ ਤਖਤ ਦੇ ਮੁਖੀ ਪ੍ਰੋ: ਦਰਸ਼ਨ ਸਿੰਘ ਦੀ ਵੀ ਇਸ ਗੱਲ ਲਈ ਆਲੋਚਨਾ ਕੀਤੀ ਹੈ ਕਿ ਉਹ ਅਕਾਲ ਤਖਤ ਦੀ ਦੁਰਵਰਤੋਂ ਕਰਕੇ ਸਿੱਖ ਅਵਾਮ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਪ੍ਰੋ: ਦਰਸ਼ਨ ਸਿੰਘ ਕੌਮ ਵਿਰੋਧੀ ਤਾਕਤਾਂ ਨੂੰ ਪਤਿਆਉਣ ਦੇ ਰਸਤੇ ਉਤੇ ਚਲ ਰਹੇ ਹਨ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੋ: ਦਰਸ਼ਨ ਸਿੰਘ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਦੁਆਰਾ ਨਿਰਦੋਸ਼ ਲੋਕਾਂ ਦੀਆਂ ਕਈ ਸਿਆਸੀ ਪਾਰਟੀਆਂ ਦੇ ਆਗੂਆਂ ਜਿਨ੍ਹਾਂ ਵਿਚ ਅਕਾਲੀ ਦਲ ਸ਼ਾਮਲ ਹੈ, ਦੀਆਂ ਹੱਤਿਆਵਾਂ ਵਿਰੁਧ ਹੁਕਮਨਾਮਾ ਜਾਰੀ ਕਰਨ ਤੋਂ ਕੌਣ ਰੋਕ ਰਿਹਾ ਹੈ।

ਸ੍ਰੀ ਦਿਓਸੀ ਨੇ ਕਿਹਾ ਕਿ ਸ੍ਰੀ ਬਰਨਾਲਾ ਜਿਨ੍ਹਾਂ ਨੇ ਦੋ ਸਾਲ ਪਹਿਲਾਂ ਸਿੰਘ ਸਾਹਿਬਾਨ ਦੇ ਹੁਕਮਾਂ ਉਤੇ ਮੁਖ ਮੰਤਰੀ ਦੇ ਪਦ ਤੋਂ ਅਸਤੀਫਾ ਅਤੇ ਪਾਰਟੀ ਭੰਗ ਕਰਨ ਤੋਂ ਸਾਫ ਇਨਕਾਰ ਕਰਕੇ ਠੀਕ ਸਟੈਂਡ ਲਿਆ ਸੀ, ਤੋਂ ਥਿੜਕ ਗਏ ਹਨ ਉਨ੍ਹਾਂ ਕਿਹਾ ਕਿ ਜੇ ਪ੍ਰੋ: ਦਰਸ਼ਨ ਸਿੰਘ ਰਾਜਨੀਤੀ ਵਿਚ ਦਿਲਚਸਪੀ ਰਖਦੇ ਹਨ ਤਾਂ ਉਨ੍ਹਾਂ ਨੂੰ ਧਾਰਮਿਕ ਅਹੁਦੇ ਨੂੰ ਛੱਡ ਕੇ ਆਪਣੀ ਪਸੰਦ ਦੀ ਸਿਆਸੀ ਪਾਰਟੀ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

ਧਰਮ ਨਿਰਪੱਖ ਜਮਹੂਰੀ ਭਾਰਤ ਅੰਦਰ ਧਾਰਮਿਕ ਅਥਾਰਟੀ ਨੂੰ ਰਾਜਨੀਤੀ ਉਤੇ ਹਾਵੀ ਹੋਣ ਜਾਂ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਸ੍ਰੀ ਦਿਓਸੀ ਨੇ ਕਿਹਾ ਕਿ ਕੇਂਦਰ ਸਰਕਾਰ ਬਰਨਾਲਾ ਨੂੰ ਇਸ ਸਥਿਤੀ ਵਿਚ ਪਹੁੰਚਾਉਣ ਦੀ ਜ਼ਿਮੇਂਵਾਰੀ ਤੋਂ ਬਚ ਨਹੀਂ ਸਕਦੀ ਕਿਉਂਕਿ ਉਸ ਨੇ ਰਾਜੀਵ-ਲੌਂਗੋਵਾਲ ਸਮਝੌਤੇ ਉਤੇ ਅਮਲ ਕਰਕੇ ਉਸ ਦੇ ਹੱਥ ਮਜ਼ਬੂਤ ਕਰਨ ਦੀ ਥਾਂ ਸਵਾਰਥੀ ਹਿਤਾਂ ਖਾਤਰ ਉਸ ਦਾ ਮੰਤਰੀ ਮੰਡਲ ਭੰਗ ਕਰ ਦਿੱਤਾ ਸੀ। ਸ੍ਰੀ ਦਿਓਸੀ ਨੇ ਸਿੱਖ ਅਵਾਮ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਉਚ ਧਾਰਮਿਕ ਸੀਟ ਦੀ ਸਿਆਸੀ ਮੰਤਵਾਂ ਲਈ ਵਰਤੋਂ ਨੂੰ ਰੋਕਣ ਲਈ ਅੱਗੇ ਪਾਉਣ।

ਹਰੀਸ਼ ਮਲਹੋਤਰੇ ਦਾ ਵਾਰਿਸ ਸ਼ਾਹ ਇਨਾਮ

ਲੱਲੀਆਂ ਕਲਾਂ — ਇਥੇ ਦੇ ਗੌਰਮਿੰਟ ਹਾਈ ਸਕੂਲ ਵਿਖੇ ਵਲੈਤ ਰਹਿੰਦੇ ਇਥੇ ਦੇ ਸਾਹਿਤਕਾਰ ਅਤੇ ਪੱਤਰਕਾਰ ਦੁਆਰਾ ਚਾਲੂ ਕੀਤੇ ਇਨਾਮ "ਵਾਰਿਸ ਸ਼ਾਹ" ਦਾ ਸਮਾਗਮ ਹੋਇਆ। ਇਹ ਇਨਾਮ ਹਰ ਸਾਲ ਦਿੱਤਾ ਜਾਂਦਾ ਹੈ ਅਤੇ ਇਸ ਇਨਾਮ ਵਿਚ ਪੰਜਵੀਂ ਤੋਂ ਲੈ ਕੇ ਦਸਵੀਂ ਤੱਕ ਦੇ ਪਹਿਲੇ ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਚੰਗੀਆਂ ਸਾਹਿਤਕ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ। ਜੋ ਕਿ ਪੰਜਾਬੀ ਦੇ ਲਿਖਾਰੀਆਂ ਦੁਆਰਾ ਲਿਖੀਆਂ ਹੁੰਦੀਆਂ ਹਨ। ਸਾਹਿਤਕਾਰ ਅਤੇ ਪਿੰਡ ਲੱਲੀਆਂ (ਜਲੰਧਰ) 'ਚ ਪੜ੍ਹਾਉਂਦੇ ਕਰਨੈਲ ਸਿੰਘ ਨਿਝਰ ਅਤੇ ਅਧਿਆਪਕ ਬਲਬੀਰ ਸਿੰਘ ਨੇ ਇਸ ਇਨਾਮ ਦੀ ਮਹੱਤਤਾ ਦੱਸੀ। ਉਹਨਾਂ ਦਾ ਮੱਤ ਸੀ ਕਿ ਇਸ ਤਰ੍ਹਾਂ ਦੇ ਇਨਾਮ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇਨਾਮ ਦੇਣੇ ਇਕ ਚੰਗੀ ਪਰੰਪਰਾ ਹੈ।

ਗੁਰਬਚਨ ਸਿੰਘ ਕੁਲਾਰ ਅਤੇ ਹਰਦੇਵ ਸਿੰਘ ਅਠਵਾਲ ਨੇ ਵਿਦਿਆਰਥੀਆਂ ਤੋਂ ਕਲਚਰਲ ਪ੍ਰੋਗਰਾਮ ਕਰਾਇਆ। ਵਾਰਿਸ ਸ਼ਾਹ ਅਤੇ ਕਾਦਰਯਾਰ ਦੀਆਂ ਵੱਡੀਆਂ ਤਸਵੀਰਾਂ ਵੀ ਸਟੇਜ ਉਪਰ ਸ਼ੋਭਿਤ ਸਨ।

48 ਕਿਤਾਬਾਂ ਦੇ ਇਨਾਮ ਦੀ ਸਕੂਲ ਦੇ ਮੁਖ ਅਧਿਆਪਕ ਸ੍ਰੀ ਕੇਵਲ ਕ੍ਰਿਸ਼ਨ ਮੋਹਨ ਅਤੇ ਚਿੱਤਰਕਾਰ ਕਵੀ ਕੰਵਰ ਇਮਤਿਆਜ਼ ਨੇ ਆਪਣੇ ਸ਼ੁਭ ਹੱਥਾਂ ਨਾਲ ਤਕਸੀਮ ਕੀਤੀ। ਇਨਾਮ ਦੀਆਂ ਕਿਤਾਬਾਂ ਵਿਚ ਸ੍ਰੀ ਹਰੀਸ਼ ਮਲਹੋਤਰਾ ਦੀ ਪਲੇਠੀ ਕਿਤਾਬ 'ਜਾਅਲੀ ਦੁਨੀਆਂ' ਜਿਹਦਾ ਕਿ ਬੜਾ ਚਰਚਾ ਹੈ ਅਤੇ ਅੰਗਰੇਜ਼ੀ 'ਚ ਵੀ ਤਰਜ਼ਮਾ ਹੋ ਰਿਹਾ ਹੈ। ਅਜਮੇਰ ਕਾਵੈਂਟਰੀ ਦੀ 'ਮਨ ਪ੍ਰਦੇਸੀ ਦੇਸ ਪਰਾਇਆ' ਤੋਂ ਇਲਾਵਾ ਪੰਜਾਬ 'ਚ ਬਣੀ ਰੈਸ਼ਨੇਲਿਸਟ ਸੁਸਾਇਟੀ ਦੁਆਰਾ ਪ੍ਰਕਾਸ਼ਤ ਕੀਤੀਆਂ ਕਿਤਾਬਾਂ—ਦੇਵ ਦੈਂਤ ਤੇ ਰੂਹਾਂ, ਤੇ ਵੇਦ ਪੁਰਸ਼ ਹਾਰ ਗਏ, ਤਰਕਜੋਤੀ ਤਰਕਬਾਣੀ, ਰੌਸ਼ਨੀ ਅਤੇ ਨੌਜਵਾਨਾਂ ਵਿਚ ਨਸ਼ਿਆਂ ਦੀ ਅਲਾਮਤ ਸ਼ਾਮਲ ਸਨ।

ਇਨਾਮ ਦੀ ਇਲਾਕੇ 'ਚ ਬੜੀ ਚਰਚਾ ਹੈ ਅਤੇ ਵਿਦਿਆਰਥੀਆਂ ਤੇ ਇਸ ਦਾ ਬੜਾ ਚੰਗਾ ਪ੍ਰਭਾਵ ਪਿਆ। ਲੱਲੀਆਂ ਕਲਾਂ ਦੇ ਹੀ ਅਤੇ ਹਰੀਸ਼ ਮਲਹੋਤਰਾ ਦੇ ਦੋਸਤ ਸ੍ਰੀ ਅਮਰੀਕ ਸਿੰਘ ਸੰਧੂ ਨੇ ਵੀ ਇਨਾਮ ਵਾਲੇ ਵਿਦਿਆਰਥੀਆਂ ਨੂੰ ਵਧੀਆ ਕਿਸਮ ਦੇ ਪੈਨ ਦਿੱਤੇ।

ਯਾਦ ਰਹੇ 'ਵਾਰਿਸ ਸ਼ਾਹ ਇਨਾਮ' ਹੁਣ ਜਲੰਧਰ ਡੀ ਏ ਵੀ ਕਾਲਜ ਦੇ ਪੰਜਾਬੀ ਦੀ ਐਮ ਏ ਕਰ ਰਹੇ ਵਿਦਿਆਰਥੀਆਂ ਲਈ ਵੀ ਚਾਲੂ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਵਲੈਤ 'ਚ ਪੰਜਾਬੀ ਦਾ ਏ ਲੈਵਲ ਕਰ ਰਹੇ ਵਿਦਿਆਰਥੀਆਂ ਲਈ ਵੀ ਇਹ ਇਨਾਮ ਸ਼ੁਰੂ ਕਰ ਦਿੱਤਾ ਜਾਵੇਗਾ।

ਪੰਚਾਇਤ ਚੋਣਾਂ ਲਈ ਦਹਿਸ਼ਤਪਸੰਦਾਂ ਵਲੋਂ ਵੱਡੇ ਪੱਧਰ 'ਤੇ ਮੁਹਿੰਮ

ਅੰਮ੍ਰਿਤਸਰ — ਪੰਜਾਬ ਅੰਦਰ ਪੰਚਾਇਤ ਚੋਣਾਂ ਹੋਣ ਨੂੰ ਅਜੇ ਦੋ ਮਹੀਨੇ ਬਾਕੀ ਹਨ ਪਰ ਇਸ ਸਰਹੱਦੀ ਜ਼ਿਲੇ ਦੇ ਪੇਂਡੂ ਖੇਤਰਾਂ ਅੰਦਰ ਦਹਿਸ਼ਤਪਸੰਦਾਂ ਨੇ 'ਆਪਣੀ ਪਸੰਦ' ਦੇ ਪੰਚਾਂ ਅਤੇ ਸਰਪੰਚਾਂ ਦੀ ਚੋਣ ਲਈ ਮੁਹਿੰਮ ਵੱਡੀ ਪੱਧਰ ਉਤੇ ਚਲਾ ਰੱਖੀ ਹੈ। ਪੱਟੀ ਅਤੇ ਤਰਨਤਾਰਨ ਇਲਾਕੇ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਦਹਿਸ਼ਤਪਸੰਦਾਂ ਨੇ ਕੁਝ ਪਿੰਡਾਂ ਅੰਦਰ ਅਜਿਹੇ ਪੋਸਟਰ ਚਿਪਕਾਏ ਹਨ ਜਿਨ੍ਹਾਂ ਵਿਚੋਂ ਪੇਂਡੂਆਂ ਨੂੰ ਹਿਦਾਇਤ ਕੀਤੀ ਗਈ ਹੈ ਕਿ ਉਹ ਚੋਣਾਂ ਨਾ ਲੜਨ ਸਗੋਂ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਸਰਵਸੰਮਤੀ ਨਾਲ ਚੁਣਨ।

ਇਥੇ ਟ੍ਰਿਬਿਊਨ ਦੇ ਸਬ-ਆਫਿਸ ਵਿਚ 'ਖਾਲਿਸਤਾਨ ਕਮਾਂਡੋ ਫੋਰਸ ਦੇ ਕਥਿਤ ਲੈਫਟੀਨੈਂਟ ਜਨਰਲ ਸੁਖਦੇਵ ਸਿੰਘ ਝਾਮਕੇ ਦੇ ਦਸਖਤਾਂ ਹੇਠ ਪ੍ਰਾਪਤ ਹੋਏ ਬਿਆਨ ਵਿਚ ਪੇਂਡੂਆਂ ਨੂੰ ਕਿਹਾ ਗਿਆ ਹੈ ਕਿ ਉਹ ਸਰਪੰਚਾਂ ਨੂੰ ਸਰਬਸੰਮਤੀ ਨਾਲ ਚੁਣਨ। ਬਿਆਨ ਵਿਚ ਕਿਹਾ ਗਿਆ ਹੈ ਕਿ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਵੀ ਇਸ ਗੱਲ ਦੇ ਹੱਕ ਵਿਚ ਹਨ ਕਿ ਚੋਣਾਂ, ਸਿੱਖੀ ਸਿਧਾਂਤਾਂ ਅਨੁਸਾਰ ਹੀ ਹੋਣ।

ਉਨ੍ਹਾਂ ਨੇ ਆਪਣੇ ਬਿਆਨ ਵਿਚ ਅਗੇ ਪੇਂਡੂਆਂ ਨੂੰ ਕਿਹਾ ਹੈ ਕਿ ਉਹ ਪੰਚਾਇਤ ਚੋਣਾਂ ਅੰਦਰ ਉਨ੍ਹਾਂ ਲੋਕਾਂ ਨੂੰ ਲੀਡਰਸ਼ਿਪ ਨਾ ਹਥਿਆਉਣ ਦੇਣ ਜਿਹੜੇ ਆਪਣੇ ਸਿਆਸੀ ਲਾਭਾਂ ਲਈ ਇਨ੍ਹਾਂ ਅਹੁਦਿਆਂ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਬਿਆਨ ਵਿਚ ਬਾਬਾ ਜੋਗਿੰਦਰ ਸਿੰਘ ਰੋਡੇ ਨੂੰ ਪਿੰਡਾਂ ਅੰਦਰ ਚੋਣਾਂ ਸਰਬਸੰਮਤੀ ਨਾਲ ਹੋਣ ਨੂੰ ਨਾਕਾਮ ਬਣਾਉਣ ਵਿਰੁਧ ਚਿਤਾਵਨੀ ਦਿੱਤੀ ਗਈ ਹੈ। ਬਿਆਨ ਵਿਚ ਅਕਾਲੀ ਆਗੂਆਂ ਅਤੇ ਰੋਡੇ ਪਰਿਵਾਰ ਉਤੇ ਸਿੱਖਾਂ ਅੰਦਰ, "ਭਰਾ ਮਾਰੂ" ਜੰਗ ਵਰਗੇ ਹਾਲਤ ਪੈਦਾ ਕਰਨ ਦਾ ਦੋਸ਼ ਲਾਇਆ ਗਿਆ।

ਸਰਹੱਦੀ ਜ਼ਿਲਿਆਂ ਵਿਚ ਫੌਜ ਭੇਜੀ ਜਾਵੇ

ਭਾਰਤੀ ਜਨਤਾ ਪਾਰਟੀ ਦੀ ਮੰਗ

ਚੰਡੀਗੜ੍ਹ — ਭਾਰਤੀ ਜਨਤਾ ਪਾਰਟੀ ਦੇ ਉਪ-ਪ੍ਰਧਾਨ ਡਾ: ਬਲਦੇਵ ਪ੍ਰਕਾਸ਼ ਨੇ ਮੰਗ ਕੀਤੀ ਹੈ ਕਿ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫੀਰੋਜ਼ਪੁਰ ਵਿਚ ਦਹਿਸ਼ਤਗਰਦਾਂ ਦੀ ਸਰਗਰਮੀਆਂ ਤੇਜ਼ ਹੋਣ ਕਾਰਨ ਭਾਰਤੀ ਫੌਜ ਦੇ ਦਸਤੇ ਭੇਜੇ ਜਾਣ ਤਾਂ ਕਿ ਇਹ ਸਰਗਰਮੀਆਂ ਰੋਕੀਆਂ ਜਾ ਸਕਣ। ਡਾ: ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਬੇਗੁਨਾਹ ਲੋਕਾਂ ਦਾ ਕਤਲੇਆਮ ਤਾਂ ਹੀ ਰੋਕਿਆ ਜਾ ਸਕਦਾ ਹੈ।

ਭਾਰਤੀ ਜਨਤਾ ਪਾਰਟੀ ਦੇ ਆਗੂ ਨੇ ਕਿਹਾ ਕਿ ਇਥੇ ਇਲਾਕਿਆਂ ਵਿਚ ਸਕਿਉਰਿਟੀ ਬੈਲਟ ਵੀ ਬਣਾਈ ਜਾਵੇ।

ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ: ਬਲਦੇਵ ਪ੍ਰਕਾਸ਼ ਨੇ ਮੰਗ ਕੀਤੀ ਕਿ ਦਹਿਸ਼ਤਗਰਦੀ ਵਿਰੁਧ ਲੜਾਈ ਹੋਰ ਤੇਜ਼ ਕੀਤੀ ਜਾਵੇ ਕਿਉਂਕਿ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੇ ਪਿੰਡਾਂ ਦੇ ਲੋਕ ਲਗਾਤਾਰ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ। ਜੇ ਦਹਿਸ਼ਤਗਰਦ ਕਾਰਵਾਈਆਂ ਨੂੰ ਜ਼ੋਰ ਨਾਲ ਨਾ ਦਬਾਇਆ ਗਿਆ ਤਾਂ ਪਿੰਡਾਂ ਦੇ ਲੋਕਾਂ ਦੀ ਸ਼ਹਿਰਾਂ ਵਲ ਹਿਜਰਤ ਰੋਕੀ ਨਹੀਂ ਜਾ ਸਕੇਗੀ।

ਭਾਰਤੀ ਜਨਤਾ ਪਾਰਟੀ ਦੇ ਨੇਤਾ ਨੇ ਕਿਹਾ ਕਿ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਅਤਿਵਾਦੀਆਂ ਨਾਲ ਕਦੇ ਵੀ ਕੋਈ ਗੱਲਬਾਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਅਤਿਵਾਦੀਆਂ ਦਾ ਸਫ਼ਾਇਆ ਕਰਨਾ ਲਾਜ਼ਮੀ ਹੈ।

ਬੰਗਲਾਦੇਸ਼ੀ ਘੱਟ-ਗਿਣਤੀਆਂ ਵਲੋਂ ਮੁਜ਼ਾਹਰੇ

ਢਾਕਾ — ਪਾਕਿਸਤਾਨ ਦੇ ਪ੍ਰਧਾਨ ਜਨਰਲ ਇਰਸ਼ਾਦ ਵਲੋਂ ਬੰਗਲਾ ਦੇਸ਼ ਨੂੰ ਇਸਲਾਮੀ ਦੇਸ਼ ਬਨਾਉਣ ਵਿਰੁਧ ਦੇਸ਼ ਦੀਆਂ ਘੱਟ-ਗਿਣਤੀਆਂ ਨੇ ਮੁਜ਼ਾਹਰੇ ਕਰਨ ਦਾ ਫੈਸਲਾ ਕੀਤਾ ਹੈ। ਘੱਟ-ਗਿਣਤੀਆਂ ਦਾ ਕਹਿਣਾ ਹੈ ਕਿ ਇਸਲਾਮੀਕਰਣ ਨਾਲ ਦੇਸ਼ ਵਿਚ ਫਿਰਕਾਪ੍ਰਸਤੀ ਵਧ ਰਹੀ ਹੈ।

ਜਨਰਲ ਇਰਸ਼ਾਦ ਨੇ ਸੰਵਿਧਾਨ ਵਿਚ ਤਬਦੀਲੀ ਕਰਕੇ ਬੰਗਲਾਦੇਸ਼ ਨੂੰ ਇਸਲਾਮੀ ਦੇਸ਼ ਹੋਣ ਦਾ ਐਲਾਨ ਕਰ ਦਿੱਤਾ ਹੈ।

ਸੋਹੀ ਦੀ ਗ੍ਰਿਫਤਾਰੀ ਵਿਰੁਧ ਜਮਹੂਰੀ ਹਲਕਿਆਂ ਵਿਚ ਰੋਹ ਦੀ ਲਹਿਰ

ਗੁਰਦਾਸਪੁਰ — ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲਾ ਗੁਰਦਾਸਪੁਰ ਇਕਾਈ ਦੇ ਪ੍ਰਧਾਨ ਪ੍ਰਿੰਸੀਪਲ ਸੁਜਾਨ ਸਿੰਘ, ਜ਼ਿਲਾ ਸਕੱਤਰ ਅਸ਼ਵਨੀ ਕੁਮਾਰ ਅਤੇ ਸੂਬਾ ਕਮੇਟੀ ਮੈਂਬਰ ਹਰਜੀਤ ਆਲਮ ਨੇ ਇਕ ਲਿਖਤੀ ਪ੍ਰੈਸ ਬਿਆਨ ਰਾਹੀਂ ਬਿਹਾਰ ਪੁਲੀਸ ਵਲੋਂ ਕੇਂਦਰੀ ਮੈਂਬਰ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਰਗਰਮ ਕਾਰਕੁਨ ਅਮਰਜੀਤ ਸੋਹੀ ਦੀ ਅਤਿਵਾਦ ਵਿਰੋਧੀ ਕਾਨੂੰਨ ਹੇਠ ਫੜੇ ਜਾਣ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਕਿਹਾ ਕਿ ਇਸ ਨਾਲ ਪੰਜਾਬ ਵਿਚ ਫਿਰਕੂ ਅਤੇ ਸਰਕਾਰੀ ਦਹਿਸ਼ਤ ਵਿਰੁਧ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਤਾਕਤਾਂ ਵਿਚ ਰੋਹ ਦੀ ਲਹਿਰ ਫੈਲ ਗਈ ਹੈ। ਪ੍ਰੈਸ ਬਿਆਨ ਜਾਰੀ ਰੱਖਦਿਆਂ ਜਮਹੂਰੀ ਆਗੂਆਂ ਨੇ ਬਿਹਾਰ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਸੋਹੀ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਬਿਹਾਰ ਸਰਕਾਰ ਦੀ ਇਸ ਗੈਰ-ਜਮਹੂਰੀ ਕਾਰਵਾਈ ਨੇ ਪੰਜਾਬ ਵਿਚ ਫਿਰਕੂ ਅਤੇ ਸਰਕਾਰੀ ਦਹਿਸ਼ਤ ਵਿਰੁਧ ਕੰਮ ਕਰ ਰਹੀਆਂ ਤਾਕਤਾਂ ਦੇ ਕੰਮ ਵਿਚ ਰੁਕਾਵਟ ਪਾਈ ਹੈ।

ਉਨ੍ਹਾਂ ਕਿਹਾ ਕਿ ਬਿਹਾਰ ਸਰਕਾਰ ਦੀ ਅਜਿਹੀ ਗੈਰ-ਜਮਹੂਰੀ ਕਾਰਵਾਈ ਵਿਰੁਧ ਸਮੁੱਚੀਆਂ ਜਮਹੂਰੀ ਤਾਕਤਾਂ ਅਤੇ ਇਨਸਾਫਪਸੰਦ ਲੋਕਾਂ ਨੂੰ ਇਸ ਕਾਰਵਾਈ ਵਿਰੁਧ ਅਰੰਭੇ ਜਾਣ ਵਾਲੇ ਸਾਂਝੇ ਪ੍ਰੋਗਰਾਮ ਵਿਚ ਤਨਦੇਹੀ ਨਾਲ ਹਿੱਸਾ ਪਾਉਣ।

ਇਸੇ ਦੌਰਾਨ ਇਕ ਵੱਖਰੇ ਪ੍ਰੈਸ ਬਿਆਨ ਰਾਹੀਂ ਭਾਰਤੀ ਕਮਿਊਨਿਸਟ ਪਾਰਟੀ (ਮ. ਲ) ਜ਼ਿਲਾ ਗੁਰਦਾਸਪੁਰ ਦੇ ਜ਼ਿਲਾ ਸਕੱਤਰ ਕਾਮਰੇਡ ਰਮੇਸ਼ ਰਾਣਾ ਨੇ ਵੀ ਅਮਰਜੀਤ ਸੋਹੀ ਦੀ ਬਿਹਾਰ ਪੁਲੀਸ ਵਲੋਂ ਕੀਤੀ ਗ੍ਰਿਫਤਾਰੀ ਦੀ ਜ਼ੋਰਦਾਰ ਲਫਜ਼ਾਂ ਵਿਚ ਨਿਖੇਧੀ ਕੀਤੀ ਹੈ। ਵੱਖ ਵੱਖ ਪ੍ਰੈਸ ਬਿਆਨਾਂ ਰਾਹੀਂ ਕੁਮਾਰੀ ਸੁਸ਼ੀਲ ਮਹਾਜਨ ਸਾਬਕਾ ਐਮ. ਐਲ. ਏ. (ਕਾਂਗਰਸ ਆਈ), ਪੰਡਤ ਰਾਮ ਸਰਨ ਦਾਸ ਸਾਬਕਾ ਸੀਨੀਅਰ ਮੀਤ ਪ੍ਰਧਾਨ ਮਿਉਂਸਪਲ ਕਮੇਟੀ, ਜਥੇਦਾਰ ਹਰਬਿੰਦਰ ਸਿੰਘ ਸਰਕਲ ਜਥੇਦਾਰ ਅਕਾਲੀ ਦਲ, ਕੁਲਬੀਰ ਸਿੰਘ ਸੰਧੂ ਪ੍ਰੈਸ ਸਕੱਤਰ ਅਕਾਲੀ ਦਲ ਨੇ ਵੀ ਸੋਹੀ ਦੀ ਗ੍ਰਿਫਤਾਰੀ ਨੂੰ ਗੈਰ-ਜਮਹੂਰੀ ਕਾਰਵਾਈ ਕਰਾਰ ਦਿੱਤਾ।

7000 ਵਿਅਕਤੀਆਂ ਨੂੰ ਇਸ ਲਈ ਉਜਾੜਿਆ ਜਾ ਰਿਹਾ ਹੈ ਕਿਉਂਕਿ ਪੁਲਸ ਦਾ ਕਹਿਣਾ ਹੈ ਕਿ ਇਨ੍ਹਾਂ ਝੁੱਗੀਆਂ ਵਾਲਿਆਂ ਨੇ ਜ਼ਮੀਨ ਉਤੇ ਜ਼ਬਰਦਸਤੀ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।

ਪੋਰਟ ਬਲੇਅਰ ਹਾਂਗਕਾਂਗ ਬਣੇਗਾ

ਪੋਰਟ ਬਲੇਅਰ (ਅੰਡੇਮਾਨ) — ਪੋਰਟ ਬਲੇਅਰ ਦੀ ਬੰਦਰਗਾਹ ਜੋ ਅੰਡੇਮਾਨ ਵਿਚ ਹੈ ਉਸਨੂੰ ਹਾਂਗਕਾਂਗ ਵਾਂਕ ਵਿਕਸਿਤ ਕਰਨ ਦੀਆਂ ਯੋਜਨਾਵਾਂ ਤਿਆਰ ਕਰ ਲਈਆਂ ਗਈਆਂ ਹਨ। ਇਹ ਬਿਜ਼ਨਿਸ ਅਤੇ ਟੂਰਿਸਟ ਸੈਂਟਰ ਹੋਵੇਗਾ ਜਿਸ ਵਿਚ ਹਾਂਗਕਾਂਗ ਦੀ ਤਰ੍ਹਾਂ ਹੀ ਸੁਵਿਧਾਵਾਂ ਹੋਣਗੀਆਂ।

ਹਾਂਗਕਾਂਗ ਤੋਂ ਭਾਰਤੀ ਮੂਲ ਦੇ ਲੋਕ ਪੋਰਟ ਬਲੇਅਰ ਨੂੰ ਆਉਣ ਲਈ ਯੋਜਨਾਵਾਂ ਬਣਾ ਰਹੇ ਹਨ। ਜਿਥੇ ਬਹੁਤੇ ਗੈਰ-ਭਾਰਤੀ ਕੈਨੇਡਾ, ਆਸਟਰੇਲੀਆ, ਅਮਰੀਕਾ ਜਾ ਰਹੇ ਹਨ ਉਥੇ ਭਾਰਤੀ ਪੋਰਟ ਬਲੇਅਰ ਮੂਵ ਹੋ ਰਹੇ ਹਨ।

1997 ਵਿਚ ਹਾਂਗਕਾਂਗ ਬ੍ਰਤਾਨਵੀ ਬਸਤੀ ਨਹੀਂ ਰਹੇਗਾ।

ਮੁਹਾਜਰੀਨਾਂ ਤੇ ਪਠਾਣਾਂ 'ਚ ਟੱਕਰ

ਕਰਾਚੀ — ਮੁਹਾਜਰੀਨਾਂ ਤੇ ਪਠਾਣਾਂ ਵਿਚ ਆਪਸੀ ਦੰਗਿਆਂ ਵਿਚ ਏਥੇ ਦਸ ਵਿਅਕਤੀਆਂ ਦੇ ਹਲਾਕ ਹੋਣ ਦੀ ਖਬਰ ਹੈ। ਮੁਹਾਜਰੀਨ ਉਹ ਲੋਕ ਹਨ ਜੋ 1947 ਵਿਚ ਭਾਰਤ ਤੋਂ ਕਰਾਚੀ ਗਏ ਸਨ।

ਅਧਿਕਾਰੀਆਂ ਨੇ ਦੰਗਾ-ਪੀੜਤ ਇਲਾਕਿਆਂ ਵਿਚ ਦੰਗਾਕਾਰੀਆਂ ਨੂੰ ਗੋਲੀ ਮਾਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਹੁਣ ਤੱਕ ਇਸ ਸਾਲ ਵਿਚ ਇਨ੍ਹਾਂ ਦੰਗਿਆਂ ਵਿਚ 300 ਤੋਂ ਵੱਧ ਲੋਕ ਮਾਰੇ ਜਾ ਚੁਕੇ ਹਨ।

ਬੇਨਜ਼ੀਰ ਦੇ ਪ੍ਰਧਾਨ ਮੰਤਰੀ ਬਣਨ ਪਿਛੋਂ ਇਹ ਦੰਗਿਆਂ ਦੀ ਪਹਿਲੀ ਘਟਨਾ ਹੈ।

ਪੁਲੀਸ ਤੇ ਝੁੱਗੀਆਂ ਵਾਲਿਆਂ ਵਿਚਕਾਰ ਜੰਮ ਕੇ ਲੜਾਈ

ਭੁਬਨੇਸ਼ਵਰ — ਉੜੀਸਾ ਦੇ ਇਸ ਸ਼ਹਿਰ ਵਿਚ ਪੁਲਸ ਅਤੇ ਝੁੱਗੀਆਂ ਵਿਚ ਰਹਿਣ ਵਾਲਿਆਂ ਵਿਚਕਾਰ ਜੰਮ ਕੇ ਲੜਾਈ ਹੋਈ ਜਿਸ ਵਿਚ ਧਨੁਸ਼-ਬਾਣ ਅਤੇ ਸੋਡਾ ਵਾਟਰ ਦੀਆਂ ਬੋਤਲਾਂ ਝੁਗੀਆਂ ਵਾਲਿਆਂ ਨੇ ਪੁਲਸ ਉਤੇ ਚਲਾਈਆਂ। 27 ਵਿਅਕਤੀ ਇਸ ਝੜਪ ਦੌਰਾਨ ਜ਼ਖਮੀ ਹੋਏ।

Merry Christmas

&



Happy New Year

To All

From Dawn Black

ਡਾਨ ਬਲੈਕ ਵਲੋਂ

ਨਵਾਂ ਸਾਲ ਮੁਬਾਰਕ !

ਨੀਊਵੈਸਟ-ਬਰਨਬੀ

ਪੰਜਾਬ ਦੇ ਪੁਲੀਸ ਕਰਮਚਾਰੀ ਮੰਗਾਂ ਨਾ ਮੰਨੇ ਜਾਣ ਕਾਰਨ ਸੰਘਰਸ਼ ਦੇ ਰੌਂਅ 'ਚ

ਮੋਰਿੰਡਾ — ਨਾਨ-ਗਜ਼ਟਿਡ ਪੁਲੀਸਮੈਨਜ਼ ਐਸੋਸੀਏਸ਼ਨ ਪੰਜਾਬ ਨੇ ਧਮਕੀ ਦਿੱਤੀ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਪੰਜਾਬ ਪੁਲੀਸ ਦੇ ਛੋਟੇ ਪੁਲੀਸ ਕਰਮਚਾਰੀਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਪੰਜਾਬ ਦੇ 36 ਹਜ਼ਾਰ ਪੁਲੀਸ ਕਰਮਚਾਰੀ ਰੋਸ ਵਜੋਂ ਇਕ ਦਿਨ ਦੀ ਭੁੱਖ ਹੜਤਾਲ ਕਰਨਗੇ। 21 ਦਸੰਬਰ ਵਾਲੇ ਦਿਨ ਕੋਈ ਮੁਲਾਜ਼ਮ ਸਰਕਾਰੀ ਮੈਸ ਵਿਚੋਂ ਖਾਣਾ ਨਹੀਂ ਲਏਗਾ। ਜੇਕਰ ਫਿਰ ਵੀ ਸਰਕਾਰ ਨਾ ਮੰਨੀ ਤਾਂ 2 ਜਨਵਰੀ ਨੂੰ ਕੁਰਸੀ ਛੋੜ ਅਤੇ ਡੰਡਾ ਛੋੜ ਹੜਤਾਲ ਕੀਤੀ ਜਾਵੇਗੀ। ਜੇ ਫਿਰ ਵੀ ਸਰਕਾਰ ਨਾ ਮੰਨੀ ਤਾਂ 27 ਜਨਵਰੀ ਵਾਲੇ ਦਿਨ ਜਥੇਬੰਦੀ ਦੇ ਸੀਨੀਅਰ ਲੀਡਰ ਰਾਜਪਾਲ ਪੰਜਾਬ ਦੀ ਕੋਠੀ ਅਗੇ ਧਰਨਾ ਦੇਣਗੇ।

ਇਸ ਗੱਲ ਦਾ ਫੈਸਲਾ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਕੀਤਾ ਗਿਆ। ਐਸੋਸੀਏਸ਼ਨ ਦੇ ਚੇਅਰਮੈਨ ਸ੍ਰੀ ਤਰਲੋਚਨ ਸਿੰਘ ਭਿੰਡਰ ਨੇ ਦੱਸਿਆ ਕਿ ਮੰਗਾਂ ਵਿਚ ਸਿਪਾਹੀ ਤੋਂ ਆਈ. ਜੀ., ਡੀ. ਆਈ. ਜੀ., ਤਕ ਇਕੋ ਜਿਹੀ ਵਰਦੀ ਕਰਨ, ਇਕੋ ਜਿਹੀ ਪਗੜੀ, ਇਕੋ ਜਿਹੀ ਟੋਪੀ, ਇਕੋ ਜਿਹੀ ਬੂਟ ਪੇਟੀ, ਇਕੋ ਜਿਹੀ ਵਿਸਲ ਡੋਰੀ ਕਰਨ, ਸਿਪਾਹੀ ਹਵਾਲਦਾਰ ਦੀ ਝਾਲਰ ਤੇ ਕੁਲੇ ਵਾਲੀ ਪੱਗ ਬਦਲ ਕੇ ਉਸ ਦੀ ਜਗ੍ਹਾ ਖਾਕੀ ਪੱਗ, ਖਾਕੀ ਟੋਪੀ ਝਾਲਰ ਕੁਲੇ ਤੋਂ ਬਿਨਾਂ ਲਾਗੂ ਕਰਨ, ਕਾਲੇ ਬੂਟ—ਲਾਲ ਬੂਟ, ਕਾਲੀ ਪੇਟੀ—ਲਾਲ ਪੇਟੀ, ਵਿਸਲ ਡੋਰੀ, ਵਿਸਲ ਚਮੜਾ ਅੰਤਰ ਖਤਮ ਕਰਨ, ਬੁਲਿਟ ਪਰੂਫ ਜੈਕਟਾਂ ਦੇਣ, ਬੁਲਿਟ ਪਰੂਫ ਗੱਡੀਆਂ ਦੇਣ, ਡਰਬੀ ਬੂਟ ਬਾਟਾ ਦੇਣ, ਬੋਰੀ ਮਾਰਕਾ ਜਰਸੀ ਦੀ ਜਗ੍ਹਾਂ 150 ਰੁਪਏ ਵਾਲੀ ਜਰਸੀ ਦੇਣ, ਵਰਦੀ ਦਾ ਸਮਾਂ ਘਟਾਉਣ, ਇਕ ਸਾਲ ਵਿਚ ਦੋ ਟੈਰੀਕਾਟ ਵਰਦੀਆਂ ਅਤੇ ਇਕ ਗਰਮ ਵਰਦੀ ਦੇਣ, ਅਤਿਵਾਦੀਆਂ ਹੱਥੋਂ ਮਾਰੇ ਗਏ ਏ ਐਸ ਆਈ ਰਣਧੀਰ ਸਿੰਘ ਅੰਮ੍ਰਿਤਸਰ, ਹੈਡ ਕਾਂਸਟੇਬਲ ਅਜੀਤ ਸਿੰਘ ਅੰਮ੍ਰਿਤਸਰ, ਸਵਰਨ ਸਿੰਘ ਲੁਧਿਆਣਾ, ਗੁਰਮੀਤ ਸਿੰਘ ਸੰਗਰੂਰ ਦੇ ਵਾਰਸਾਂ ਲਈ 2-2 ਲੱਖ ਨਕਦ ਦੇਣ ਅਤੇ ਪਰਿਵਾਰ ਦਾ ਇਕ-ਇਕ ਮੈਂਬਰ ਭਰਤੀ ਕਰਨਾ ਆਦਿ ਸ਼ਾਮਲ ਹਨ।

ਜਥੇਬੰਦੀ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿਚ ਅਟੁਟ ਵਿਸ਼ਵਾਸ ਪ੍ਰਗਟ ਕਰਦਿਆਂ ਅਤਿਵਾਦੀ ਗਤੀਵਿਧੀਆਂ ਦੀ ਵਿਰੋਧਤਾ ਕਰਦਿਆਂ ਮੰਗ ਕੀਤੀ ਕਿ ਵੱਡੇ ਅਫਸਰ ਪੁਲੀਸ ਐਸੋਸੀਏਸ਼ਨ ਦੇ ਲੀਡਰਾਂ ਨੂੰ ਅਤਿਵਾਦੀਆਂ ਨਾਲ ਜੋੜਨ ਤੋਂ ਬਾਜ ਆ ਜਾਣ।

ਨਜ਼ਰਬੰਦੀ ਪੱਕੀ ਕਰਨ ਦੀ ਨਿਖੇਧੀ

ਬਰਨਾਲਾ — ਯੂਥ ਅਕਾਲੀ ਦਲ (ਤਲਵੰਡੀ) ਦੇ ਜ਼ਿਲਾ ਪ੍ਰਧਾਨ ਗੁਰਿੰਦਰਪਾਲ ਸਿੰਘ, ਮੀਤ ਪ੍ਰਧਾਨ ਗੁਰਬਖਸ਼ ਸਿੰਘ ਮਰਦ ਖੇੜਾ ਤੇ ਸ਼ਿਵਦੇਵ ਸਿੰਘ ਰੂੜਗੜ੍ਹ ਨੇ ਸਾਬਕ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਯੂਥ ਵਿੰਗ ਦੇ ਪ੍ਰਧਾਨ ਸ਼ੇਰ ਸਿੰਘ ਡੂਮਛੇੜੀ ਤੇ ਹੋਰ ਅਕਾਲੀ ਆਗੂਆਂ ਦੀ ਦੋ ਸਾਲ ਦੀ ਨਜ਼ਰਬੰਦੀ ਪੱਕੀ ਕਰਨ ਦੀ ਨਿਖੇਧੀ ਕੀਤੀ ਹੈ। ਬਿਆਨ ਵਿਚ ਸ੍ਰੀ ਡੂਮਛੇੜੀ ਦੇ ਘਰ ਵਾਰ ਵਾਰ ਛਾਪੇ ਮਾਰ ਕੇ ਪਰਿਵਾਰ ਨੂੰ ਤੰਗ ਪਰੇਸ਼ਾਨ ਕਰਨ ਤੇ ਘਰੇਲੂ ਕਾਰੋਬਾਰ ਵਿਚ ਵਿਘਨ ਪਾਉਣ ਨੂੰ ਗੈਰ-ਜਮਹੂਰੀ, ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਇਹ ਨਾਦਰਸ਼ਾਹੀ ਬੰਦ ਕਰਨ ਤੇ ਗ੍ਰਿਫਤਾਰ ਅਕਾਲੀ ਆਗੂ ਤੇ ਵਰਕਰ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਟਕਸਾਲ ਤੇ ਫੈਡਰੇਸ਼ਨ ਸਿੱਖ ਮਾਮਲਿਆਂ ਬਾਰੇ ਧਾਰਮਿਕ ਇਕੱਤਰਤਾ ਕਰਨਗੀਆਂ

ਅੰਮ੍ਰਿਤਸਰ — ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਮਾਘੀ ਦੇ ਮੇਲੇ ਉਤੇ ਮੁਕਤਸਰ ਵਿਖੇ ਸਿਖ ਮਾਮਲਿਆਂ ਬਾਰੇ ਧਾਰਮਿਕ ਇਕੱਤਰਤਾ ਦਾ ਆਯੋਜਨ ਕਰਨਗੀਆਂ। ਇਥੇ ਜਾਰੀ ਇਕ ਬਿਆਨ ਵਿਚ ਫੈਡਰੇਸ਼ਨ ਦੇ ਕਨਵੀਨਰ ਸ੍ਰੀ ਗੁਰਨਾਮ ਸਿੰਘ ਬੁੰਡਾਲਾ ਨੇ ਕਿਹਾ ਕਿ ਸਭ ਵਿਚਾਰਾਂ ਦੇ ਲੋਕਾਂ ਨੂੰ ਜਿਨ੍ਹਾਂ ਵਿਚ ਸਿਖ ਸਿਆਸੀ ਆਗੂ, ਬੁੱਧੀਜੀਵੀ, ਵਕੀਲ ਅਤੇ ਡਾਕਟਰ ਸ਼ਾਮਲ ਹਨ, ਇਸ ਇਕੱਤਰਤਾ ਲਈ ਸੱਦਾ ਦਿੱਤਾ ਗਿਆ ਹੈ ਤਾਂ ਜੋ ਸਿੱਖਾਂ ਵਿਚਾਲੇ ਏਕਤਾ ਕਾਇਮ ਕਰਨ ਦੇ ਢੰਗ-ਤਰੀਕਿਆਂ ਉਤੇ ਵਿਚਾਰ-ਵਟਾਂਦਰਾ ਹੋ ਸਕੇ ਅਤੇ ਪੰਥ ਨੂੰ ਮੌਜੂਦਾ ਸੰਕਟ ਵਿਚੋਂ ਕੱਢਿਆ ਜਾ ਸਕੇ।

ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ, ਸ੍ਰੀ ਜਸਬੀਰ ਸਿੰਘ ਰੋਡੇ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸਾਰੇ ਅਕਾਲੀ ਆਗੂਆਂ ਅਤੇ ਉਘੇ ਬੁੱਧੀਜੀਵੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਕੱਤਰਤਾ ਵਿਚ ਸ਼ਾਮਲ ਹੋ ਕੇ ਭਾਈਚਾਰੇ ਨੂੰ ਪੇਸ਼ ਮਾਮਲਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ। ਫੈਡਰੇਸ਼ਨ ਆਗੂ ਨੇ ਦੱਸਿਆ ਕਿ ਸਟੇਜ ਦੀ ਕਾਰਵਾਈ ਟਕਸਾਲ ਦੁਆਰਾ ਚਲਾਈ ਜਾਵੇਗੀ ਅਤੇ ਕਿਸੇ ਵੀ ਇਤਰਾਜ਼ਯੋਗ ਕਾਰਵਾਈ ਦੀ ਆਗਿਆ ਨਹੀਂ ਦਿੱਤੀ ਜਾਏਗੀ।

ਸ੍ਰੀ ਬੁੰਡਾਲਾ ਨੇ ਕਿਹਾ ਕਿ ਅਜਿਹੀ ਇਕੱਤਰਤਾ ਸੱਦਣ ਦਾ ਫੈਸਲਾ ਕੁਝ ਤੱਤਾਂ ਵਲੋਂ ਰਾਜਨੀਤਕ ਮਾਮਲਿਆਂ ਨੂੰ ਲੈ ਕੇ ਸਿੱਖਾਂ ਅੰਦਰ 'ਖਾਨਾਜੰਗੀ' ਭੜਕਾਉਣ ਦੀਆਂ ਕੋਸ਼ਿਸ਼ਾਂ ਦੇ ਪ੍ਰਸੰਗ ਵਿਚ ਲਿਆ ਗਿਆ ਹੈ।

ਮਫ਼ਰੂਰ ਗੁਰਦੇਵ ਸਿੰਘ ਸੰਘਾ ਦੀ ਜ਼ਮਾਨਤ ਦੀ ਅਰਜ਼ੀ ਰੱਦ

ਨਵੀਂ ਦਿੱਲੀ — ਕੈਨੇਡਾ ਦੀ ਸਭ ਤੋਂ ਸਖਤ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਵਿਚੋਂ 9 ਸਾਲ ਪਹਿਲਾਂ ਫਰਾਰ ਹੋਏ ਗੁਰਦੇਵ ਸਿੰਘ ਸੰਘਾ ਜਿਸ ਨੂੰ ਤਿੰਨ ਮਹੀਨੇ ਪਹਿਲਾਂ ਇਥੋਂ ਗ੍ਰਿਫਤਾਰ ਕੀਤਾ ਗਿਆ ਸੀ, ਦੀ ਇਕ ਸਥਾਨਕ ਅਦਾਲਤ ਨੇ ਦੂਜੀ ਵਾਰ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ।

ਚੀਫ ਮੈਟਰੋਪਾਲਿਟਿਨ ਮੈਜਿਸਟਰੇਟ ਸ੍ਰੀ ਆਰ ਐਲ ਚੁਘ ਜਿਨ੍ਹਾਂ ਨੂੰ ਕੇਂਦਰ ਸਰਕਾਰ ਨੇ 19 ਅਕਤੂਬਰ ਨੂੰ ਇਕ ਕੇਸ 'ਚ ਜਾਂਚ ਅਧਿਕਾਰੀ ਨਿਯੁਕਤ ਕੀਤਾ ਸੀ, ਨੇ ਸ੍ਰੀ ਸੰਘਾ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਦਿਆਂ ਕਿਹਾ ਕਿ ਇਸ ਸਮੇਂ ਉਸ ਦੀ ਰਿਹਾਈ ਇਸ ਮਾਮਲੇ ਦੀ ਕੌਮਾਂਤਰੀ ਪੱਧਰ ਉਤੇ ਚਲ ਰਹੀ ਜਾਂਚ ਉਤੇ ਅਸਰ ਪਾ ਸਕਦੀ ਹੈ। ਸੰਘਾ ਨੂੰ ਓਨਟੇਰੀਓ ਸੁਪਰੀਮ ਕੋਰਟ ਨੇ ਕੈਨੇਡਾ ਵਿਚ ਕਰੋੜਾਂ ਰੁਪਏ ਦੀਆਂ ਨਸ਼ੀਲੀਆਂ ਵਸਤਾਂ ਦਰਾਮਦ ਕਰਨ ਦੇ ਦੋਸ਼ ਹੇਠ 14 ਸਾਲ ਦੀ ਸਖਤ ਸਜ਼ਾ ਤੇ 5 ਲੱਖ ਕੈਨੇਡੀਅਨ ਡਾਲਰ ਜ਼ੁਰਮਾਨੇ ਦੀ ਸਜ਼ਾ ਸੁਣਾਈ ਸੀ।

ਖਾਲਿਸਤਾਨੀ ਕਿਸੇ ਹੋਰ ਦੇ ਢਹੇ ਚੜ੍ਹੇ ਹਨ — ਕੰਵਲ



ਜਸਵੰਤ ਸਿੰਘ ਕੰਵਲ

ਕੋਟਕਪੂਰਾ — ਗੋਲੀ ਕਿਸੇ ਮਸਲੇ ਦਾ ਕਦੇ ਹੱਲ ਨਹੀਂ ਹੁੰਦੀ, ਲੋਕਾਂ ਨੂੰ ਲਾਮਬੰਦ ਕਰ ਕੇ ਸਰਕਾਰ 'ਤੇ ਦਬਾਅ ਪਾਇਆਂ ਹੀ ਸਰਕਾਰ ਪੰਜਾਬ ਮਸਲਾ ਸੁਲਝਾਉਣ ਪ੍ਰਤੀ ਈਮਾਨਦਾਰ ਨੀਤੀ ਅਪਣਾ ਸਕਦੀ ਹੈ। ਇਹ ਵਿਚਾਰ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਰਚੇ ਗਏ ਸਾਹਿਤ ਸਭਾ ਕੋਟਕਪੂਰਾ ਦੇ ਇਕ ਸਾਹਿਤਕ ਸਮਾਗਮ ਸਮੇਂ ਸ਼ਹੀਦ ਭਗਤ ਸਿੰਘ ਕਾਲਜ, ਕੋਟਕਪੂਰਾ ਵਿਖੇ ਕਹੇ। ਉਨ੍ਹਾਂ ਕਿਹਾ ਕਿ ਜੇ ਗੋਲੀ ਨਾਲ ਮੁਖਬਰ ਮੁਕਦੇ ਹੁੰਦੇ ਤਾਂ ਦੁਨੀਆਂ ਵਿਚੋਂ ਕਦੋਂ ਦਾ ਇਨ੍ਹਾਂ ਦਾ ਸਫਾਇਆ ਹੋ ਚੁਕਾ ਹੁੰਦਾ। ਖਾਲਿਸਤਾਨ ਵਾਲੇ ਕਿਸੇ ਹੋਰ ਦੇ ਢਹੇ ਚੜ੍ਹੇ ਹੋਏ ਹਨ। ਸੂਝਵਾਨ ਪੰਜਾਬੀਆਂ ਨੂੰ ਦੇਸ਼ ਟੁੱਟਣ ਨਹੀਂ ਦੇਣਾ ਚਾਹੀਦਾ।

ਮੌਜੂਦਾ ਹਾਲਤ ਸਬੰਧੀ ਵਿਸਥਾਰ ਸਹਿਤ ਬੋਲਦਿਆਂ ਕੰਵਲ ਨੇ ਕਿਹਾ ਕਿ ਨਕਸਲਾਈਟ ਜੋਸ਼ ਭਰੇ ਸੁਹਿਰਦ ਨੌਜਵਾਨ ਸਨ ਜਿਨ੍ਹਾਂ ਨੂੰ ਸਾਡੀਆਂ ਖੱਬੀਆਂ ਪਾਰਟੀਆਂ ਸਾਂਭ ਨਹੀਂ ਸਕੀਆਂ। ਇਹੋ ਹਾਲ ਹੁਣ ਦੀਆਂ ਅਕਾਲੀ ਪਾਰਟੀਆਂ ਦਾ ਹੈ ਜੋ ਖਾੜਕੂ ਨੌਜਵਾਨਾਂ ਦੀ ਸੁਹਿਰਦਤਾ ਅਤੇ ਸਿਦਕਦਿਲੀ ਨੂੰ ਯੋਗ ਸੇਧ ਨਹੀਂ ਦੇ ਸਕੀਆਂ। ਉਨ੍ਹਾਂ ਕਿਹਾ ਕਿ ਅਕਾਲੀ ਪੰਜਾਬ ਮਸਲਾ ਹੱਲ ਨਹੀਂ ਕਰ ਸਕਦੇ ਕਿਉਂਕਿ ਦੇਸ਼ ਵਿਚ ਹੁਣ ਬੁਨਿਆਦੀ ਵਿਰੋਧਤਾ ਵੱਡੇ-ਛੋਟੇ ਦੀ ਨਹੀਂ ਸਗੋਂ ਵੱਡੇ-ਵੱਡੇ ਦੀ ਹੈ ਤੇ ਇਸ ਵਿਰੋਧਤਾ ਦੀ ਹੀ ਅਜੋਕੇ ਹਾਲਾਤ ਪੈਦਾਵਾਰ ਹਨ।

ਨਾਵਲਕਾਰ ਨੇ ਕਿਹਾ ਕਿ ਕਮਿਊਨਿਸਟਾਂ ਨੇ ਲੋਕਾਂ ਨੂੰ ਲਾਰੇ ਹੀ ਦਿੱਤੇ ਹਨ। ਲੋਕ ਭੰਬਲ-ਭੂਸਿਆਂ ਵਿਚ ਪਏ ਹੋਏ ਹਨ ਕਿ ਉਹ ਕਿਧਰ ਜਾਣ। ਉਨ੍ਹਾਂ ਕਿਹਾ ਕਿ ਮਸਲੇ ਦਾ ਇਕੋ ਇਕ ਹਲ ਖੱਬੀਆਂ ਧਿਰਾਂ ਦਾ ਵਿਸ਼ਾਲ ਏਕਾ ਤੇ ਸਾਂਝਾ ਪ੍ਰੋਗਰਾਮ ਹੈ। ਇਹੋ ਏਕਾ ਹੀ ਪਾਕਿਸਤਾਨ ਅਤੇ ਹਿੰਦ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ 'ਤੇ ਹੋ ਰਹੇ ਯੋਜਨਾਬੱਧ ਹਮਲਿਆਂ ਨੂੰ ਠੱਲ੍ਹ ਪਾ ਸਕਦਾ ਹੈ। ਉਨ੍ਹਾਂ ਪੰਜਾਬੀ ਲੇਖਕਾਂ, ਸੁਹਿਰਦ ਨੇਤਾਵਾਂ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਖੱਬੇ ਏਕੇ ਲਈ ਯਤਨ ਕਰਨ।

ਪੰਜਾਬੀ ਫਿਲਮਾਂ ਦਾ ਅਣਮੋਲ ਹੀਰਾ : ਵਰਿੰਦਰ

ਜੋ ਅਤਿਵਾਦੀ ਗੋਲੀਆਂ ਦਾ ਸ਼ਿਕਾਰ ਹੋ ਗਿਆ

ਚੰਡੀਗੜ੍ਹ — ਪੰਜਾਬੀ ਫਿਲਮਾਂ ਦੇ ਸਭ ਤੋਂ ਵੱਡੇ ਨਿਰਦੇਸ਼ਕ ਤੇ ਅਦਾਕਾਰ ਵਰਿੰਦਰ ਨਹੀਂ ਰਹੇ। ਉਨ੍ਹਾਂ ਦੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਹਿੰਦੀ ਫਿਲਮਾਂ ਦੇ ਐਕਟਰ ਵਜੋਂ ਹੋਈ ਪਰ ਉਹ ਜਲਦ ਹੀ ਪੰਜਾਬੀ ਫਿਲਮਾਂ ਵੱਲ ਪਰਤ ਆਏ। ਪੰਜਾਬੀ 'ਚ ਉਨ੍ਹਾਂ ਦੀ ਪਹਿਲੀ ਫਿਲਮ 'ਤੇਰੀ ਮੇਰੀ ਇਕ ਜਿੰਦੜੀ' ਸੀ।

ਤਿੰਨ ਦਰਜਨ ਦੇ ਕਰੀਬ ਪੰਜਾਬੀ ਫਿਲਮਾਂ 'ਚ ਉਹ ਹੀਰੋ ਬਣ ਕੇ ਆਏ ਤੇ ਲਗਪਗ ਇਕ ਦਰਜਨ ਫਿਲਮਾਂ ਦਾ ਉਨ੍ਹਾਂ ਨੇ ਨਿਰਦੇਸ਼ਨ ਦਿੱਤਾ। 'ਬਲਬੀਰੋ ਭਾਬੀ', 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਅਤੇ 'ਯਾਰੀ ਜੱਟ ਦੀ' ਆਦਿ ਪੰਜਾਬੀ ਫਿਲਮਾਂ ਨਾਲ ਉਨ੍ਹਾਂ ਦਾ ਨਿਰਦੇਸ਼ਕ ਵਜੋਂ ਬਹੁਤ ਵੱਡਾ ਕੱਦ ਬਣ ਗਿਆ ਤੇ ਉਹ ਨੰਬਰ ਇਕ ਕਰਾਰ ਦਿੱਤੇ ਗਏ। ਬਾਕਸ ਆਫਿਸ 'ਤੇ ਉਨ੍ਹਾਂ ਦੀਆਂ ਫਿਲਮਾਂ ਅਪਾਰ, ਸਫਲਤਾ ਪ੍ਰਾਪਤ ਕਰਦੀਆਂ ਰਹੀਆਂ। ਉਨ੍ਹਾਂ ਨੂੰ ਆਮ ਤੌਰ 'ਤੇ ਪੰਜਾਬੀ ਫਿਲਮਾਂ ਦਾ ਧਰਮਿੰਦਰ ਕਹਿ ਕੇ ਜਾਣਿਆ ਜਾਂਦਾ ਸੀ। ਉਂਜ ਵੀ ਉਹ ਨਜ਼ਦੀਕੀ ਰਿਸ਼ਤੇ 'ਚੋਂ ਧਰਮਿੰਦਰ ਦੇ ਭਰਾ ਲਗਦੇ ਸਨ। ਉਹ ਅਜਿਹੇ ਵਿਚਾਰਾਂ ਵਾਲੇ ਪਰਿਵਾਰ 'ਚੋਂ ਸਨ ਜਿਨ੍ਹਾਂ ਵਿਚੋਂ ਕਈ ਸਿੱਖ ਸਰੂਪ ਵਾਲੇ ਨੇ ਤੇ ਕਈ ਹਿੰਦੂ-ਸਰੂਪ ਵਾਲੇ।

ਵਰਿੰਦਰ ਫਗਵਾੜੇ ਨੇੜਲੇ ਇਕ ਪਿੰਡ ਦੇ ਸਨ। ਪਰ ਚਿਰਾਂ ਤੋਂ ਬੰਬਈ ਵਿਚ ਵਸੇ ਹੋਏ ਸਨ। ਜਾਣੂੰ ਹਲਕਿਆਂ ਵਿਚ ਉਨ੍ਹਾਂ ਨੂੰ ਬਾਊਸ਼ੀ ਕਰਕੇ ਪੁਕਾਰਿਆ ਜਾਂਦਾ ਸੀ। ਅੱਜ ਕੱਲ੍ਹ ਉਹ ਪੰਜਾਬ ਆਏ ਹੋਏ ਸਨ ਤੇ ਲੁਧਿਆਣੇ ਜ਼ਿਲੇ ਵਿਚ ਤਲਵੰਡੀ ਰਾਏ ਵਿਖੇ 'ਜੱਟ ਤੇ ਜ਼ਮੀਨ' ਫਿਲਮ ਦੀ ਸ਼ੂਟਿੰਗ ਕਰ ਰਹੇ ਸਨ। ਇਸ ਫਿਲਮ ਦੇ ਉਹ ਹੀਰੋ ਸਨ ਤੇ ਡਾਇਰੈਕਟਰ ਵੀ। ਜਦੋਂ ਉਨ੍ਹਾਂ ਉਪਰ ਹਮਲਾ ਹੋਇਆ ਉਦੋਂ ਇਸੇ ਫਿਲਮ ਦੀ ਸ਼ੂਟਿੰਗ ਚਲ ਰਹੀ ਸੀ। ਇਸ ਤੋਂ ਪਹਿਲਾਂ ਉਹ



'ਜੱਟ ਸੂਰਮੇ' ਅਤੇ 'ਦੁਸ਼ਮਣੀ ਦੀ ਅੱਗ' ਫਿਲਮਾਂ ਮੁਕੰਮਲ ਕਰ ਚੁਕੇ ਸਨ ਜੋ ਅਜੇ ਰਿਲੀਜ਼ ਹੋਣੀਆਂ ਬਾਕੀ ਹਨ। ਪਰ ਹਿੰਦੀ ਫਿਲਮ 'ਦੋ ਫੰਟੂਸ਼' ਅਜੇ ਅੱਧੀ ਹੀ ਬਣੀ ਸੀ। ਉਸ ਨੇ 'ਮੇਰਾ ਲਹੂ' ਤੇ 'ਤੁਲਸੀ' ਨਾਂ ਦੀਆਂ ਹਿੰਦੀ ਫਿਲਮਾਂ ਵੀ ਬਣਾਈਆਂ।

ਵਰਿੰਦਰ ਦੀਆਂ ਫਿਲਮਾਂ ਪੰਜਾਬ ਵਿਚ ਹੀ ਨਹੀਂ, ਪੰਜਾਬ ਤੋਂ ਬਾਹਰ ਵੀ ਪੰਜਾਬੀ ਵਸੋਂ ਵਾਲੇ ਖੇਤਰਾਂ ਵਿਚ ਮਕਬੂਲ ਹੋਈਆਂ ਹਨ। ਇੰਗਲੈਂਡ, ਕੈਨੇਡਾ ਆਦਿ ਬਾਹਰਲੇ ਮੁਲਕਾਂ ਵਿਚ ਪੰਜਾਬੀ ਫਿਲਮਾਂ ਦੀ ਸ਼ੂਟਿੰਗ ਦੀ ਪਿਰਤ ਵੀ ਵਰਿੰਦਰ ਨੇ ਹੀ ਪਾਈ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਪੰਜਾਬੀ ਫਿਲਮਾਂ ਦਾ ਖੇਤਰ ਵਸੀਹ ਕਰਨ ਦੇ ਨਾਲ ਨਾਲ ਮਾਡਰਨ ਪੰਜਾਬ ਨੂੰ ਉਨ੍ਹਾਂ ਨੇ ਸਕਰੀਨ ਉਤੇ ਲਿਆਂਦਾ।

ਵਰਿੰਦਰ ਦੇ ਜਾਣ ਨਾਲ ਪੰਜਾਬੀ ਫਿਲਮਾਂ ਦੇ ਖਜ਼ਾਨੇ 'ਚੋਂ ਇਕ ਅਣਮੋਲ ਹੀਰਾ ਚਲਾ ਗਿਆ ਹੈ। ਫਿਲਮੀ ਹਲਕਿਆਂ 'ਚ ਸੋਗ ਦੀ ਲਹਿਰ ਦੌੜ ਗਈ ਹੈ।

ਤਲਵੰਡੀ ਉਤੇ ਹੋਏ ਹਮਲੇ ਦੀ ਉਚ ਪੱਧਰੀ ਜਾਂਚ ਮੰਗੀ

ਮਾਨਸਾ — ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਸ੍ਰੀ ਕਿਰਪਾਲ ਸਿੰਘ ਸ਼ਾਂਤ ਅਤੇ ਸ੍ਰੀ ਗੁਰਦੇਵ ਸਿੰਘ ਭੁਪਾਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਜਗਦੇਵ ਸਿੰਘ ਤਲਵੰਡੀ ਉਪਰ ਹੋਏ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰ ਕੇ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।


ਦੋਹਾਂ ਆਗੂਆਂ ਵਲੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਸ੍ਰੀ ਤਲਵੰਡੀ ਵਲੋਂ ਇਸ ਹਮਲੇ ਪਿਛੋਂ ਸਾਜ਼ਿਸ਼ ਕਰਨ ਵਾਲੇ ਲੋਕਾਂ ਦਾ ਨਾਂ ਲੈਣ 'ਤੇ ਵੀ ਸਰਕਾਰ ਅਤੇ ਪੁਲਿਸ ਨੇ ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਆਗੂਆਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਸਿਰਫ ਸਿਆਸੀ ਮੰਤਵਾਂ ਲਈ ਸਿਆਸੀ ਤੇ ਧਾਰਮਿਕ ਆਗੂਆਂ ਦੇ ਕਤਲ ਕਰਨ ਦੀ ਨੀਤੀ ਸਿੱਖਾਂ ਵਿਚ ਖਾਨਾਜੰਗੀ ਦੀ ਭਾਵਨਾ ਲੈ ਕੇ ਆ ਰਹੀ ਹੈ। ਇਨ੍ਹਾਂ ਧਾਰਮਿਕ ਆਗੂਆਂ ਨੇ ਇਸ ਗੱਲ 'ਤੇ ਵੀ ਸ਼ੱਕ ਪ੍ਰਗਟ ਕੀਤਾ ਕਿ ਕੇਂਦਰ ਸਰਕਾਰ ਵਲੋਂ ਜਥੇਦਾਰ ਤਲਵੰਡੀ ਉਪਰ ਹੋਏ ਹਮਲੇ ਸਬੰਧੀ ਕਿਸੇ ਵੀ ਤਰ੍ਹਾਂ ਅਮਲ ਨਹੀਂ ਕੀਤਾ।

ਇਕ ਹੋਰ ਬਿਆਨ ਵਿਚ ਸਥਾਨਕ ਅਦਾਲਤ ਦੇ ਸਿੱਖ ਵਕੀਲਾਂ ਨੇ ਜਥੇਦਾਰ ਤਲਵੰਡੀ ਉਪਰ ਹੋਏ ਕਾਤਲਾਨਾ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਵਕੀਲਾਂ ਵਲੋਂ ਜਾਰੀ ਕੀਤੇ ਗਏ ਬਿਆਨ ਵਿਚ ਸਰਵਸ੍ਰੀ ਹਰਚਰਨ ਸਿੰਘ, ਦਲੀਪ ਸਿੰਘ, ਜੁਗਰਾਜ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ ਬਹਿਨੀਵਾਲ ਅਤੇ ਜਗਜੀਤ ਸਿੰਘ ਨੇ ਸਾਂਝੇ ਤੌਰ ਤੇ ਇਹ ਮੰਗ ਰੱਖੀ ਕਿ ਪੰਜਾਬ ਮਸਲੇ ਦੇ ਹੱਲ ਲਈ ਕੇਂਦਰ ਸਰਕਾਰ ਜਾਣ ਬੁਝ ਕੇ ਕੀਤੀ ਜਾ ਰਹੀ ਸਮਝੌਤੇਬਾਜ਼ੀ ਬੰਦ ਕਰ ਕੇ ਈਮਾਨਦਾਰੀ ਨਾਲ ਇਕਤਰਫਾ ਐਲਾਨ ਕਰੇ। ਸਿੱਖ ਵਕੀਲਾਂ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੀ ਬਹੁਮੱਤ ਦੇ ਨਸ਼ੇ ਵਿਚ ਦੇਸ਼ ਅਤੇ ਸੰਵਿਧਾਨ ਦੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਛਿੱਕੇ 'ਤੇ ਟੰਗ ਕੇ ਤਾਨਾਸ਼ਾਹੀ ਨਾਲ ਰਾਜ ਕਰ ਰਹੀ ਹੈ।

Sutton GROUP

ਪ੍ਰਾਪਰਟੀ ਇਨਵੈਸਟਮੈਂਟ

ਲਈ ਸਲਾਹ ਲੈਣੀ ਹੋਵੇ



ਆਪਣਾ ਘਰ ਟਰੇਡ ਕਰਕੇ ਨਵਾਂ ਲੈਣਾ ਹੋਵੇ

ਤਾਂ

ਆਲਮਜੀਤ ਤੱਖਰ

ਨੂੰ ਫ਼ੋਨ ਕਰੋ :

ਦਫ਼ਤਰ - 581-1211

ਘਰ - 591-8823

For Property Investment
Or Trade-In

Phone Alan Takhar

Bus: 581-1211

Res: 591-8823

SUTTON GROUP MEDALLION REALTY

#1 - 9200 - 120 St., Surrey, B.C. V3V 4B7

ਨਵਾਂ ਸਾਲ ਮੁਬਾਰਕ !

MATRIMONIAL

Suitable Match for Jat Sikh girl 27, 5'6" tall, pretty, software specialist, employed.

ਜੱਟ ਸਿੱਖ ਘਰਾਣੇ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੀ ਉਮਰ 27 ਸਾਲ ਹੈ, ਕੱਦ 5 ਫੁੱਟ 6 ਇੰਚ ਹੈ। ਲੜਕੀ ਖੂਬਸੂਰਤ ਹੈ। ਕੰਪਿਊਟਰ ਦੀ ਸਪੈਸ਼ਲਿਸਟ ਹੈ ਤੇ ਚੰਗੀ ਤਨਖਾਹ ਲੈਂਦੀ ਹੈ।

ਖਤ ਇਸ ਪਤੇ ਤੇ ਲਿਖੋ :

KSD - 202
C/o CANADA DARPAN
P.O.BOX 265
SURREY, B.C. V3T 4W8

ਗ੍ਰੰਥੀ ਦੀ ਲੋੜ

ਮਕੈਂਜ਼ੀ ਸਿੱਖ ਸੁਸਾਇਟੀ ਲਈ ਗ੍ਰੰਥੀ ਦੀ ਲੋੜ ਹੈ। ਕਥਾ, ਕੀਰਤਨ ਜਾਣਦਾ ਹੋਵੇ ਤੇ ਸਿਖਾ ਸਕਦਾ ਹੋਵੇ। ਬੱਚਿਆਂ ਨੂੰ ਪੰਜਾਬੀ ਸਿਖਾ ਸਕੇ, ਉਮਰ 45 ਸਾਲ ਤੋਂ ਉਪਰ ਹੋਵੇ। ਕੈਨੇਡਾ ਦਾ ਇਮੀਗਰੈਂਟ ਜਾਂ ਸਿਟੀਜ਼ਨ ਹੋਵੇ। ਵਿਜ਼ਟਰ ਬਾਰੇ ਵੀ ਸੋਚਿਆ ਜਾ ਸਕਦਾ ਹੈ। ਤਨਖਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ। ਇਸ ਬਾਰੇ ਗੱਲਬਾਤ ਕਰੋ :

ਬਲਬੀਰ ਸਿੰਘ ਨਾਗਰਾ
(604) 997-6994

ਜਾਂ

ਹਰਬੰਸ ਸਿੰਘ ਰਾਏ - 997-3567

ਚਿੱਠੀ ਲਿਖਣ ਦਾ ਪਤਾ :

Mackenzie Sikh Society
Box 2407
Mackenzie, B.C. V0J 2C0

"FOR ALL YOUR PRINTING NEEDS"

dhannu printing co. ltd.

Printers □ Lithographers

English Wedding Cards and other Printing at reasonable rates

ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 **Res. 585-7916**

10281 - 133A St., SURREY, B.C. V3T 4A1

ਜਾਇਦਾਦ ਖ਼੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੁਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

ਭੁਪਿੰਦਰ ਸਿੰਘ ਸੋਢੀ

PH. Bus. 437-9431
Res. 434-8987


UNITED REALTY

2443 Kingsway, Vancouver, B.C.
V5R 5G8

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

London From **$548.00** **Toronto** From **$299.00**



AUTHORIZED AGENTS FOR:

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

ਹਿੰਸਾ ਦੀ ਚੱਕੀ 'ਚ ਪਿਸ ਰਹੀ ਪੰਜਾਬੀ ਔਰਤ

ਕਰਮ ਬਰਸਟ



ਪੰਜਾਬ ਮਸਲੇ ਬਾਰੇ ਦੇਸ਼ ਵਿਦੇਸ਼ ਵਿਚ ਜਿੰਨਾ ਕੁਝ ਲਿਖਿਆ, ਪੜ੍ਹਿਆ ਅਤੇ ਵਿਚਾਰਿਆ ਗਿਆ ਹੈ, ਭਾਰਤ ਵਿਚ ਉਠੇ ਕਿਸੇ ਹੋਰ ਮਸਲੇ ਬਾਰੇ ਸ਼ਾਇਦ ਹੀ ਕਦੇ ਇੰਨੀ ਚਰਚਾ ਹੋਈ ਹੋਵੇ। ਪ੍ਰੰਤੂ ਅਚੰਭੇ ਦੀ ਗੱਲ ਹੈ ਕਿ ਇਨ੍ਹਾਂ ਵਰ੍ਹਿਆਂ ਦੌਰਾਨ ਸਮੱਸਿਆ ਤੋਂ ਪ੍ਰਭਾਵਤ ਪੰਜਾਬੀ ਵਸੋਂ ਦੇ ਅੱਧੇ ਹਿੱਸੇ ਔਰਤਾਂ ਬਾਰੇ ਥੋੜ੍ਹਾ ਜਿੰਨਾ ਵੀ ਵਿਚਾਰ ਨਹੀਂ ਹੋਇਆ। ਜੇ ਉਨ੍ਹਾਂ ਦੀ ਸਮਾਜਕ, ਆਰਥਿਕ ਅਤੇ ਸਭਿਆਚਾਰਕ ਜੀਵਨ ਹਾਲਤਾਂ ਬਾਰੇ ਮਾੜਾ ਮੋਟਾ ਵਿਚਾਰ-ਵਟਾਂਦਰਾ ਕੀਤਾ ਗਿਆ ਵੀ ਹੋਵੇ, ਉਹ ਆਟੇ ਵਿਚ ਲੂਣ ਦੇ ਸਮਾਨ ਹੋਵੇਗਾ। ਦੇਖਿਆ ਜਾਵੇ ਤਾਂ ਇਹ ਸੁਭਾਵਿਕ ਵੀ ਲਗਦਾ ਹੈ ਕਿ ਕਿਉਂਕਿ ਪੰਜਾਬ, ਭਾਰਤੀ ਮਰਦ ਪ੍ਰਧਾਨ ਸਮਾਜ ਦਾ ਹੀ ਇਕ ਅਟੁੱਟ ਅੰਗ ਹੈ ਜਿਸ ਵਿਚ ਔਰਤ ਨੂੰ ਹਕੀਕਤ ਵਿਚ ਹਮੇਸ਼ਾ ਹੀ ਮਰਦ ਤੋਂ ਹੀਣੀ ਸਮਝਿਆ ਜਾਂਦਾ ਹੈ, ਗੱਲੀਂ-ਬਾਤੀਂ ਭਾਵੇਂ ਉਸ ਦੀ ਕਿੰਨੀ ਵੀ ਵਡਿਆਈ ਕੀਤੀ ਜਾਂਦੀ ਹੋਵੇ। ਇਸ ਲਈ ਸਾਡੇ ਲੇਖਕਾਂ ਅਤੇ ਪੱਤਰਕਾਰਾਂ ਦੀਆਂ ਨਜ਼ਰਾਂ ਵਿਚੋਂ ਸੁਤੇ-ਸਿਧ ਹੀ ਔਰਤਾਂ ਦਾ ਅਣਗੌਲਿਆ ਲੰਘ ਜਾਣਾ ਅਣਹੋਣੀ ਨਹੀਂ ਹੈ।

ਪੰਜਾਬੀ (ਭਾਰਤੀ) ਔਰਤ ਸਦੀਆਂ ਤੋਂ ਹੀ ਸਾਡੇ ਗੈਰ-ਬਰਾਬਰੀ, ਪੱਖਪਾਤੀ ਅਤੇ ਅਨਿਆਂ ਉਪਰ ਉਸਰੇ ਸਮਾਜ ਵਿਚ ਲਤਾੜੀ ਜਾਂਦੀ ਰਹੀ ਹੈ। ਕੁੜੀ ਨੂੰ ਜੰਮਦਿਆਂ ਮਾਰ ਦੇਣਾ, ਉਸ ਨਾਲ ਖਾਣ-ਪੀਣ ਪਹਿਨਣ ਵਿਚ ਵਿਤਕਰਾ ਕਰਨਾ, ਵਿਧਵਾ ਔਰਤ ਨੂੰ ਜਬਰਨ ਸਤੀ ਹੋਣ ਲਈ ਮਜਬੂਰ ਕਰਨਾ, ਦਾਜ ਦੀ ਖਾਤਰ ਸਾੜ ਦੇਣਾ ਅਤੇ ਹੁਣ ਲਿੰਗ ਟੈਸਟਾਂ ਦੀ ਆੜ ਹੇਠ ਅਣਜੰਮੀਆਂ ਧੀਆਂ ਨੂੰ ਗਰਭ ਅੰਦਰ ਹੀ ਕਤਲ ਕਰ ਦੇਣਾ ਸਾਡੇ ਸਮਾਜ ਦੀਆਂ ਅਤਿ ਘਿਨਾਉਣੀਆਂ ਬੁਰਾਈਆਂ ਹਨ। ਇਨ੍ਹਾਂ ਦੇ ਸਦੀਵੀ ਖਾਤਮੇ ਲਈ ਸਮਾਜ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ। ਆਰਥਿਕ ਅਤੇ ਸਮਾਜਕ ਰਿਸ਼ਤਿਆਂ ਦੀ ਮੁੜ ਸਿਰਜਣਾ ਦੇ ਨਾਲ ਸਭਿਆਚਾਰਕ ਵਿਗਾੜਾਂ ਨੂੰ ਦੂਰ ਕਰਨ ਦੀ ਲੋੜ ਹੈ। ਔਰਤ ਵਰਗ ਦੀਆਂ ਇਨ੍ਹਾਂ ਚਿਰ-ਸਥਾਈ ਸਮੱਸਿਆਵਾਂ ਤੋਂ ਇਲਾਵਾ ਪੰਜਾਬ ਸਮੱਸਿਆ ਦੇ ਪਿਛਲੇ ਦੁਖਦਾਈ ਵਰ੍ਹਿਆਂ ਨੇ ਔਰਤਾਂ ਲਈ ਮੁਸੀਬਤਾਂ ਦੇ ਅਜਿਹੇ ਪਹਾੜ ਖੜ੍ਹੇ ਕੀਤੇ ਹਨ ਜਿਨ੍ਹਾਂ ਨੂੰ ਦਹਾਕਿਆਂ ਤਕ ਧਰਤੀ ਤੋਂ ਮੇਟਣਾ ਅਸੰਭਵ ਹੋਵੇਗਾ। ਪੰਜਾਬੀ ਔਰਤ ਇਸ ਵੇਲੇ ਜ਼ੁਲਮ ਜਬਰ ਦੀ ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸ ਰਹੀ ਹੈ। ਇਕ ਪਾਸੇ ਦਹਿਸ਼ਤਗਰਦਾਂ ਦੀਆਂ ਚੀਨੀ ਰਫਲਾਂ ਹਨ, ਜੋ ਚਲਣ ਵੇਲੇ ਕਦੇ ਵੀ ਭਲੇ-ਬੁਰੇ ਦੀ ਪਛਾਣ ਨਹੀਂ ਕਰਦੀਆਂ ਅਤੇ ਦੂਜੇ ਪਾਸੇ ਖਾਕੀ ਡੰਡਾ ਹੈ, ਜੋ ਬੇਰਹਿਮੀ ਨਾਲ ਚੋਰ ਅਤੇ ਸਾਧ ਉਤੇ ਇਕੋ ਵੇਲੇ ਇਕ ਜਿੰਨਾ ਵਰ੍ਹਦਾ ਹੈ।

ਪੰਜਾਬ ਵਿਚ ਡੁਲ੍ਹੇ ਬੇਗੁਨਾਹਾਂ ਦੇ ਖ਼ੂਨ ਨਾਲ ਧਰਤੀ ਦਾ ਚੱਪਾ ਚੱਪਾ ਤਾਂ ਰੰਗਿਆ ਪਿਆ ਹੀ ਹੈ ਪ੍ਰੰਤੂ ਜਿਨ੍ਹਾਂ ਔਰਤਾਂ ਦੇ ਹੋਣਹਾਰ ਪੁੱਤਾਂ, ਵੀਰਾਂ, ਪਤੀਆਂ ਦਾ ਇਹ ਖ਼ੂਨ ਡੁਲ੍ਹਿਆ ਹੈ, ਉਨ੍ਹਾਂ ਦੇ ਜ਼ਖਮਾਂ 'ਤੇ ਅੰਗੂਰ ਆਉਣਾ ਮੁਸ਼ਕਲ ਹੈ। ਉਹ ਜ਼ਖਮ ਤਾਂ ਆਖਰੀ ਸਾਹਾਂ ਤੱਕ ਰਿਸਦੇ ਹੀ ਰਹਿਣਗੇ। ਮਰਨ ਵਾਲੇ ਤਾਂ ਇਕ ਵਾਰ ਮਰ ਗਏ ਪਰ ਉਨ੍ਹਾਂ ਦੇ ਸਬੰਧੀ ਹਰ ਘੜੀ, ਹਰ ਪਲ ਮਰਦੇ ਹਨ। ਜਿਹੜੇ ਦੁੱਧ ਚੁੰਘਦੇ ਬਾਲ ਦਾ ਪਿਓ ਸਵੇਰ ਦਾ ਘਰੋਂ ਗਿਆ ਸ਼ਾਮ ਨੂੰ ਘਰ ਨਹੀਂ ਪਰਤਿਆ, ਉਸ ਜੀਵਨ ਕੋਸ਼ ਵਿਚੋਂ "ਪਾਪਾ" ਸ਼ਬਦ ਸਦਾ ਲਈ ਅਲੋਪ ਹੋ ਗਿਆ ਅਤੇ ਉਹਦੀ ਸੁੱਖਾਂ-ਲੱਧੀ ਮਾਂ ਕੋਲੋਂ ਪਤੀ ਸ਼ਬਦ ਉਮਰ ਭਰ ਲਈ ਰੁੱਸ ਗਿਆ। ਬੁੱਢੇ ਮਾਪਿਆਂ ਦੀ ਅਰਥੀ ਨੂੰ ਮੋਢਾ ਦੇਣ ਵਾਲਾ ਸਰੀਰ ਉਨ੍ਹਾਂ ਦੀ ਹੀ ਝੋਲੀ ਵਿਚ ਲੋਥ ਬਣ ਕੇ ਡਿੱਗ ਪਿਆ। ਗੱਲ ਕੀ, ਪੰਜਾਬ ਦਾ ਸਾਰਾ ਦਰਦ ਔਰਤ ਦੀ ਝੋਲੀ ਵਿਚ ਸਮਾ ਗਿਆ ਹੈ।

ਪੰਜਾਬ ਦੇ ਇਕ ਫਿਰਕੇ ਦੀ ਔਰਤ ਇਸ ਕਰ ਕੇ ਵਿਧਵਾ ਬਣਾ ਦਿੱਤੀ ਜਾਂਦੀ ਹੈ ਕਿ ਉਸ ਦਾ ਪੁੱਤ-ਪਤੀ-ਭਰਾ ਹਿੰਦੂ ਹੈ। ਉਸ ਦਾ ਧਰਮ ਅਤੇ ਸ਼ਕਲ ਹਾਕਮਾਂ ਦੀ ਬਹੁਗਿਣਤੀ ਨਾਲ ਮਿਲਦੀ ਹੈ। ਪੰਜਾਬ ਦੇ ਦੂਜੇ ਫਿਰਕੇ ਦੀ ਔਰਤ ਇਸ ਕਰ ਕੇ ਜ਼ੁਲਮ ਦਾ ਸ਼ਿਕਾਰ ਹੈ ਕਿ ਉਸ ਦਾ ਪੁੱਤ--ਪਤੀ-ਭਰਾ ਅੰਮ੍ਰਿਤਧਾਰੀ ਹੈ ਸੁਰੱਖਿਆ ਦਸਤਿਆਂ ਹੱਥੋਂ ਆਪਣੇ ਗਲੀ ਗੁਆਂਢ ਦੇ ਹਾਣੀਆਂ ਦੀ ਦੁਰਦਸ਼ਾ ਅਤੇ ਪੁਲੀਸ ਮੁਕਾਬਲਿਆਂ ਤੋਂ ਡਰਦਾ ਉਹ ਘਰੋਂ ਦੌੜ ਗਿਆ ਹੈ। ਉਹ ਗੁਮਰਾਹ ਹੋ ਕੇ ਫਿਰਕੂ ਦਹਿਸ਼ਤਗਰਦਾਂ ਨਾਲ ਰਲ ਗਿਆ ਹੈ। ਕੀ ਇਸ ਸਭ ਕਾਸੇ ਲਈ ਇਨ੍ਹਾਂ ਦੋਵੇਂ ਤਰ੍ਹਾਂ ਦੀ ਮਾਰ ਸਹਿਣ ਵਾਲੀਆਂ ਔਰਤਾਂ ਜ਼ਿਮੇਂਵਾਰ ਹਨ? ਕਾਤਲਾਂ ਅਤੇ ਕਤਲ ਰੋਕਣ ਦਾ ਦਾਅਵਾ ਕਰਨ ਵਾਲਿਆਂ 'ਚੋਂ ਕਿਸੇ ਕੋਲ ਵੀ ਇਸ ਗੱਲ ਦਾ ਜਵਾਬ ਨਹੀਂ ਹੈ।

ਪੰਜਾਬ ਵਿਚ ਚੱਲੀ ਕਿਸੇ ਵੀ ਲਹਿਰ, ਭਾਵੇਂ ਉਹ ਲੋਕ-ਪੱਖੀ ਸੀ ਜਾਂ ਲੋਕ-ਵਿਰੋਧੀ, ਨੇ ਹਿੰਸਕ ਰੂਪ ਅਖਤਿਆਰ ਕੀਤਾ ਹੈ ਤਾਂ ਕਥਿਤ ਬਾਗੀਆਂ ਦੇ ਨਾਲ ਹੀ ਆਮ ਜਨਤਾ ਅਤੇ ਉਨ੍ਹਾਂ ਦੇ ਪਰਿਵਾਰਾਂ ਖਾਸ ਕਰਕੇ ਔਰਤਾਂ ਨੂੰ ਰਾਜਸੀ ਜਬਰ ਦਾ ਚੁਣਵਾਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਸਿੱਖ ਇਤਿਹਾਸ ਵਿਚ ਮਾਤਾ ਗੁਜਰੀ ਅਤੇ ਦੋ ਮਾਸੂਮ ਸਾਹਿਬਜ਼ਾਦਿਆਂ ਦੀ ਕੁਰਬਾਨੀ ਮੁਗਲ ਹਕੂਮਤ ਦੇ ਜ਼ੁਲਮਾਂ ਦੀ ਉਘੜਵੀਂ ਮਿਸਾਲ ਹੈ। ਪੁਰਾਣੇ ਸਮਿਆਂ ਵਿਚ ਹਮਲਾਵਰ ਧਾੜਵੀਆਂ ਨੇ ਇਥੋਂ ਦੀ ਧਨ ਦੌਲਤ ਹੀ ਨਹੀਂ ਲੁੱਟੀ, ਸਗੋਂ ਮਨੁੱਖੀ ਕਤਲਾਮ ਦੇ ਨਾਲ ਨਾਲ ਔਰਤਾਂ ਦੀ ਖੇਹ-ਖਰਾਬੀ ਕਰ ਕੇ ਉਨ੍ਹਾਂ ਨੂੰ ਉਧਾਲਿਆ ਵੀ। ਅੰਗਰੇਜ਼ ਹਕੂਮਤ ਦੌਰਾਨ ਆਜ਼ਾਦੀ ਲਈ ਲੜਨ ਵਾਲੇ ਸੱਚੇ ਦੇਸ਼ ਭਗਤਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਰਾਹ ਤੋਂ ਥਿੜਕਾਉਣ ਲਈ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਉਸ ਵੇਲੇ ਹਕੂਮਤ ਦਾ ਇਹ ਜਬਰ ਸਮਝ ਵਿਚ ਆਉਂਦਾ ਹੈ ਕਿਉਂਕਿ ਉਸ ਵਿਦੇਸ਼ੀ ਹਕੂਮਤ ਦੀ ਨੀਂਹ ਬੇਇਨਸਾਫੀ, ਜਬਰ, ਜ਼ੁਲਮ ਅਤੇ ਮਨੁੱਖੀ ਲੁੱਟ ਉਪਰ ਖੜ੍ਹੀ ਸੀ। ਅਜਿਹੇ ਸਾਰੇ ਮਨੁੱਖ ਵਿਰੋਧੀ ਰਾਜ ਪ੍ਰਬੰਧਾਂ ਦਾ ਖਾਤਮਾ ਕਰਨ ਤੇ ਆਜ਼ਾਦੀ ਲਈ ਪੰਜਾਬੀਆਂ ਨੇ ਦੂਜੇ ਭਾਰਤ ਵਾਸੀਆਂ ਨਾਲ ਮਿਲ ਕੇ ਮਹਾਨ ਕੁਰਬਾਨੀਆਂ ਕੀਤੀਆਂ। ਸਮੁੱਚੀ ਭਾਰਤੀ ਜਨਤਾ ਦੇ ਨਾਲ ਹੀ ਔਰਤ ਵਰਗ ਨੇ ਵੀ ਸੁਖ ਦਾ ਸਾਹ ਲਿਆ ਕਿ ਹੁਣ ਕਾਲੇ ਦਿਨਾਂ ਦਾ ਅੰਤ ਹੋ ਗਿਆ ਹੈ, ਉਹ ਵੀ ਮਨੁੱਖ ਹੋ ਕੇ ਮਨੁੱਖਾਂ ਵਾਂਗ ਜਿਉਣ ਲਈ ਆਜ਼ਾਦ ਹੋ ਜਾਣਗੀਆਂ। ਸੰਵਿਧਾਨ ਨੇ ਭਾਰਤੀ ਔਰਤ ਨੂੰ ਮਰਦਾਂ ਦੇ ਬਰਾਬਰ ਵੋਟ ਦੇਣ, ਲਿਖਣ, ਬੋਲਣ, ਘੁੰਮਣ, ਨੌਕਰੀ ਕਰਨ ਅਤੇ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਆਦਿ ਅਧਿਕਾਰ ਪ੍ਰਦਾਨ ਕਰ ਦਿੱਤੇ। ਪ੍ਰੰਤੂ ਬਿਆਲੀ ਵਰ੍ਹਿਆਂ ਬਾਅਦ ਵੀ ਇਹ ਅਫਸੋਸਨਾਕ ਪਹਿਲੂ ਹੈ ਕਿ ਔਰਤਾਂ ਦੀ ਆਜ਼ਾਦੀ ਦੀਆਂ ਗੱਲਾਂ ਸਿਰਫ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ, ਅਮਲ ਵਿਚ ਪੂਰੀਆਂ ਨਹੀਂ ਹੋ ਸਕੀਆਂ। ਤੱਤ ਰੂਪ ਵਿਚ ਪੰਜਾਬੀ (ਭਾਰਤੀ) ਔਰਤ ਅੱਜ ਵੀ ਆਜ਼ਾਦੀ ਲਈ ਉਵੇਂ ਸਹਿਕਦੀ ਹੈ ਜਿਵੇਂ ਸਦੀਆਂ ਪਹਿਲਾਂ ਸਹਿਕਦੀ ਸੀ। ਦੇਖਣ ਵਿਚ ਔਰਤ ਨੂੰ ਮਿਲੀ ਆਜ਼ਾਦੀ ਸਤਹੀ ਹੈ। ਇਹ ਆਜ਼ਾਦੀ ਉਨੀ ਕੁ ਹੈ ਜਿੰਨੀ ਕੁ ਮਰਦ ਪ੍ਰਧਾਨ ਸਮਾਜ ਦੇ ਮੌਜੂਦਾ ਸਮਾਜਕ ਵਿਕਾਸ ਦੇ ਸੂਤ ਬੈਠਦੀ ਹੈ।

ਪੰਜਾਬ ਵਿਚ ਜਦੋਂ ਤੋਂ ਆਤੰਕਵਾਦੀ ਲਹਿਰ ਨੇ ਜ਼ੋਰ ਫੜਿਆ ਹੈ, ਪੰਜਾਬੀ ਔਰਤ ਉਦੋਂ ਤੋਂ ਹੀ ਹਕੂਮਤੀ ਜਬਰ ਦੀ ਮਾਰ ਹੇਠ ਆਈ ਹੋਈ ਹੈ। ਸਰਕਾਰ ਦੀਆਂ ਨਜ਼ਰਾਂ ਵਿਚ ਭਗੌੜੇ ਹੋਏ ਕਿਸੇ ਵੀ ਕਥਿਤ ਮੁਲਜ਼ਮ ਦਾ ਅਤਾ ਪਤਾ ਲੱਭਣ ਲਈ ਪੁਲੀਸ ਤੇ ਹੋਰ ਸੁਰੱਖਿਆ ਅਧਿਕਾਰੀ ਸਭ ਤੋਂ ਪਹਿਲਾਂ ਸਬੰਧਤ ਬੰਦੇ ਦੀਆਂ ਨੇੜੇ ਦੀਆਂ ਔਰਤ ਰਿਸ਼ਤੇਦਾਰਾਂ ਦੀ ਪੁਛ-ਪੜਤਾਲ ਕਰਦੇ ਹਨ। ਪਰਿਵਾਰ ਦੇ ਮਰਦ ਮੈਂਬਰ ਤਾਂ ਪੁਲੀਸ ਦੀ ਬਿੜਕ ਲੈਂਦਿਆਂ ਹੀ ਉਰਾਂ ਪਰ੍ਹਾਂ ਹੋ ਜਾਂਦੇ ਹਨ ਪ੍ਰੰਤੂ ਔਰਤਾਂ ਕਿਧਰ ਜਾਣ? ਉਨ੍ਹਾਂ ਨੂੰ ਤਾਂ ਘਰ ਰਹਿਣਾ ਹੀ ਪੈਣਾ ਹੈ। ਅਮਨ ਕਾਨੂੰਨ ਦੇ ਰਾਖਿਆਂ ਦਾ ਪਹਿਲਾ ਸ਼ਿਕਾਰ ਔਰਤਾਂ ਬਣਦੀਆਂ ਹਨ। ਔਰਤ ਦਾ ਕਥਿਤ ਮੁਲਜ਼ਮ ਨਾਲ ਜਿੰਨਾ ਵੱਧ ਨੇੜੇ ਦਾ ਰਿਸ਼ਤਾ ਹੋਵੇਗਾ ਉਨ੍ਹਾਂ ਵਧੇਰੇ ਉਸ ਨੂੰ ਜ਼ਲੀਲ ਕੀਤਾ ਜਾਂਦਾ ਹੈ। ਆਮ ਕਰਕੇ ਉਸ ਨੂੰ ਭਰੀ ਸੱਥ ਵਿਚ ਗੰਦੀਆਂ ਗਾਲ੍ਹਾਂ, ਕੁੱਟਮਾਰ ਅਤੇ ਲੋਕਾਂ ਸਾਹਮਣੇ ਨੰਗਾ ਕਰਨ ਤੋਂ ਲੈ ਕੇ ਥਾਣੇ ਵਿਚ ਤਾੜਨ ਤੱਕ ਜ਼ਲੀਲ ਕਰਨ ਦੇ ਵੱਖ ਵੱਖ ਰੂਪ ਹਨ। ਕਿਸੇ ਸਭਿਆ ਸਮਾਜ ਵਿਚ ਔਰਤਾਂ ਨਾਲ ਅਜਿਹਾ ਵਰਤਾਓ ਕਰਨਾ ਕੀ ਸ਼ੋਭਾ ਦਿੰਦਾ ਹੈ ਜਦੋਂ ਕਿ ਔਰਤਾਂ ਦਾ ਭੋਰਾ ਭਰ ਵੀ ਕਸੂਰ ਨਾ ਹੋਵੇ। ਜੇ ਉਸ ਦਾ ਕਸੂਰ ਹੋਵੇ ਵੀ ਤਾਂ ਕੀ ਸੁਰੱਖਿਆ ਦਸਤਿਆਂ ਨੂੰ ਕਿਸੇ ਨਿਆਂਕਾਰ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਹੈ? ਕਿਸੇ ਮਰਦ ਦੇ ਕਸੂਰ ਬਦਲੇ ਔਰਤ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ? ਸ਼ਾਇਦ ਇਸ ਦਾ ਕਾਰਨ ਹੈ ਕਿ ਸਮਾਜ ਨੇ ਹਾਲੇ ਤੱਕ ਔਰਤ ਨੂੰ ਇਨਸਾਨ ਸਮਝਣਾ ਸ਼ੁਰੂ ਨਹੀਂ ਕੀਤਾ। ਮਰਦ ਪ੍ਰਧਾਨ ਸਮਾਜ ਵਿਚ ਅਜੇ ਵੀ ਔਰਤ ਨੂੰ 'ਪੈਰ ਦੀ ਜੁੱਤੀ' 'ਗਿੱਚੀ ਪਿਛੇ ਮੱਤ ਵਾਲੀ' ਅਤੇ 'ਭੋਗ ਦੀ ਵਸਤੂ' ਹੀ ਸਮਝਿਆ ਜਾਂਦਾ ਹੈ। ਮਰਦ ਦੇ ਕਬਜ਼ੇ ਹੇਠਲੀਆਂ ਹੋਰ ਵਸਤਾਂ ਵਾਂਗ ਔਰਤ ਵੀ ਇਕ ਜਾਇਦਾਦ ਸਮਝੀ ਜਾਂਦੀ ਹੈ ਜਿਸ ਦੀ ਰਾਖੀ ਅਤੇ ਦੇਖਭਾਲ ਕਰਨਾ ਮਰਦ ਦੀ ਜ਼ਿਮੇਂਵਾਰੀ ਹੁੰਦੀ ਹੈ। ਬਚਪਨ ਵਿਚ ਉਹ ਪਿਓ ਦੇ, ਜਵਾਨੀ ਵਿਚ ਪਤੀ ਦੇ ਅਤੇ ਬੁਢਾਪੇ ਵੇਲੇ ਪੁੱਤ ਦੇ ਰਹਿਮ 'ਤੇ ਜਿਉਂਦੀ ਹੈ। ਇਸ ਲਈ ਔਰਤ ਇਕ ਅਜਿਹੀ 'ਕੀਮਤੀ ਜਾਇਦਾਦ' ਹੈ ਜਿਸ ਉਪਰ ਕਬਜ਼ਾ ਜਮਾਉਣ ਲਈ ਮਰਦ ਸਭ ਤੋਂ ਵੱਧ ਚਿੰਤਤ ਰਹਿੰਦਾ ਹੈ। ਬਿਗਾਨੇ ਹੱਥੋਂ ਉਸ ਦੀ ਇੱਜ਼ਤ ਬਚਾਉਣ ਅਤੇ ਰਾਖੀ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੰਦਾ ਹੈ। ਇਸ ਲਈ ਕਿਸੇ ਵੀ ਮਰਦ ਨੂੰ ਝੁਕਾਉਣ ਲਈ, ਉਕਸਾਉਣ ਲਈ, ਬਦਲਾ ਲੈਣ ਲਈ ਅਤੇ ਉਸ ਨੂੰ ਮਾਨਸਿਕ ਤੌਰ 'ਤੇ ਸੱਟ ਮਾਰਨ ਲਈ ਵਿਰੋਧੀ ਵਲੋਂ ਉਸ ਦੀ ਮਾਂ-ਭੈਣ-ਪਤਨੀ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸ਼ਾਇਦ ਇਸੇ ਲਈ ਸੁਰੱਖਿਆ ਦਸਤੇ ਕਥਿਤ ਅਤਿਵਾਦੀਆਂ ਨੂੰ ਝੁਕਾਉਣ ਲਈ ਉਨ੍ਹਾਂ ਦੀਆਂ ਔਰਤਾਂ ਨਾਲ ਇਹੋ ਜਿਹਾ ਦੁਰਵਿਹਾਰ ਕਰਨ ਦਾ ਹੱਥਕੰਡਾ ਵਰਤਦੇ ਹਨ। ਹੋਰ ਕੁਝ ਵੀ ਹੋਵੇ, ਇਹ ਸਭ ਕੁਝ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ ਮੱਥੇ 'ਤੇ ਕਲੰਕ ਹੀ ਕਿਹਾ ਜਾ ਸਕਦਾ ਹੈ।

ਪੰਜਾਬ ਦੇ ਆਤੰਕਵਾਦੀ ਸਿੱਖ ਜਨਤਾ ਦੇ ਹਿਤੈਸ਼ੀ ਨਾ ਹੁੰਦੇ ਹੋਏ ਵੀ ਕੁਝ ਹੱਦ ਤੱਕ ਸਿਖ ਜਨਤਾ ਦੀ ਹਮਦਰਦੀ ਜਿੱਤਣ ਵਿਚ ਕਾਮਯਾਬ ਹੋ ਗਏ ਸਨ। ਕਾਰਨ ਇਹ ਸੀ ਕਿ ਉਨ੍ਹਾਂ ਨੇ ਆਮ ਲੋਕਾਂ ਖਾਸ ਕਰਕੇ ਔਰਤਾਂ ਦੀਆਂ ਹਕੂਮਤੀ ਮਸ਼ੀਨਰੀ ਹੱਥੋਂ ਹੋਈਆਂ ਬੇਪਤੀਆਂ ਨੂੰ ਬਾਖੂਬੀ ਵਰਤਿਆ ਸੀ। ਸ਼ੁਰੂ ਵਿਚ ਉਹ ਸਿੱਖ ਜਨਤਾ ਦੇ 'ਮੁਕਤੀ ਦਾਤੇ' ਹੋਣ ਦਾ ਭਰਮ ਪੈਦਾ ਕਰਨ ਵਿਚ ਵੀ ਕੁਝ ਹੱਦ ਤੱਕ ਸਫਲ ਰਹੇ ਸਨ। ਇਸ ਵੇਲੇ ਜੋ ਉਨ੍ਹਾਂ ਨੂੰ ਪਛਾੜਾਂ ਹੋ ਰਹੀਆਂ ਹਨ ਤਾਂ ਇਹ ਹਕੂਮਤ ਦੀ ਸਫਲਤਾ ਦੀ ਨਿਸ਼ਾਨੀ ਨਹੀਂ ਹੈ, ਸਗੋਂ ਇਹ ਉਨ੍ਹਾਂ ਦੇ ਮਨੁੱਖਤਾ ਵਿਰੋਧੀ ਕਾਰਨਾਮਿਆਂ ਦੇ ਪ੍ਰਤੀਕਰਮ ਵਜੋਂ ਜਨਤਾ ਵਿਚ ਉਭਰ ਰਹੀ ਮਨੁਖਵਾਦੀ ਜਮਹੂਰੀ ਚੇਤਨਾ ਕਰ ਕੇ ਹੈ। ਇਸ ਦੇ ਸਿੱਟੇ ਵਜੋਂ ਦਹਿਸ਼ਤਗਰਦਾਂ ਦਾ ਜਨਤਕ ਵਿਰੋਧ ਵਧ ਰਿਹਾ ਹੈ। ਅੱਜ ਤਕ ਜੇ ਦਹਿਸ਼ਤਗਰਦੀ ਜਾਰੀ ਹੈ ਤਾਂ ਇਸ ਦਾ ਕਾਰਨ ਹੈ ਕਿ ਹਕੂਮਤੀ ਮਸ਼ੀਨਰੀ ਹੱਥੋਂ ਆਮ ਜਨਤਾ ਨੂੰ ਬੇਲੋੜੀ ਪਰੇਸ਼ਾਨੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਵਰਤਾਰੇ ਤੋਂ ਪ੍ਰਭਾਵਤ ਜਨਤਾ ਖਾਸ ਕਰਕੇ ਸਰਹੱਦੀ ਜ਼ਿਲਿਆਂ ਦੇ ਲੋਕ ਹਾਲੇ ਵੀ ਦਹਿਸ਼ਤਗਰਦਾਂ ਨੂੰ ਸੁਰੱਖਿਆ ਦਸਤਿਆਂ ਨਾਲੋਂ ਆਪਣੇ ਨੇੜੇ ਸਮਝਦੇ ਹਨ। ਦਹਿਸ਼ਤਗਰਦਾਂ ਦਾ ਥਹੁ ਟਿਕਾਣਾ ਜਾਣਦੇ ਹੋਏ ਵੀ ਉਹ ਬਹੁਤ ਵਾਰ ਸੁਰੱਖਿਆ ਦਸਤਿਆਂ ਨੂੰ ਭੇਤ ਨਹੀਂ ਦਿੰਦੇ। ਇਸ ਦਾ ਕਾਰਨ ਇਹ ਨਹੀਂ ਕਿ ਉਨ੍ਹਾਂ ਨੂੰ ਦਹਿਸ਼ਤਗਰਦਾਂ ਨਾਲ ਬਹੁਤਾ ਹੀ ਮੋਹ ਹੈ, ਸਗੋਂ ਇਹ ਹੈ ਕਿ ਸੁਰੱਖਿਆ ਦਸਤੇ ਆਪਣੀ ਵਿਸ਼ਵਾਸਯੋਗਤਾ ਗੁਆ ਚੁਕੇ ਹਨ ਕਿਉਂਕਿ ਉਨ੍ਹਾਂ ਨੇ ਲੋਕਾਂ ਦੇ ਸਹਿਯੋਗ ਨਾਲ ਲੋਕਾਂ ਦੇ ਸਾਹਮਣੇ ਗ੍ਰਿਫਤਾਰ ਕੀਤੇ ਦਹਿਸ਼ਤਗਰਦਾਂ ਨੂੰ ਵੀ ਕਿਸੇ ਨਾ ਕਿਸੇ ਬਹਾਨੇ 'ਮੁਕਾਬਲੇ' ਵਿਚ ਮਾਰ ਦਿੱਤਾ ਸੀ। ਇਸ ਵਰਤਾਰੇ ਨੇ ਪੇਂਡੂ ਖਾਸ ਕਰਕੇ ਕਿਸਾਨ ਔਰਤ ਉਪਰ ਮਾੜਾ ਪ੍ਰਭਾਵ ਪਾਇਆ ਹੈ। ਔਰਤ ਬੁਨਿਆਦੀ ਤੌਰ 'ਤੇ ਸਭ ਤੋਂ ਪਹਿਲਾਂ ਮਾਂ ਹੁੰਦੀ ਹੈ। ਇਸ ਲਈ ਕੋਈ ਵੀ ਮਾਂ ਨਹੀਂ ਚਾਹੇਗੀ ਕਿ ਉਸ ਦੇ ਕਾਰਨ ਕਿਸੇ ਦੇ ਪੁੱਤ ਦੀ ਹੱਤਿਆ ਹੋ ਜਾਵੇ। ਇਸ ਦਾ ਦੂਜਾ ਪੱਖ ਵੀ ਘੱਟ ਮਹੱਤਵਪੂਰਨ ਨਹੀਂ ਹੈ। ਕੋਈ ਵੀ ਔਰਤ ਨਹੀਂ ਚਾਹੁੰਦੀ ਕਿ ਉਹ ਵਿਧਵਾ ਜਾਂ ਪੁੱਤ-ਵਿਹੂਣੀ ਹੋ ਜਾਵੇ।

ਪੰਜਾਬ ਵਿਚਲੀ ਆਤੰਕਵਾਦੀ ਲਹਿਰ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਇਸ ਦੀ ਤੋਰ ਨੂੰ ਨਿਰੰਤਰ ਰੱਖਣ ਵਿਚ ਔਰਤਾਂ ਦਾ ਕਾਫੀ ਯੋਗਦਾਨ ਹੈ। ਦਹਿਸ਼ਤਗਰਦਾਂ ਨੂੰ ਪਨਾਹ ਦੇਣ, ਲੁਕਾਉਣ, ਉਨ੍ਹਾਂ ਲਈ ਰੋਟੀ-ਟੁੱਕ ਦਾ ਇੰਤਜ਼ਾਮ ਕਰਨ ਅਤੇ ਹਥਿਆਰਾਂ ਤੇ ਸੁਨੇਹਿਆਂ ਨੂੰ ਇਧਰ ਉਧਰ ਪਹੁੰਚਾਉਣ ਲਈ ਔਰਤਾਂ ਕਾਫੀ ਸਹਾਈ ਹੁੰਦੀਆਂ ਰਹੀਆਂ ਹਨ। ਇਸ ਗੱਲ ਦੀ ਸਰਕਾਰੀ ਰਿਪੋਰਟਾਂ ਵੀ ਪੁਸ਼ਟੀ ਕਰ ਚੁਕੀਆਂ ਹਨ। ਇਸ ਤੱਥ ਤੋਂ ਇਹ ਸਿੱਟਾ ਕੱਢਣਾ ਉਚਿਤ ਨਹੀਂ ਹੋਵੇਗਾ ਕਿ ਸਾਰੀਆਂ ਹੀ ਸਿੱਖ ਔਰਤਾਂ ਸਚਮੁਚ ਹੀ ਦਹਿਸ਼ਤਗਰਦਾਂ ਦੀ ਪਦਾਰਥਕ ਜਾਂ ਇਖਲਾਕੀ ਹਮਾਇਤ ਕਰਦੀਆਂ ਹਨ। ਸੱਚ ਤਾਂ ਇਹ ਹੈ ਕਿ ਹਕੂਮਤ ਦੀਆਂ ਗਲਤ ਨੀਤੀਆਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਹੈ। ਹਕੂਮਤ ਨੇ ਪੰਜਾਬ ਸਮੱਸਿਆ, ਜੋ ਮੁਖ ਰੂਪ ਵਿਚ ਕਿਸਾਨ ਸਮੱਸਿਆ ਹੈ, ਨੂੰ ਹੱਲ ਕਰਨ ਲਈ ਉਕਾ ਹੀ ਯਤਨ ਨਹੀਂ ਕੀਤਾ। ਪੰਜਾਬ ਦੀ ਕਿਸਾਨੀ ਅਤੇ ਖੇਤ ਮਜ਼ਦੂਰ ਡੂੰਘੇ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ। ਇਸ ਸੰਕਟ ਵਿਚੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੂੰ ਕੋਈ ਰਾਹ ਨਹੀਂ ਲੱਭਦਾ।

ਇਸ ਸੰਕਟ ਦਾ ਸਭ ਤੋਂ ਵੱਧ ਸ਼ਿਕਾਰ ਔਰਤ ਹੈ, ਕਿਉਂਕਿ ਉਹ ਚੁਲ੍ਹੇ ਦੀ 'ਮਾਲਕ' ਹੈ। ਦੁਖ ਦੀ ਗੱਲ ਹੈ ਕਿ ਹਰੇ ਇਨਕਲਾਬ ਦੇ ਮੁਢਲੇ ਵਰ੍ਹਿਆਂ ਦੌਰਾਨ ਜਿਹੜੇ ਚੁਲ੍ਹੇ ਵਿਚ ਲੱਟ ਲੱਟ ਅੱਗ ਬਲਦੀ ਸੀ, ਉਹ ਚੁਲ੍ਹੇ ਹੌਲੀ ਹੌਲੀ ਠੰਡੇ ਹੋਣੇ ਸ਼ੁਰੂ ਹੋ ਗਏ ਹਨ। ਕੁਦਰਤੀ ਆਫਤਾਂ, ਪਹਿਲਾਂ ਸੋਕੇ ਅਤੇ ਹੁਣ ਡੋਬੇ, ਨੇ ਇਸ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਇਨ੍ਹਾਂ ਮੁਸ਼ਕਲਾਂ ਦੇ ਭਾਰ ਹੇਠ ਪੰਜਾਬੀ ਔਰਤ ਜ਼ਿਆਦਾ ਪਿਸ ਰਹੀ ਹੈ ਕਿਉਂਕਿ ਉਹ 'ਘਰ ਦੀ ਮਾਲਕਣ' ਹੈ।

ਮੇਅਰ ਕੋਪਲੈਂਡ, ਬਰਨਬੀ
ਸਿਟੀਜ਼ਨਜ਼ ਐਸੋਸੀਏਸ਼ਨ
ਕੌਂਸਲ ਮੈਂਬਰਾਂ ਅਤੇ ਸਕੂਲ ਬੋਰਡ
ਮੈਂਬਰਾਂ ਵਲੋਂ

ਨਵਾਂ ਸਾਲ ਮੁਬਾਰਕ!




ਨਵਾਂ ਸਾਲ ਮੁਬਾਰਕ!

Bill Copeland

ਨਵਾਂ ਸਾਲ ਮੁਬਾਰਕ

SEASON'S GREETINGS

SANGEET VIDEO & GIFTS



RAJ KAMAL

3369 Kingsway (at Joyce) Vancouver Ph. 432-9400

At fomer location of Video Mart, opposite London Drug & Post Office

ਸੰਗੀਤ ਵੀਡੀਓ ਐਂਡ ਗਿਫਟਸ

ਸਮੂੰਹ ਭਰਾਵਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ 3369 ਕਿੰਗਜ਼ਵੇ (Joyce & Kingsway) ਉਪਰ ਸੰਗੀਤ ਵੀਡੀਓ ਐਂਡ ਗਿਫਟਸ ਸਟੋਰ ਖੋਲ੍ਹ ਦਿੱਤਾ ਗਿਆ ਹੈ (ਜਿੱਥੇ ਪਹਿਲਾਂ ਵੀਡੀਓ ਮਾਰਟ ਹੁੰਦਾ ਸੀ)

ਇਥੋਂ ਆਪ ਨੂੰ ਹਿੰਦੀ, ਪੰਜਾਬੀ, ਉਰਦੂ, ਭਾਰਤੀ ਤੇ ਪਾਕਿਸਤਾਨੀ ਵੀਡੀਓ ਮੂਵੀਆਂ, ਡਰਾਮੇ ਆਦਿ ਦੇ ਨਾਲ ਨਾਲ ਭਾਰੀ ਚੋਣ ਵਿਚ ਫਿਲਮੀ ਤੇ ਗ਼ੈਰ ਫਿਲਮੀ ਗੀਤ, ਗਜ਼ਲਾਂ, ਕਵਾਲੀਆਂ, ਧਾਰਮਿਕ ਗੀਤ, ਸ਼ਬਦ, ਭਜਨ, ਭੇਟਾਂ, ਭੰਗੜਾ, ਗਿੱਧਾ, ਬੋਲੀਆਂ ਆਦਿ ਦੀਆਂ ਆਡੀਓ ਟੇਪਾਂ ਮਿਲ ਸਕਦੀਆਂ ਹਨ।

ਇਸ ਤੋਂ ਇਲਾਵਾ ਬਹੁਤ ਹੀ ਵੱਡੀ ਸੀਲੈਕਸ਼ਨ ਵਿਚ ਗਿਫਟ ਆਈਟਮਾਂ ਜਿਵੇਂ ਟੱਚ ਲੈਂਪ, ਜਗਮਗਾਉਂਦੇ ਲੈਂਪ, ਟੀ-ਸੈੱਟ, ਡਿਨਰ ਸੈੱਟ, ਘੜੀਆਂ, ਖਿਡੌਣਿਆਂ ਤੋਂ ਇਲਾਵਾ ਹਾਰਮੋਨੀਅਮ, ਤਬਲਾ, ਢੋਲਕੀ, ਬੈਂਜੋ, ਤੂੰਬੀਆਂ, ਖੜਤਾਲਾਂ, ਚਿਮਟੇ, ਡਫਲੀ, ਛੋਟੀਆਂ ਤੇ ਵੱਡੀਆਂ ਕ੍ਰਿਪਾਨਾਂ, ਸੁੰਦਰ ਗੁਟਕੇ, ਗੁਰੂ ਸਾਹਿਬਾਨ ਤੇ ਹੋਰ ਧਾਰਮਿਕ ਤੇ ਦੂਜੀਆਂ ਫੋਟੋਆਂ (ਲੱਕੜੀ ਦੇ ਫਰੇਮ 'ਚ ਜੜੀਆਂ ਹੋਈਆਂ) ਮਿਲ ਸਕਦੀਆਂ ਹਨ।

ਗਰੈਂਡ ਓਪਨਿੰਗ 'ਚ ਆਡੀਓ ਦੀਆਂ ਸਭ ਟੇਪਾਂ ਤੇ ਸਪੈਸ਼ਲ ਸੇਲ ਲਗਾ ਦਿੱਤੀ ਹੈ। ਸੋਨੀ ਦੀਆਂ ਭਰੀਆਂ ਟੇਪਾਂ ਦੀ ਕੀਮਤ ਦੇਖੋ:

SONY 60 ਮਿੰਟ ਦੀ ਟੇਪ - ਸਿਰਫ $3.00 - SONY 90 ਮਿੰਟ ਦੀ ਟੇਪ ਸਿਰਫ $4.00

ਸਟੋਰ ਵਿਚ ਆਓ ਅਤੇ ਆਪਣੇ ਨਾਂ ਦੀ ਲੱਕੀ ਡਰਾਅ 'ਚ ਪਰਚੀ ਪਾਵੋ। ਲੱਕੀ ਡਰਾਅ 'ਚ ਪਹਿਲੇ 2 ਇਨਾਮ

ਚਾਰ ਹਫਤੇ ਲਈ ਦੇਖਣ ਲਈ ਮੁਫਤ ਮੂਵੀਆਂ

ਦੂਜੇ 3 ਇਨਾਮ - 3 ਹਫਤੇ ਲਈ ਦੇਖਣ ਲਈ ਮੁਫਤ ਮੂਵੀਆਂ

ਤੀਜੇ 4 ਇਨਾਮ - 2 ਹਫਤੇ ਲਈ ਦੇਖਣ ਲਈ ਮੁਫਤ ਮੂਵੀਆਂ

(ਜਿੰਨੀਆਂ ਮਰਜ਼ੀ ਮੂਵੀਆਂ ਦੇਖ ਸਕੋਗੇ ਪਰ ਇਕ ਟਾਈਮ ਤੇ ਇਕ ਮੂਵੀ ਮਿਲੇਗੀ) ਡਰਾਅ 1 ਜਨਵਰੀ 1989 ਨੂੰ ਕੱਢਿਆ ਜਾਵੇਗਾ

ਭਾਰਤ, ਪਾਕਿਸਤਾਨ ਤੇ ਹੋਰ ਦੇਸ਼ਾਂ ਦੀਆਂ ਵੀਡੀਓ ਮੂਵੀਆਂ ਨੂੰ ਅਸੀਂ ਡਿਜ਼ੀਟਲ ਸਿਸਟਮ ਦੁਆਰਾ ਕਨੇਡੀਅਨ ਸਿਸਟਮ ਤੇ ਕਨਵਰਟ ਕਰ ਸਕਦੇ ਹਾਂ

ਵਿਆਹ ਸ਼ਾਦੀ ਜਾਂ ਹੋਰ ਸਮਾਗਮਾਂ ਲਈ ਵੀਡੀਓ ਮੂਵੀ ਜਾਂ ਫੋਟੋ ਖਿਚਵਾਉਣ ਲਈ ਜਾਂ ਆਪਣੀ ਕੋਈ ਫੋਟੋ ਲੱਕੜ ਦੇ ਫਰੇਮ 'ਚ ਜੜਵਾਉਣ ਲਈ ਦਰਸ਼ਨ ਦਿਓ

ਬਾਹਰਲੇ ਟਾਊਨਾਂ ਵਾਲੇ ਸੱਜਣ ਡਾਕ ਰਾਹੀਂ ਆਪਣੇ ਆਡਰ ਮੰਗਵਾ ਸਕਦੇ ਹਨ MAIL ORDERS ACCEPTED

OPEN 7 DAYS A WEEK

ਵੀਕਲੀ ਫੀਚਰ

ਬੱਚਿਆਂ ਦੇ ਮਸਲੇ

ਵਲੋਂ — ਵਿਦਿਆਰਥੀ



ਬੇਚੈਨ-ਫਿਕਰ ਕਰਨ ਵਾਲਾ — ਫਿਕਰਮੰਦੀ ਅਜੋਕੇ ਸਮੇਂ ਦੀ ਵਿਆਕੁਲਤਾ ਅਤੇ ਭਵਿਖ ਲਈ ਚਿੰਤਾ ਬਾਰੇ ਹੈ। ਕਈ ਬੱਚੇ ਆਉਣ ਵਾਲੇ ਮਸਲੇ ਜਾਂ ਦੁਖ ਨੂੰ ਸੁਣ ਜਾਂ ਅਨੁਭਵ ਕਰਕੇ ਹੀ ਬੇ-ਆਰਾਮ, ਚਿੰਤਾਵਾਨ ਹੋ ਜਾਂਦੇ ਤੇ ਫਿਕਰ ਦੇ ਵਹਿਣਾਂ ਵਿਚ ਡੁਬ ਜਾਂਦੇ ਹਨ। ਬੱਚਾ ਤਿੰਨ ਸਾਲ ਦੀ ਉਮਰ ਤਕ ਸਰੀਰਕ ਸੱਟ ਜਾਂ ਮਾਪਿਆਂ ਦੇ ਪਿਆਰ ਦੇ ਖੁਸਣ ਬਾਰੇ ਫਿਕਰਮੰਦ ਹੋ ਜਾਂਦਾ ਹੈ। ਐਵੇਂ ਫਿਕਰ ਵਿਚ ਗੁਸੇ ਹੋਏ ਜਾਂ ਫਿਕਰਮੰਦ ਬੱਚੇ ਰੋਂਦੇ, ਚੀਖਦੇ, ਐਵੇਂ ਸੋਚੀਂ ਪਏ ਰਹਿੰਦੇ, ਡਰਾਉਣੇ ਸੁਪਨੇ ਆਉਂਦੇ, ਉਲਟੀਆਂ ਕਰਦੇ, ਸਾਹ ਦੀ ਤਕਲੀਫ, ਉਨੀਂਦਰਾ ਅਤੇ ਖਾਣੇ ਦੀਆਂ ਮਾੜੀਆਂ ਆਦਤਾਂ ਆਦਿ। ਇਹ ਬੱਚੇ ਝੱਟ ਹੀ ਡਰ ਜਾਂਦੇ ਹਨ। ਇਹ ਫੈਸਲਾ ਨਹੀਂ ਕਰ ਸਕਦੇ। ਗੁੱਸੇ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਕਰਦੇ। ਫਿਕਰ ਸਗੋਂ ਯੋਗਤਾ ਨਾਲ ਕੰਮ ਕਰਨ ਵਿਚ ਵਿਘਨ ਪਾਉਂਦਾ ਹੈ। ਇਹ ਤਣਾਉ ਵਿਚ ਰਹਿੰਦੇ ਅਤੇ ਠੋਸ ਹਕੀਕਤਾਂ ਤੋਂ ਇਨਕਾਰੀ ਹਨ। ਛੋਟੀ ਉਮਰ ਵਿਚ ਮਾਪਿਆਂ ਤੋਂ ਜੁਦੇ ਹੋਣ, ਅਤੇ ਮਾਪਿਆਂ ਦੇ ਪਿਆਰ ਤੋਂ ਸਖਣੇ ਹੋਣਾ ਫਿਕਰ ਵਧਾਉਂਦਾ, ਘਬਰਾਹਟ ਪੈਦਾ ਕਰਦਾ ਹੈ। ਸਿਰ ਦਰਦੀ, ਭੁਖ ਦਾ ਘਟਣਾ, ਠੀਕ ਨੀਂਦ ਨਾ ਆਉਣਾ ਤੇ ਪੇਟ ਵਿਚ ਗੜਬੜ ਰਹਿਣੀ ਆਦਿ ਭੀ ਇਸ ਦੀਆਂ ਨਿਸ਼ਾਨੀਆਂ ਹਨ।

ਕਾਰਨ : ਅੰਦਰੂਨੀ ਮਾਨਸਿਕ ਸੁਰੱਖਿਆ ਦੀ ਘਾਟ ਹੈ। ਇਹ ਬਚਪਨ ਵਿਚ ਹੀ ਪੈਦਾ ਹੋ ਜਾਂਦੀ ਹੈ। ਮਾਪਿਆਂ ਜਾਂ ਅਧਿਆਪਕ ਵਲੋਂ ਬੱਚੇ ਨੂੰ ਆਪਾ-ਵਿਰੋਧੀ ਗੱਲਾਂ ਆਖਣੀਆਂ ਜੋ ਗੜਬੜ ਕਰਦਾ ਤੇ ਫਿਕਰ ਵਧਾਉਂਦੀਆਂ ਹਨ। ਕਈ ਸ਼ਾਂਤ ਬੱਚੇ ਤਾਂ ਇਸ ਤੋਂ ਘਬਰਾਉਂਦੇ ਨੇ ਪਰ ਕਈ ਬੱਚੇ ਦੋ-ਮਾਅਨੀ ਗੱਲਾਂ ਤੇ ਆਪਾ ਵਿਰੋਧੀ ਹੁਕਮਾਂ ਤੋਂ ਚਿੰਤਾਤੁਰ ਹੋ ਜਾਂਦੇ ਹਨ। ਮਾਪਿਆਂ ਜਾਂ ਅਧਿਆਪਕ ਵਲੋਂ ਬੱਚੇ ਦੀ ਯੋਗਤਾ ਤੋਂ ਵੱਧ ਆਸ ਜਾਂ ਪੂਰਨਤਾ ਦੀ ਆਸ ਬੱਚੇ ਦੇ ਤਣਾਉ ਤੇ ਫਿਕਰ ਵਿਚ ਵਾਧਾ ਕਰਦੇ ਹਨ। ਬੱਚੇ ਦੀ ਗੈਰ ਸੁਰੱਖਿਆ ਦੀ ਭਾਵਨਾ ਵਿਚੋਂ ਭੀ ਫਿਕਰ ਉਗਮਦਾ ਹੈ। ਅਜਾਈਂ, ਢਾਹੂ ਤੇ ਬਹੁਤ ਤਿੱਖੀ ਨੁਕਤਾਚੀਨੀ ਭੀ ਫਿਕਰ ਵਧਾਉਂਦੀ ਹੈ। ਬੱਚੇ ਦਾ ਬਚਪਨ ਖੋਹਣਾ ਤੇ ਪਹਿਲਾਂ ਹੀ ਬਾਲਗ ਸਮਝਣਾ ਤੇ ਜ਼ਿਮੇਂਵਾਰੀਆਂ ਪਾ ਦੇਣਾ ਭੀ ਅਤਿ ਦੀ ਚਿੰਤਾ ਪੈਦਾ ਕਰਦੀਆਂ ਹਨ। ਕਈ ਬੱਚੇ ਆਪਣੇ ਆਪ ਨੂੰ ਕਸੂਰਵਾਰ ਸਮਝਦੇ ਤੇ ਅਸਲੀਅਤ ਤੇ ਖਿਆਲੀ ਪਲਾਉ ਨੂੰ ਜੁਦਾ ਕਰਨ ਤੋਂ ਅਸਮਰਥ ਹਨ। ਐਵੇਂ ਫਿਕਰਾਂ ਵਿਚ ਡੁੱਬੇ ਮਾਪਿਆਂ ਤੋਂ ਭੀ ਬੱਚੇ ਫਿਕਰ ਗ੍ਰਹਿਣ ਕਰਦੇ ਹਨ। ਕਿਸੇ ਗੱਲ ਤੇ ਪੱਖ ਤੋਂ ਨਿਰਾਸ਼ਾ ਜਾਂ ਐਵੇਂ ਹੀ ਜੀਵਨ ਵਿਚ ਮਾਯੂਸੀ ਭੀ ਫਿਕਰ ਪੈਦਾ ਕਰਦੀ ਹੈ। ਇਸ ਨਾਲ ਬੱਚਾ ਲਾਚਾਰ ਅਨੁਭਵ ਕਰਦਾ ਹੈ।

ਕੀ ਕੀਤਾ ਜਾਵੇ : ਆਪਣੇ ਆਪ ਨੂੰ ਤੇ ਦੂਜਿਆਂ ਨੂੰ ਸਮਝੋ। ਮਾਪੇ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਦੇ ਪੱਧਰ ਤੇ ਸਾਦੀ ਭਾਸ਼ਾ ਵਿਚ ਮਸਲੇ ਬਾਰੇ ਦੱਸਣ। ਤਣਾਉ ਤੇ ਉਪਰਾਮਤਾ ਤੇ ਕਾਬੂ ਪਾਉਣਾ ਸਿਖਾਉ। ਯੋਗਤਾ ਨਾਲ ਹੱਲ ਲੱਭਣ ਤੇ ਕਰਨ ਦੀ ਸੋਚ ਪੈਦਾ ਕਰੋ। ਕੱਚੇ ਵਿਚ ਸਵੈ ਵਿਸ਼ਵਾਸ ਵਧਾਉ। ਐਵੇਂ ਬੱਚੇ ਨੂੰ ਚੋਰੀ ਦੇਣੀ ਛੱਡ ਕੇ ਪਰੇ ਨਾ ਹੋਵੋ। ਜੇ ਪਰੇ ਜਾਣਾ ਹੈ ਤਾਂ ਸਮਝਾ ਕੇ ਸਾਹਮਣੇ ਦੀ ਜਾਉ। ਉਹ ਆਰਜ਼ੀ ਤੌਰ ਤੇ ਰੋਵੇਗਾ ਪਰ ਸਵੈ-ਵਿਸ਼ਵਾਸ ਭੀ ਵਧੇਗਾ। ਕਈ ਬੱਚੇ ਮੌਤ, ਦੈਂਤ ਤੇ ਅਜੀਬ ਘਟਨਾਵਾਂ ਤੋਂ ਡਰਦੇ ਹਨ। ਬੱਚਿਆਂ ਦੀ ਖਿਆਲੀ ਦੁਨੀਆਂ ਸੁਣੋ ਅਤੇ ਸੋਚਣੀ ਤੇ ਕਰਨੀ ਦਾ ਫਰਕ ਦੱਸੋ। ਜੇ ਬੱਚਾ ਚੀਖਦਾ ਜਾਂ ਰੋਂਦਾ ਤੇ ਤ੍ਰਭਕਦਾ ਹੈ ਤਾਂ ਮਾਪੇ ਸ਼ਾਤ ਰਹਿਣ, ਉਹਨਾਂ ਦੀ ਫਿਕਰਮੰਦੀ ਨੂੰ ਸਮਝੋ ਤੇ ਐਵੇਂ ਨੁਕਤਾਚੀਨੀ ਨਾ ਕਰੋ ਤੇ ਨਾ ਹੀ ਝਿੜਕਾਂ ਮਾਰੋ। ਉਹਨਾਂ ਨਾਲ ਗੱਲ ਕਰੋ ਤੇ ਉਹਨਾਂ ਦਾ ਯਕੀਨ ਬਨ੍ਹਾਉ। ਬੱਚਿਆਂ ਵਲ ਸੂਖਮ ਵਤੀਰਾ ਰੱਖੋ। ਉਹਨਾਂ ਦੀ ਚਿੰਤਾ ਦੇ ਕਾਰਨ ਨਾਲ ਨਿਪਟੋ ਤੇ ਮਦਦ ਕਰੋ। ਬੱਚਿਆਂ ਨੂੰ ਸੁਸਤਾਉਣਾ (ਆਰਾਮ ਕਰਨਾ) ਸਿਖਾਉ। ਸਵੈ ਸੁਝਾਉ ਸਿਖਾਉ ਕਿ "ਮੈਂ ਹੁਣ ਠੀਕ ਹਾਂ ਜਾਂ ਮੈਨੂੰ ਨੀਂਦ ਆ ਰਹੀ ਹੈ ਜਾਂ ਹੱਲ ਨਾਲ ਫਿਕਰ ਦੂਰ ਹੋ ਰਿਹਾ ਹੈ ਆਦਿ।" ਹਾਂ ਪੱਖੀ ਖਿਆਲ ਲਿਆਉ। ਖੇਡਣ, ਤਰਨ, ਆਰਾਮ ਕਰਨ ਦਾ ਦਿਮਾਗੀ ਨਕਸ਼ਾ ਬਣਾ ਕੇ ਦਿਮਾਗ ਨੂੰ ਆਰਾਮ ਦਿਉ। ਇਕ ਸਮੇਂ ਇਕ ਮਸਲੇ ਦਾ ਹੱਲ ਕਰੋ। ਐਵੇਂ ਸਮੇਂ ਤੋਂ ਪਹਿਲਾਂ ਫਿਕਰ ਨਾ ਕਰਨ ਦਿਉ। ਬੱਚਿਆਂ ਨੂੰ ਆਪਣੇ ਹਾਵ ਭਾਵ ਦਸਣ ਲਈ ਹੌਂਸਲਾ ਦਿਉ। (ਖੇਡਾਂ, ਕਹਾਣੀਆਂ ਆਦਿ ਰਾਹੀਂ)। ਉਹਨਾਂ ਦੀ ਬੇਚੈਨੀ ਸੁਣੋ ਤੇ ਫਿਕਰ ਦੇ ਕਾਰਨ ਨੂੰ ਦੂਰ ਕਰਨ ਵਿਚ ਮਦਦ ਕਰੋ।

ਕੈਨੇਡਾ ਦੀਆਂ ਦਿਸਦੀਆਂ ਘੱਟ ਗਿਣਤੀਆਂ ਅਤੇ ਕੰਮਾਂ ਵਿਚ ਹਾਂ-ਪੱਖੀ ਐਕਸ਼ਨ

ਗੁਰਨਾਮ ਸਿੰਘ ਸੰਘੇੜਾ



ਕੇਂਦਰੀ ਸਰਕਾਰ ਵਲੋਂ ਕੰਮਾਂ ਵਿਚ ਵਿਤਕਰੇ ਦੇ ਵਿਰੁਧ, ਬਰਾਬਰੀ, ਹਾਂ ਪੱਖੀ ਪ੍ਰੋਗਰਾਮ ਅਤੇ ਸਰਕਾਰ ਵਲੋਂ ਦਿਤੇ ਜਾਂਦੇ ਠੇਕੇ ਜਾਂ ਕੰਮਾਂ ਵਿਚ ਦਿਸਦੀਆਂ ਘੱਟ ਗਿਣਤੀਆਂ ਨੂੰ ਕੰਮ ਲੈਣ ਲਈ ਬਰਾਬਰ ਦੇ ਮੌਕੇ ਦੇਣ ਲਈ ਐਕਸ਼ਨ ਹੈ। ਆਖਿਆ ਜਾਂਦਾ ਹੈ ਕਿ ਇਹ ਪ੍ਰੋਗਰਾਮ ਨਸਲੀ ਵਿਤਕਰੇ ਅਤੇ ਨਸਲਵਾਦ ਦੇ ਵਿਰੁਧ ਹੈ। "ਹਾਂ-ਪੱਖੀ ਐਕਸ਼ਨ" ਦੇ ਭੀ ਕਈ ਮਤਲਬ ਕੱਢੇ ਜਾਂਦੇ ਹਨ। ਕਾਲੇ, ਭੂਰੇ ਤੇ ਏਸ਼ਿਆਈ ਲੋਕਾਂ ਨਾਲ ਯੋਜਨਾਬੱਧ ਵਿਤਕਰਾ ਹੁੰਦਾ/ਹੋ ਰਿਹਾ ਹੈ। ਆਖਿਆ ਜਾਂਦਾ ਹੈ ਕਿ ਇਹ ਬਰਾਕਰੀ ਦੇ ਮੌਕੇ ਦੇਣ ਦਾ ਪ੍ਰੋਗਰਾਮ ਕੇਂਦਰੀ ਸਰਕਾਰ ਨੌਕਰੀਆਂ ਅਤੇ ਉਸ ਵਲੋਂ ਦਿੱਤੇ ਜਾਂਦੇ ਠੇਕੇ/ਕੰਮਾਂ ਵਿਚ ਲਾਗੂ ਹੁੰਦਾ ਹੈ ਅਤੇ ਇਹ ਪ੍ਰੋਗਰਾਮ ਵਲੰਟਰੀ (ਮਾਲਕਾਂ ਦੀ ਮਨ-ਮਰਜ਼ੀ ਤੇ) ਹੈ ਕਿ ਉਹ ਲਾਗੂ ਕਰਨਾ ਚਾਹੁੰਦੇ ਹਨ ਕਿ ਨਹੀਂ ਅਤੇ ਕਿਥੋਂ ਤਕ ਕੈਨੇਡਾ ਵਿਚ ਰੁਜ਼ਗਾਰ ਦਾ ਬਰਾਬਰੀ ਦਾ ਐਕਟ ਅਗਸਤ 1986 ਵਿਚ ਪਾਸ ਹੋਇਆ। ਇਹ ਕੇਂਦਰ ਸਰਕਾਰ ਅਦਾਰਿਆਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਵਿਚ ਇਕ ਸੌ ਜਾਂ ਇਕ ਸੌ ਤੋਂ ਉਪਰ ਕਰਮਚਾਰੀ ਜਾਂ ਕਾਮੇ ਕੰਮ ਕਰਦੇ ਹੋਣ (ਘੱਟ ਤੇ ਨਹੀਂ)। ਇਹ ਪ੍ਰਾਈਵੇਟ ਅਦਾਰਿਆਂ ਜਾਂ ਕੰਮਾਂ ਜਾਂ ਸੂਬਿਆਂ ਤੇ ਲਾਗੂ ਨਹੀਂ।

ਇਹ ਕਾਨੂੰਨ ਇਹ ਭੀ ਆਖਦਾ ਹੈ ਕਿ ਜੂਨ 1988 ਤੋਂ ਪਿਛੋਂ ਉਪਰ ਦੱਸੇ ਕੇਂਦਰੀ ਸਰਕਾਰੀ ਅਦਾਰੇ, ਇਸ ਅਮਲ ਬਾਰੇ ਹਰ ਸਾਲ ਆਪਣੀ ਰਿਪੋਰਟ ਕੈਨੇਡਾ ਦੇ ਰੁਜ਼ਗਾਰ ਅਤੇ ਇਮੀਗਰੇਸ਼ਨ ਕਮਿਸ਼ਨ ਨੂੰ ਭੇਜਿਆ ਕਰਨ। ਇਸ ਰੀਪੋਰਟ ਵਿਚ ਸਰਕਾਰੀ ਕਾਰਪੋਰੇਸ਼ਨਾਂ ਅਤੇ ਕੇਂਦਰੀ ਸਰਕਾਰ ਅਧੀਨ ਚਲ ਰਹੇ ਕੰਮ, ਠੇਕੇ ਜਾਂ ਮਾਲਕਾਂ ਵਲੋਂ ਸਾਰੇ ਕਾਮੇ ਉਹਨਾਂ ਦੀ ਐਥਨਿਕ/ਨਸਲੀ ਵੰਡ, ਕਿੰਨੇ ਰੱਖੇ, ਹਟਾਏ, ਕਿੰਨਿਆਂ ਨੂੰ ਤਰੱਕੀ, ਕਿਹੜੀ ਪੁਜ਼ੀਸ਼ਨ, ਕਿੰਨੀ ਤਨਖਾਹ ਤੇ ਕੰਮ ਦੇ ਕਿਹੜੇ ਸੈਕਸ਼ਨ ਵਿਚ ਅਤੇ ਦੇਸ਼ ਦੇ ਜੁਦੇ ਜੁਦੇ ਹਲਕਿਆਂ ਵਿਚ ਉਹ ਮਾਲਕ ਕਿਵੇਂ ਵਰਤਾਉ ਕਰ ਰਹੇ ਹਨ ? ਆਦਿ। ਲੋਕ ਭੀ ਇਹ ਰਿਪੋਰਟਾਂ ਵੇਖਣ ਦੇ ਹੱਕਦਾਰ ਹਨ। ਜੇ ਉਪਰ ਦੱਸੀ ਕੋਈ ਕਾਰਪੋਰੇਸ਼ਨ ਜਾਂ ਮਾਲਕ, ਇਹ ਰੀਪੋਰਟ ਨਹੀਂ ਭੇਜਦਾ ਤਾਂ ਉਸ ਨੂੰ ਵੱਧ ਤੋਂ ਵੱਧ ਪੰਜਾਹ ਹਜ਼ਾਰ ਡਾਲਰ ਜ਼ੁਰਮਾਨਾ ਹੋ ਸਕਦਾ ਹੈ। ਇਹ ਕੰਮਾਂ ਵਾਲੇ ਆਪਣੀ ਤਿੰਨ ਸਾਲ ਦੀ ਪਲੈਨ ਵਿਚ ਨਸਲੀ/ਐਥਨਿਕ ਘੱਟ ਗਿਣਤੀਆਂ ਲਈ ਬਰਾਬਰੀ ਦੀ ਪਲੈਨ ਅਤੇ ਟੀਚੇ ਦੱਸਣ। ਪਰ ਇਹ ਪਲੈਨ ਦਸਣੀ ਜਾਂ ਲਾਗੂ ਕਰਨੀ ਜ਼ਰੂਰੀ ਨਹੀਂ। ਇਸ ਸਾਰੇ ਹਾਂ ਪੱਖੀ ਐਕਸ਼ਨ ਦਾ ਭਾਵ ਮਾਲਕਾਂ ਦੀਆਂ ਨੀਤੀਆਂ ਅਤੇ ਅਮਲ ਨੂੰ ਸੁਧਾਰਨਾ ਹੈ ਅਮਰੀਕਾ ਵਿਚ ਠੇਕਿਆਂ ਆਦਿ ਦੇ ਸੰਬੰਧ ਵਿਚ 1941 ਵਿਚ ਹੋਂਦ ਵਿਚ ਆਇਆ ਪਰ ਇਸ ਹਾਂ ਪੱਖੀ ਨਾਮ ਦੇ ਪ੍ਰੋਗਰਾਮ ਨੂੰ 1961 ਵਿਚ ਹੋਰ ਸਪਸ਼ਟ ਤੇ ਅੱਗੇ ਵਧਾਇਆ। ਇਸ ਹੀ ਤਰ੍ਹਾਂ ਇੰਗਲੈਂਡ ਵਿਚ ਕੀਤਾ ਗਿਆ।

ਪਰ ਇਸ ਸਭ ਦੇ ਹੁੰਦੇ ਹੋਏ ਕੰਮਾਂ ਵਿਚ ਵਿਤਕਰਾ ਹੈ ਤੇ ਨਸਲਵਾਦ ਕਾਇਮ। ਕਾਰਨ ਇਹ ਕਿ ਇਸ ਦੀ ਜੜ੍ਹ ਪ੍ਰਬੰਧਕੀ ਢਾਂਚੇ ਵਿਚ ਹੈ। ਲੋਟੂ ਪ੍ਰਬੰਧ ਤੇ ਜਮਾਤੀ ਵੰਡ ਇਸ ਦਾ ਆਧਾਰ ਹੈ। ਸੋ ਕਾਣੀ ਵੰਡ ਵਾਲੇ ਸਮਾਜ ਵਿਚ ਇਹ ਪੇਤਲਾ ਤੇ ਓਪਰਾ ਔਹੜ ਪੌਹੜ (ਜਾਂ ਪੋਚਾ ਪਾਚੀ) ਕੋਈ ਬੁਨਿਆਦੀ ਬਦਲੀ ਨਹੀਂ ਕਰ ਸਕਦੀ। ਇਹ ਤਾਂ ਸਭ ਨੂੰ ਸਾਫ ਦਿਸਦਾ ਹੀ ਹੈ ਕਿ ਦਿਖਤ ਘੱਟ ਗਿਣਤੀਆਂ ਨੂੰ ਉਚੀਆਂ ਤੇ ਫੈਸਲਾ ਕਰੂ ਥਾਵਾਂ ਤਾਂ ਕੀ ਲਾਉਣਾ ਹੈ ਬਲਕਿ ਆਮ ਕੰਮਾਂ ਵਿਚ ਭੀ ਬਰਾਬਰੀ ਨਹੀਂ। ਪਹਿਲਾਂ ਤਾਂ ਸਰਕਾਰ ਇਹ ਭੀ ਮੰਨਣ ਨੂੰ ਤਿਆਰ ਨਹੀਂ ਸੀ ਕਿ ਨਸਲੀ ਵਿਤਕਰਾ ਹੈ। ਫਿਰ ਪਾਰਲੀਮਾਨੀ ਰੀਪੋਰਟ — "ਹੁਣ ਹੀ ਬਰਾਬਰੀ", ਫਿਰ ਜੱਜ ਅਬੈਲਾ ਦੀ ਰੀਪੋਰਟ, ਹੈਨਰੀ ਫਰਾਂਸਿਸ ਦੀਆਂ ਰੀਪੋਰਟਾਂ ਤੇ ਮੈਟਰੋ ਟਰਾਂਟੋ ਵਲੋਂ ਸਰਵਿਆਂ ਨੇ ਸਾਬਤ ਕਰ ਦਿੱਤਾ ਕਿ ਨਸਲਵਾਦ ਤਾਂ ਹਰ ਅਦਾਰੇ ਵਿਚ ਘਰ ਕਰ ਚੁਕਾ ਹੈ ਤਾਂ ਫਿਰ ਸਰਕਾਰ ਮੰਨਣ ਤੇ ਮਜ਼ਬੂਰ ਹੋਈ। ਬੀ ਸੀ ਸੋਕਰਡ ਸਰਕਾਰ ਤਾਂ ਅਜੇ ਭੀ ਮੰਨਣ ਲਈ ਤਿਆਰ ਨਹੀਂ ਇਸ ਹੀ ਕਰਕੇ ਬੀ ਸੀ ਵਿਚ ਹਿਊਮਨ ਰਾਈਟਸ ਨੂੰ ਨਾਮ-ਮਾਤਰ ਹੀ ਮਾਣਤਾ ਹੈ। ਹਾਲਾਂ ਕਿ ਕੇਂਦਰ ਦਾ ਕੈਨੇਡੀਅਨ ਹਿਊਮਨ ਰਾਈਟਸ ਐਕਟ ਅਤੇ ਕੈਨੇਡਾ ਦਾ ਚਾਰਟਰ ਔਫ ਰਾਈਟਸ ਐਂਡ ਫਰੀਡਮਜ਼ ਨਸਲੀ ਵਿਤਕਰੇ, ਨਸਲਵਾਦ ਅਤੇ ਭੂਤਕਾਲ ਤੋਂ ਹੋ ਰਹੇ ਵਿਤਕਰੇ ਦੇ ਕਾਰਨ ਪਛੜੇ ਹੋਏ ਲੋਕਾਂ ਲਈ "ਹਾਂ ਪੱਖੀ" ਪ੍ਰੋਗਰਾਮਾਂ ਦੀ ਖੁਲ੍ਹ ਦਿੰਦੇ ਹਨ। ਇਸ "ਹਾਂ ਪੱਖੀ" ਪ੍ਰੋਗਰਾਮ ਬਾਰੇ 1400 ਕੰਮਾਂ ਦੇ ਮਾਲਕਾਂ ਨੂੰ ਆਖਿਆ ਗਿਆ ਪਰ ਸਿਰਫ 71 ਮਾਲਕ ਨੇ ਹਾਂ ਕੀਤੀ ਸੀ। ਵੈਸੇ ਹੁਣ ਹੋਰ ਅਗੇ ਵਧਾਉਣ ਬਾਰੇ ਆਖ ਰਹੇ ਹਨ। ਵੇਖੋ ! ਜਦ ਕਾਨੂੰਨ ਪਾਸ ਤਾਕਤ ਨਹੀਂ, ਇਸ ਪਾਸ ਡੰਗ ਨਹੀਂ, ਤਾਂ ਕੁਝ ਖਾਸ ਨਹੀਂ ਸੰਵਰ ਸਕਦਾ।

ਇਸ ਹੀ ਤਰ੍ਹਾਂ 900 ਠੇਕੇਦਾਰਾਂ ਦਾ ਕੇਂਦਰੀ ਸਰਕਾਰ ਨਾਲ ਵਾਸਤਾ ਪੈਂਦਾ ਤੇ ਠੇਕੇ ਲੈਂਦੇ ਹਨ ਜਿਹਨਾਂ ਵਿਚ ਕੋਈ ਦਸ ਲੱਖ ਤੋਂ ਉਪਰ ਕਾਮੇ ਹਨ। ਪਰ ਇਹਨਾਂ ਵਿਚੋਂ ਭੀ ਕੋਈ ਸਵਾ ਪੰਜ ਸੌ ਠੇਕੇਦਾਰਾਂ ਨੇ "ਹਾਂ ਪੱਖੀ" ਪ੍ਰੋਗਰਾਮ ਮੰਨਣ ਤੇ ਦਸਤਖਤ ਕੀਤੇ ਹਨ। ਠੇਕੇਦਾਰ ਲਈ ਇਹ ਜ਼ਰੂਰੀ ਨਹੀਂ ਕਿ ਉਹ ਕੰਮਾਂ ਵਿਚ "ਬਰਾਬਰੀ ਦੀ ਪਲੈਨ" ਸਰਕਾਰ ਨੂੰ ਦੇਵੇ। 1986 ਤੱਕ ਆਦੀ-ਵਾਸੀਆਂ, ਅਪਾਹਜਾਂ ਅਤੇ ਔਰਤਾਂ ਲਈ ਬਣਾ ਚੁਕੇ ਸਨ ਤੇ 1986 ਵਿਚ "ਦਿਖਤ ਘੱਟ ਗਿਣਤੀਆਂ" ਲਈ ਬਣਾਇਆ। ਦਿਖਤ ਘੱਟ ਗਿਣਤੀਆਂ ਲਈ ਅਪਰੈਲ 1988 ਤੋਂ ਤਿੰਨ ਸਾਲਾ ਸਮਾਂ ਨੀਯਤ ਕੀਤਾ ਹੈ ਜਿਸ ਵਿਚ ਕੁਝ ਨਿਸ਼ਾਨੇ ਮਿਥੇ ਹਨ। 1988 ਤੋਂ 1991 ਤੱਕ, ਉਪਰ ਦੱਸੇ ਚਾਰ ਗਰੁਪਾਂ (ਭਾਵ ਔਰਤਾਂ, ਅਪਾਹਜ਼, ਆਦੀ ਵਾਸੀ ਅਤੇ ਦਿਖਤ ਘੱਟ ਗਿਣਤੀਆਂ) ਦੇ 2115 ਵਿਅਕਤੀਆਂ ਨੂੰ ਬਰਾਬਰ ਦੇ ਮੌਕੇ ਦੇਣੇ ਜਾਂ ਦੁਆਣੇ ਹਨ।

ਵਲੰਟਰੀ ਹਾਂ-ਪੱਖੀ, ਬਰਾਬਰੀ ਦੇ ਮੌਕੇ ਕਾਨੂੰਨੀ ਹਨ। ਇਹਨਾਂ ਦਾ ਇਹ ਭਾਵ ਨਹੀਂ ਕਿ ਮੁਕਾਬਲੇ ਵਿਚ ਇਹਨਾਂ ਚਾਰ ਗਰੁਪਾਂ ਦੇ ਬੰਦੇ ਘੱਟ ਯੋਗ ਜਾਂ ਘੱਟ ਪੜ੍ਹੇ ਹੋਣਗੇ। ਗਲ ਤਾਂ ਬਰਾਬਰ ਦੇ ਮੌਕੇ ਦੇਣ ਦੀ ਹੈ। ਕਿਊਬਕ ਦਾ ਹਿਊਮਨ ਰਾਈਟਸ ਕਮਿਸ਼ਨ ਇਹੋ ਜਿਹੇ ਪ੍ਰੋਗਰਾਮਾਂ ਦੀ ਸਿਫਾਰਸ਼ ਕਰ ਸਕਦਾ ਹੈ। ਕੈਨੇਡਾ ਦੀ ਸੁਪਰੀਮ ਕੋਰਟ ਨੇ (ਜੂਨ 1987) ਨੂੰ ਸਰਬ ਸੰਮਤੀ ਨਾਲ ਫੈਸਲਾ ਦਿੱਤਾ ਸੀ ਕਿ ਵਿਉਂਤਬੱਧ ਵਿਤਕਰੇ ਨੂੰ ਦੂਰ ਕਰਨ ਲਈ "ਹਾਂ ਪੱਖੀ" ਪ੍ਰੋਗਰਾਮਾਂ ਨੂੰ ਲਾਗੂ ਕਰਨਾ ਕਾਨੂੰਨ ਤੇ ਯੋਗ ਗੱਲ ਹੈ। ਸਸਕੈਚਵਿਨ ਤੇ ਮੈਨੀਟੋਬਾ ਵਿਚ ਭੀ "ਹਾਂ ਪੱਖੀ" ਪ੍ਰੋਗਰਾਮਾਂ ਨੂੰ ਕੁਝ ਹੱਦ ਤੱਕ ਅਪਣਾਇਆ ਹੈ। ਨੋਵਾ-ਸਕੋਸ਼ੀਆ, ਓਨਟੇਰੀਓ, ਮੈਨੀਟੋਬਾ ਤੇ ਸਸਕੈਚਵਿਨ ਆਦਿ ਵਿਚ ਪ੍ਰਾਈਵੇਟ ਸੈਕਟਰ ਦੀਆਂ ਕੁਝ ਫਰਮਾਂ ਜਾਂ ਮਾਲਕਾਂ ਨੇ "ਹਾਂ ਪੱਖੀ" ਐਕਸ਼ਨ ਅਪਣਾਉਣ ਦੀ ਗੱਲ ਕੀਤੀ ਹੈ। ਇਸ ਹੀ ਤਰ੍ਹਾਂ ਵੈਨਕੂਵਰ, ਟਰਾਂਟੋ, ਵਿੰਨੀਪੈਗ, ਰੀਜਾਈਨਾ ਅਤੇ ਸੈਸਕਾਟੂਨ ਦੀਆਂ ਮਿਉਂਸਪੈਲਟੀਆਂ ਨੇ ਭੀ "ਹਾਂ ਪੱਖੀ" ਪ੍ਰੋਗਰਾਮ ਤੇ ਮੌਕਿਆਂ ਦੀ ਨੀਤੀ ਦਰਸਾਈ ਹੈ। ਪਰ ਕੈਨੇਡਾ ਦੀ ਭਾਰੀ ਬਹੁ-ਗਿਣਤੀ ਮਾਲਕਾਂ ਨੇ "ਹਾਂ ਪੱਖੀ" ਪ੍ਰੋਗਰਾਮ ਵਲ ਕੋਈ ਧਿਆਨ ਨਹੀਂ ਦਿਤਾ ਤੇ ਨਾ ਹੀ ਮੰਨਿਆ ਹੈ। ਸਰਮਾਏਦਾਰ ਤਾਂ ਆਪਣੇ ਹਿਤਾਂ ਦੇ ਵਿਰੁਧ ਕਾਨੂੰਨੀ ਗੱਲ ਮੰਨਣ ਨੂੰ ਤਿਆਰ ਨਹੀਂ ਜਾਂ ਉਸ ਵਿਚ ਨੁਕਸ ਲੱਭਦੇ ਹਨ। ਤੇ ਜਦੋਂ ਪ੍ਰੋਗਰਾਮ ਹੀ ਵਲੰਟਰੀ ਹੋਵੇ ਤਾਂ ਫਿਰ ਤਾਂ ਇਸ ਨੂੰ ਚੰਗਾ ਹੁੰਗਾਰਾ ਮਿਲੇਗਾ ਹੀ ਨਹੀਂ।

ਇਹ ਅਖੌਤੀ "ਹਾਂ ਪੱਖੀ" ਪ੍ਰੋਗਰਾਮ ਮਾਲਕ ਨੂੰ ਮਜ਼ਬੂਰ ਨਹੀਂ ਕਰ ਸਕਦਾ ਸੋ ਸਿੱਟੇ ਵਜੋਂ ਕੁਝ ਖਾਸ ਨਹੀਂ ਸੰਵਾਰੇਗਾ। ਨਸਲੀ ਵਿਤਕਰੇ ਨੂੰ ਵਾਚਣ ਤੇ ਮੌਨੀਟਰ ਕਰਨਾ ਭੀ ਕੁਝ ਨਹੀਂ ਕਰ ਸਕੇਗਾ। ਕੇਂਦਰੀ ਸਰਕਾਰ ਕਾਰਪੋਰੇਸ਼ਨਾਂ ਲਈ ਭੀ ਕੋਈ ਖਾਸ ਸਜ਼ਾ ਨਹੀਂ। ਨਾਮ-ਮਾਤਰ ਸਜਾ ਤਾਂ ਰੀਪੋਰਟ ਨਾ ਦੇਣ ਬਾਰੇ ਹੈ। ਇਹ ਨਾਮ-ਮਾਤਰ ਸਜਾ ਨਸਲੀ ਵਿਤਕਰੇ ਬਾਰੇ ਨਹੀਂ। ਇਹ ਪ੍ਰੋਗਰਾਮ ਵੱਡੇ ਪੈਮਾਨੇ ਤੇ ਸਖਤ ਕਾਨੂੰਨ ਰਾਹੀਂ ਸਭ ਮਾਲਕਾਂ ਤੇ ਲਾਗੂ ਹੋਵੇ। ਮੌਨੀਟਰ ਕੀਤਾ ਜਾਵੇ, ਵਿਤਕਰੇ ਲਈ ਸਖਤ ਸਜ਼ਾ ਹੋਵੇ। ਬਾਕਾਇਦਾ ਕਾਮਿਆਂ ਦੀ ਗਿਣਤੀ, ਤਰੱਕੀ ਲਈ ਕਾਨੂੰਨ ਹਰ ਰੁਜ਼ਗਾਰ ਤੇ ਛੋਟੇ ਵੱਡੇ ਕਰਮਚਾਰੀ ਤੇ ਪ੍ਰਾਈਵੇਟ ਮਾਲਕ ਤੇ ਲਾਗੂ ਹੋਵੇ।

ਕਰਤਾਰ ਫੋਟੋ ਸਟੂਡੀਓ

1 HOUR PHOTO SERVICE

KARTAR PHOTO STUDIO

4279 - Fraser St. (27th Ave.)

Vancouver, B.C.

We Do Passport, 5 Mins. Service,

Portrait Photos & Weddings

Off; 872-6060



FREE!! FREE!!!

1-5×7 STUDIO PORTRAIT

$15.00 Value-- Free with this Coupon

With any Photo

MERRY CHRISTMAS & HAPPY NEW YEAR TO ALL OUR CUSTOMERS FROM AMBIKA'S STAFF

Ambika
ਅੰਬੀਕਾ

5125 Victoria Drive, V

Christ

Unico **Chick Peas** ਯੂਨੀਕੋ ਕਾਬਲੀ ਛੋਲੇ 19 oz. Tin **69¢**	**Chicke** ਚਿਕਨ ਲਿ
Jeera ਜ਼ੀਰਾ **1.89** Lb.	**Vegetab** ਵੈਜੀਟੇਬਲ ਤੇਲ
Margrine ਮਾਰਜਰੀਨ **49¢** lb.	Manh, Masar Chick Peas ਮਾਂਹ, ਮਸਰ, ਮਟ ਕਾਬਲੀ ਛੋਲੇ

Foods

ਫੂਡਜ਼

ncouver, B.C.

ਸੇਲ!

Ph. 327-0295

mas Sale!

Legs ਜ਼ 89¢ Lb.	Black Chana ਕਾਲੇ ਚਨੇ 9¢ Lb.
e Oil 2.89 t.	Long Grain Rice ਲੌਂਗ ਗਰੇਨ ਚਾਵਲ 10.99 20 kg.
Peas, 39¢ Lb.	Grind Your Own Masala

Merry Christmas


&

Happy

New Year

To All

from Svend Robinson



ਸਵੈਂਡ ਰੌਬਿਨਸਨ

ਬਰਨਬੀ-ਕਿੰਗਜ਼ਵੇ

CONSTITUENCY OFFICE:
6340 KINGSWAY, BURNABY,
Ph. 434-4022 or 434-1907

TRU FOODS

ਟਰੂ ਫੂਡਜ਼

ਵਲੋਂ

ਸਾਰੇ ਦੋਸਤਾਂ, ਮਿੱਤਰਾਂ, ਅਤੇ

ਗਾਹਕਾਂ ਨੂੰ

ਨਵਾਂ ਸਾਲ ਮੁਬਾਰਕ!

SEASON'S GREETINGS!

10053 - 136A St. Surrey, B.C. **Ph. (604) 584-7011**

ਇੰਦਰਾ ਹੱਤਿਆ ਕਾਂਡ :
ਕਿਹਰ ਸਿੰਘ ਦੀ ਕਹਾਣੀ ਉਸ ਦੀ ਆਪਣੀ ਜ਼ਬਾਨੀ

ਤਿਹਾੜ ਜੇਲ੍ਹ ਦੀ ਇਕੱਲ-ਮੁਕੱਲੀ ਫਾਂਸੀ ਦੀ ਕੋਠੜੀ ਵਿਚ ਕਿਹਰ ਸਿੰਘ ਮੌਤ ਦੀ ਉਡੀਕ ਕਰ ਰਿਹਾ ਹੈ। ਸਾਰੀਆਂ ਅਦਾਲਤਾਂ ਨੇ ਇਹ ਫੈਸਲਾ ਦਿੱਤਾ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੀ ਸਾਜ਼ਸ਼ ਵਿਚ ਉਹ ਦੋਸ਼ੀ ਸੀ। ਰਾਸ਼ਟਰਪਤੀ ਅੱਗੇ ਉਸ ਦੀ ਅੰਤਮ ਅਪੀਲ ਵਿਚ ਵੀ ਇਹੋ ਨੁਕਤਾ ਸਾਹਮਣੇ ਆਉਂਦਾ ਜਾਪਦਾ ਹੈ ਜਿਵੇਂ ਰਾਸ਼ਟਰਪਤੀ ਇਸ ਮਾਮਲੇ ਵਿਚ ਦਖਲ ਦੇਣ ਤੋਂ ਗੁਰੇਜ਼ ਕਰ ਰਹੇ ਹਨ ਉਸ ਵਲੋਂ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਦੇ ਤਮਾਮ ਯਤਨ ਨਾਕਾਮ ਹੋ ਗਏ। ਉਘੇ ਸਪਤਾਹਿਕ ਮੈਗਜ਼ੀਨ 'ਇਲਸਟਰੇਟਿਡ ਵੀਕਲੀ ਆਫ ਇੰਡੀਆ' ਦੇ ਵਿਸ਼ੇਸ਼ ਪ੍ਰਤੀਨਿਧ ਵਲੋਂ ਤਕਨੀਕੀ ਅੜਿਚਨਾਂ ਨੂੰ ਪਾਰ ਕਰਕੇ ਬੜੀ ਮੁਸ਼ਕਲ ਨਾਲ ਕੀਤੀ ਕਿਹਰ ਸਿੰਘ ਦੀ ਇੰਟਰਵਿਊ ਉਤੇ ਆਧਾਰਿਤ ਪੇਸ਼ ਹੈ ਵੇਰਵੇ ਸਹਿਤ ਇਕ ਰਿਪੋਰਟ



ਕਿਹਰ ਸਿੰਘ

ਕੌਣ ਹੈ ਉਹ ? ਕੇਹਰ ਸਿੰਘ ਸਪਲਾਈ ਅਤੇ ਡਿਸਪੋਜ਼ਲ ਵਿਭਾਗ ਵਿਚ ਅਸਿਸਟੈਂਟ ਸੀ ਜਦੋਂ ਉਸ ਨੂੰ ਉਸੇ ਆਧਾਰ ਉਤੇ ਗ੍ਰਿਫਤਾਰ ਕੀਤਾ ਗਿਆ ਜਿਸ ਆਧਾਰ ਉਤੇ ਬਲਬੀਰ ਸਿੰਘ ਨੂੰ ਫੜਿਆ ਗਿਆ ਬਲਬੀਰ ਸਿੰਘ ਰਿਹਾਅ ਹੋ ਚੁੱਕਾ ਹੈ ਜਦੋਂ ਕਿ ਕਿਹਰ ਸਿੰਘ ਬਾਰੇ ਵਿਚਾਰ ਹੈ ਕਿ ਉਸ ਵਿਰੁਧ ਲੱਗੇ ਦੋਸ਼ ਸਾਬਤ ਨਹੀਂ ਹੋ ਰਹੇ। 2 ਨਵੰਬਰ 1984 ਨੂੰ ਉਸ ਨੂੰ ਕਿਸੇ ਜਾਂਚ ਤੋਂ ਪਹਿਲਾਂ ਹੀ ਗ੍ਰਿਫਤਾਰ ਕੀਤਾ ਗਿਆ। ਦਿੱਲੀ ਪੁਲੀਸ ਨੇ ਯਮੁਨਾ ਵੈਲੋਡਰੋਮ ਵਿਚ ਉਸ ਨੂੰ ਖੜ੍ਹਿਆ ਅਤੇ ਫਿਰ ਲਾਲ ਕਿਲੇ ਵਿਚ ਉਸ ਦੀ 'ਗੈਰਸਰਕਾਰੀ' ਤੌਰ ਉਤੇ ਪੁਛਗਿਛ ਕੀਤੀ ਗਈ ਅਤੇ 'ਲਾਲ ਕਿਲੇ' ਵਰਗੇ ਲੂੰ ਕੰਡੇ ਖੜ੍ਹੇ ਕਰਨ ਵਾਲੇ ਕੇਂਦਰ ਵਿਚ 'ਪੁੱਛਗਿਛ' ਦਾ ਮਤਲਬ ਸਪਸ਼ਟ ਹੀ ਹੈ।

ਪ੍ਰਸ਼ਨ : ਆਪਣੇ ਜੀਵਨ ਬਾਰੇ ਮੋਟੀ ਮੋਟੀ ਜਾਣਕਾਰੀ ਦਿਓ ?

ਉਤਰ : ਮੈਂ ਪਿੰਡ ਮੁਸਤਫਾਬਾਦ, ਤਹਿਸੀਲ ਸਰਹਿੰਦ, ਜ਼ਿਲਾ ਪਟਿਆਲਾ ਦਾ ਰਹਿਣ ਵਾਲਾ ਹਾਂ ਅਤੇ ਰਮਦਾਸੀਆ ਪਰਿਵਾਰ ਨਾਲ ਸਬੰਧਤ ਹਾਂ। ਮੇਰੇ ਮਾਪੇ ਬਹੁਤ ਹੀ ਗਰੀਬ ਅਤੇ ਅਨਪੜ੍ਹ ਸਨ। ਅਸੀਂ ਦੋ ਭਰਾ ਹਾਂ। ਮੇਰੇ ਵੱਡੇ ਭਰਾ ਦਾ ਦੇਹਾਂਤ 1948-49 ਵਿਚ ਹੋ ਗਿਆ ਸੀ। ਉਹ ਆਪਣਾ ਇਕ ਨਾਬਾਲਗ ਪੁੱਤਰ ਰਾਜਿੰਦਰ ਸਿੰਘ ਤੇ ਵਿਧਵਾ ਛੱਡ ਗਿਆ ਸੀ। ਮੇਰਾ ਇਕ ਹੋਰ ਵੱਡਾ ਭਰਾ 7 ਸਾਲ ਪਹਿਲਾਂ ਸੁਰਗਵਾਸ ਹੋ ਗਿਆ ਸੀ। ਉਸ ਦਾ ਪਰਿਵਾਰ ਆਪਣੇ ਜੱਦੀ ਪਿੰਡ ਵਿਚ ਹੈ। ਮੇਰਾ ਛੋਟਾ ਭਰਾ ਆਪਣੇ ਭਰਾ ਨਾਲ ਲੁਧਿਆਣੇ ਵਿਚ ਰਹਿੰਦਾ ਹੈ।

ਕਿੱਤੇ ਵਜੋਂ ਮੇਰਾ ਪਿਤਾ ਜੁਲਾਹਾ ਸੀ। ਉਸ ਨੇ ਬਹੁਤ ਦੁੱਖ ਝੱਲ ਕੇ ਸਾਨੂੰ ਪਾਲਿਆ। ਮੈਂ ਦਸਵੀਂ ਤਕ ਨੇੜੇ ਦੇ ਇਕ ਪਿੰਡ ਵਿਚ ਹੀ ਪੜ੍ਹਿਆ। ਸਾਡਾ ਘਰ ਕੱਚਾ ਸੀ ਅਤੇ ਇਕੋ ਕਮਰਾ ਜਿਸ ਵਿਚ ਖੱਡੀ, ਰਸੋਈ ਤੇ ਘਰ ਦਾ ਸਾਰਾ ਸਮਾਨ ਹੁੰਦਾ ਸੀ। ਮੇਰੇ ਭਰਾ ਪੰਜਵੀਂ ਤਕ ਪੜ੍ਹੇ ਸਨ। ਮੈਂ ਵੀ ਆਪਣੇ ਪਿਤਾ ਨਾਲ ਉਸ ਦੇ ਕਿੱਤੇ ਵਿਚ ਮਦਦ ਕਰਦਾ ਸਾਂ। 1954-55 ਵਿਚ ਮੈਂ ਦਸਵੀਂ ਪਾਸ ਕੀਤੀ ਤੇ ਦਿੱਲੀ ਨੌਕਰੀ ਦੀ ਭਾਲ ਵਿਚ ਆ ਗਿਆ। ਇਥੇ ਮੈਂ ਆਪਣੀ ਚਾਚੀ ਕੋਲ ਰੁਕਿਆ। 1956-57 ਵਿਚ ਮੈਨੂੰ ਇਥੇ ਕਲਰਕ ਦਾ ਕੰਮ ਮਿਲ ਗਿਆ ਤੇ ਉਦੋਂ ਦਾ ਮੈਂ ਇਥੇ ਹੀ ਹਾਂ। ਮੇਰੇ ਪਿੰਡ ਦੀ ਵਸੋਂ 500 ਹੈ ਤੇ ਕੇਵਲ 100 ਘਰ ਹਨ।

ਪ੍ਰਸ਼ਨ : ਛੋਟੇ ਹੁੰਦਿਆਂ ਤੁਹਾਨੂੰ ਧਾਰਮਿਕ ਤੌਰ ਉਤੇ ਕੀ ਕੁਝ ਸਿਖਾਇਆ ਗਿਆ ? ਕੀ ਤੁਹਾਡਾ ਸਾਰਾ ਪਰਿਵਾਰ ਹੀ ਧਾਰਮਿਕ ਹੈ ?

ਉਤਰ : ਮੇਰੇ ਮਾਤਾ ਪਿਤਾ ਨੇ ਮੈਨੂੰ ਸੱਚਾ ਸਿੱਖ ਬਨਣ ਲਈ ਪ੍ਰੇਰਨਾ ਦਿੱਤੀ। ਮੇਰਾ ਸਾਰਾ ਪਰਿਵਾਰ ਹੀ ਧਾਰਮਿਕ ਸੀ। ਅਸੀਂ ਰੋਜ਼ ਗੁਰਦੁਆਰੇ ਜਾਂਦੇ ਸਾਂ। ਮੇਰੇ ਪਿਤਾ ਨੇ ਮੈਨੂੰ ਗੁਰੂਆਂ ਬਾਰੇ ਕਈ ਸਾਖੀਆਂ ਸੁਣਾਈਆਂ।

ਪ੍ਰਸ਼ਨ : ਤੁਹਾਡੇ ਹੀਰੋ ਕੌਣ ਹਨ ?

ਉਤਰ : 10 ਗੁਰੂ ਸਾਹਿਬਾਨ ਹੀ ਮੇਰੇ ਹੀਰੋ ਹਨ।

ਪ੍ਰਸ਼ਨ : ਤੁਹਾਡਾ ਸਕੂਲ ਕਿੱਥੇ ਸੀ ?

ਉਤਰ : ਮੈਂ ਗੌਰਮਿੰਟ ਹਾਈ ਸਕੂਲ ਬਸੀ ਪਠਾਣਾ ਵਿਚ ਪੜ੍ਹਿਆ ਜੋ ਮੇਰੇ ਪਿੰਡ ਤੋਂ ਛੇ ਕਿਲੋਮੀਟਰ ਦੂਰ ਸੀ। ਮੈਂ ਪੈਦਲ ਹੀ ਸਕੂਲ ਜਾਂਦਾ ਸਾਂ।

ਪ੍ਰਸ਼ਨ : ਕੀ ਤੁਹਾਡੇ ਕੋਈ ਰਾਜਸੀ ਵਿਚਾਰ ਹਨ ?

ਉਤਰ : ਮੇਰੇ ਕੋਈ ਰਾਜਸੀ ਵਿਚਾਰ ਨਹੀਂ।

ਪ੍ਰਸ਼ਨ : ਕੀ ਤੁਸੀਂ ਕਦੇ ਵੋਟ ਪਾਈ ਹੈ ?

ਉਤਰ : ਹਾਂ, ਮੈਂ ਹਰ ਚੋਣ ਵਿਚ ਵੋਟ ਪਾਈ ਹੈ।

ਪ੍ਰਸ਼ਨ : ਸੰਤ ਜਰਨੈਲ ਸਿੰਘ ਬਾਰੇ ਤੁਹਾਡਾ ਕੀ ਰੁਝਾਨ ਸੀ ?

ਉਤਰ : ਮੇਰਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਸੀ। ਮੈਂ ਸਿਰਫ ਦਸ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਵਿਚ ਹੀ ਵਿਸ਼ਵਾਸ ਰੱਖਦਾ ਹਾਂ।

ਪ੍ਰਸ਼ਨ : ਬੇਅੰਤ ਸਿੰਘ ਨੂੰ ਤੁਸੀਂ ਕਿਵੇਂ ਜਾਣਦੇ ਹੋ ? ਉਸ ਨਾਲ ਤੇ ਉਸ ਦੇ ਪਰਿਵਾਰ ਨਾਲ ਤੁਹਾਡੇ ਕੀ ਸਬੰਧ ਸਨ ? ਕੀ ਕਦੇ ਤੁਸੀਂ ਉਸ ਨਾਲ ਜਾਂ ਉਸ ਦੇ ਪਰਿਵਾਰ ਨਾਲ ਰਹੇ ਹੋ ? ਸਰਕਾਰੀ ਗਵਾਹੀ ਇਹ ਕਹਿੰਦੀ ਹੈ ਕਿ ਤੁਹਾਡਾ ਉਸ ਨਾਲ ਸਬੰਧ ਸੀ ?

ਉਤਰ : ਬੇਅੰਤ ਸਿੰਘ ਮੇਰੇ ਸਹੁਰੇ ਦੇ ਭਰਾ ਦਾ ਪੋਤਰਾ ਸੀ। ਮੈਂ ਉਸ ਨੂੰ ਆਪਣੇ ਬੱਚਿਆਂ ਵਾਂਗ ਸਮਝਦਾ ਸਾਂ।

ਪ੍ਰਸ਼ਨ : ਤੁਹਾਡੇ ਉਤੇ ਇਹ ਦੋਸ਼ ਕਿਉਂ ਲਗਦਾ ਹੈ ਕਿ ਤੁਸੀਂ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਸ਼ ਘੜੀ ?

ਉਤਰ : ਕਿਉਂਕਿ ਮੇਰਾ ਬੇਅੰਤ ਸਿੰਘ ਨਾਲ ਰਿਸ਼ਤਾ ਸੀ।

ਪ੍ਰਸ਼ਨ : ਪਿਛਲੇ ਸਾਲ ਤੁਸਾਂ ਜੇਲ੍ਹ ਵਿਚ ਕਿਵੇਂ ਗੁਜ਼ਾਰੇ ?

ਉਤਰ : ਗੁਰਬਾਣੀ ਦਾ ਪਾਠ ਕਰ ਕੇ। ਮੈਂ ਇਕ ਛੋਟੀ ਜਿਹੀ ਕੋਠੜੀ ਵਿਚ ਰਹਿੰਦਾ ਹਾਂ। ਜੋ ਪਹਿਰੇਦਾਰਾਂ ਰਾਹੀਂ ਘਿਰੀ ਹੋਈ ਹੈ। ਮੈਂ ਤਿੰਨ ਵਜੇ ਤੜਕੇ ਉਠਦਾ ਹਾਂ ਤੇ ਗੁਰਬਾਣੀ ਦਾ ਪਾਠ ਸ਼ੁਰੂ ਕਰ ਦਿੰਦਾ ਹਾਂ।

ਪ੍ਰਸ਼ਨ : ਤੁਹਾਡੇ ਜੇਲ੍ਹ ਵਿਚ ਰਹਿਣ ਦੌਰਾਨ ਤੁਹਾਡੇ ਪਰਿਵਾਰ ਦਾ ਕੀ ਰਵੱਈਆ ਹੈ ?

ਉਤਰ : ਉਹ ਬੜੇ ਫਿਕਰਮੰਦ ਹਨ। ਉਨ੍ਹਾਂ ਨੂੰ ਪਤਾ ਹੈ ਕਿ ਮੈਂ ਨਿਰਦੋਸ਼ ਹਾਂ। ਉਨ੍ਹਾਂ ਦਾ ਮੇਰੇ ਨਾਲ ਬਹੁਤ ਚੰਗਾ ਰਵੱਈਆ ਹੈ।

ਪ੍ਰਸ਼ਨ : ਕੀ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਰਾਜਸੀ ਤੌਰ ਉਤੇ ਬਲੀ ਦਾ ਬੱਕਰਾ ਬਣਾਇਆ ਗਿਆ ਹੈ ?

ਉਤਰ : ਮੈਨੂੰ ਕਿਉਂ ? ਮੈਂ ਤਾਂ ਰਾਜਸੀ ਆਦਮੀ ਹੀ ਨਹੀਂ ਹਾਂ। ਮੈਂ ਇੰਦਰਾ ਗਾਂਧੀ ਦੀ ਸਰਕਾਰ ਵਿਚ ਕੰਮ ਕੀਤਾ। ਮੈਂ ਉਸ ਨੂੰ ਮਾਰਨ ਬਾਰੇ ਕਾਹਤੋਂ ਸੋਚਣਾ ਸੀ ?

ਪ੍ਰਸ਼ਨ : ਤੁਹਾਡਾ ਕੀ ਖਿਆਲ ਹੈ ਕਿ ਠੱਕਰ ਕਮਿਸ਼ਨ ਦੀ ਰਿਪੋਰਟ ਰੀਲੀਜ਼ ਕਿਉਂ ਨਹੀਂ ਹੋਈ ?

ਉਤਰ : ਹੋ ਸਕਦੈ ਇਸ ਵਿਚ ਅਸਲ ਸਾਜ਼ਸ਼ ਨਾਲ ਸੰਬੰਧਤ ਤੇ ਸਰਕਾਰੀ ਗਵਾਹੀਆਂ ਵਿਰੁਧ ਕੋਈ ਸਬੂਤ ਦਿੱਤੇ ਹੋਣ।

ਪ੍ਰਸ਼ਨ : ਇੰਦਰਾ ਗਾਂਧੀ ਕਤਲ ਕਾਂਡ ਵਿਚ ਹਕੀਕਤ ਵਿਚ ਕਿਵੇਂ ਵਾਪਰਿਆ

ਉਤਰ : ਮੈਨੂੰ ਕੀ ਪਤਾ ਇਸ ਬਾਰੇ।

ਪ੍ਰਸ਼ਨ : ਤੁਹਾਡਾ ਕੀ ਖਿਆਲ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਲਈ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੂੰ ਕਿਹੜੀ ਗੱਲ ਨੇ ਪਰੇਰਨਾ ਦਿੱਤੀ ? ਕੀ ਇਹ ਪ੍ਰੇਰਨਾ ਧਾਰਮਿਕ ਸੀ ਜਾਂ ਇਸ ਪਿਛੇ ਕੋਈ ਵੱਡੀ ਰਾਜਸੀ ਸਾਜ਼ਸ਼ ਸੀ ?

ਉਤਰ : ਸਤਵੰਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਇੰਦਰਾ ਗਾਂਧੀ ਦੀ ਹੱਤਿਆ ਨਹੀਂ ਕੀਤੀ। ਹੋ ਸਕਦੈ ਬੇਅੰਤ ਸਿੰਘ ਨੇ ਕੀਤੀ ਹੋਏ। ਹੋ ਸਕਦੈ ਉਹ ਮਹਿਸੂਸ ਕਰਦਾ ਹੋਏ ਕਿ ਫੌਜ ਨੇ ਕੇਂਦਰ ਸਰਕਾਰ ਦੇ ਕਹਿਣ ਉਤੇ ਹੀ ਅਕਾਲ ਤਖਤ ਦੀ ਹੱਤਕ ਕੀਤੀ। ਹੋ ਸਕਦੈ ਬਹੁਤੇ ਗੁਸੈਲੇ ਨੌਜਵਾਨਾਂ ਨੇ ਉਸ ਸਮੇਂ ਮਰਨ ਮਰਾਨ ਤਕ ਸੋਚਿਆ ਹੋਏ।

ਪ੍ਰਸ਼ਨ : ਤੁਹਾਡਾ ਕੀ ਖਿਆਲ ਹੈ ਕਿ ਬਲਬੀਰ ਸਿੰਘ ਨੂੰ ਛੱਡ ਦਿੱਤਾ ਗਿਆ ਅਤੇ ਤੁਹਾਨੂੰ ਨਹੀਂ ?

ਉਤਰ : ਮੇਰੀ ਕਿਸਮਤ ਹੀ ਖਰਾਬ ਹੈ। ਬੱਸ ਏਸੇ ਤਰ੍ਹਾਂ ਦੀ ਹੈ।

ਪ੍ਰਸ਼ਨ : ਕੀ ਤੁਸੀਂ ਦੱਸੋਗੇ ਕਿ ਤੁਹਾਨੂੰ ਕਦੋਂ ਗ੍ਰਿਫਤਾਰ ਕੀਤਾ ਗਿਆ ? ਤੁਸੀਂ ਕਿਥੇ ਸੀ ? ਕੌਣ ਤੁਹਾਨੂੰ ਗ੍ਰਿਫਤਾਰ ਕਰਨ ਆਇਆ ? ਤੁਹਾਨੂੰ ਕਿਥੇ ਫੜਿਆ ਗਿਆ ? ਤੁਹਾਡੀ ਪ੍ਰਤੀਕਿਰਿਆ ਕੀ ਸੀ ? ਕਿਥੇ ਰੱਖਿਆ ਗਿਆ ? ਪੁਛਗਿਛ ਕਿਹੋ ਜਿਹੀ ਹੋਈ ? ਅਦਾਲਤ ਵਿਚ ਕਦੋਂ ਪੇਸ਼ ਕੀਤਾ ਗਿਆ ?

ਉਤਰ : ਮੈਨੂੰ 2 ਨਵੰਬਰ 1984 ਨੂੰ 12 ਸੈਕਟਰ ਆਰ ਕੇ ਪੁਰਮ ਦਿੱਲੀ ਤੋਂ ਮੇਰੀ ਪਤਨੀ ਸਮੇਤ ਫੜਿਆ ਗਿਆ ਅਤੇ ਮੈਨੂੰ ਯਮੁਨਾ ਪੁੱਛਗਿਛ ਕੇਂਦਰ ਖੜ੍ਹਿਆ ਗਿਆ। 10-15 ਬੰਦੇ ਗ੍ਰਿਫਤਾਰ ਕਰਨ ਆਏ ਸਨ। ਮੇਰੀ ਪਤਨੀ ਨੂੰ ਸ਼ਾਇਦ ਪਿੰਡ ਮਲੋਆ ਤੋਂ ਐਸ ਆਈ ਟੀ ਨੇ 15 ਨਵੰਬਰ ਨੂੰ ਰਿਹਾ ਕੀਤਾ। ਮੈਨੂੰ 5 ਦਸੰਬਰ 1984 ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਜਦੋਂ ਪੁਲੀਸ ਮੇਰੇ ਘਰ ਆਈ ਤਾਂ ਮੈਂ ਸੋਚਿਆ ਕਿ ਉਹ ਦੰਗਾਕਾਰੀ ਹੋਣਗੇ ਜੋ ਮੇਰਾ ਘਰ ਲੁਟਣ ਆਏ ਸਨ। ਪਰ ਉਹ ਚਿੱਟ ਕੱਪੜੀਏ ਪੁਲੀਸ ਕਰਮਚਾਰੀ ਸਨ।

ਪ੍ਰਸ਼ਨ : ਜੇਲ੍ਹ ਵਿਚ ਕੋਈ ਦੋਸਤ ਬਣਾਇਆ ? ਜੇਲ੍ਹ ਅਧਿਕਾਰੀਆਂ ਦਾ ਤੁਹਾਡੇ ਨਾਲ ਕੀ ਵਤੀਰਾ ਹੈ ?

ਉਤਰ : ਮੈਨੂੰ ਕਿਸੇ ਵੀ ਬੰਦੇ ਨੂੰ ਮਿਲਣ ਦੀ ਆਗਿਆ ਨਹੀਂ। ਜੇਲ੍ਹ ਅਧਿਕਾਰੀਆਂ ਦਾ ਮੇਰੇ ਨਾਲ ਵਤੀਰਾ ਚੰਗਾ ਹੈ।

ਪ੍ਰਸ਼ਨ : ਕੀ ਤੁਹਾਨੂੰ ਉਮੀਦ ਹੈ ਕਿ ਤੁਸੀਂ ਰਿਹਾਅ ਹੋ ਜਾਓਗੇ ?

ਉਤਰ : ਮੈਨੂੰ ਆਸ ਹੈ ਕਿ ਮੈਂ ਰਿਹਾਅ ਹੋ ਜਾਵਾਂਗਾ।

ਪ੍ਰਸ਼ਨ : ਕੀ ਮੋਟੇ ਮੋਟੇ ਨੁਕਤੇ ਦੱਸੋਗੇ ਜੋ ਕੇਸ ਵਿਚ ਤੁਹਾਡੇ ਵਿਰੁਧ ਹਨ ?

ਉਤਰ : ਮੇਰੇ ਵਿਰੁਧ ਰਤਾ ਜਿੰਨਾ ਵੀ ਕੋਈ ਸਬੂਤ ਨਹੀਂ। ਬਸ ਕੇਵਲ ਬਿਮਲ ਖਾਲਸਾ ਦਾ ਬਿਆਨ ਮੇਰੇ ਵਿਰੁਧ ਜਾਂਦਾ ਹੈ।

ਪ੍ਰਸ਼ਨ : ਅਪਰੇਸ਼ਨ ਬਲਿਊ ਸਟਾਰ ਤੋਂ ਪਿਛੋਂ ਤੁਹਾਡੀ ਜ਼ਿੰਦਗੀ ਵਿਚ ਕੋਈ ਤਬਦੀਲੀ ਆਈ ?

ਉਤਰ : ਨਹੀਂ ਬਿਲਕੁਲ ਨਹੀਂ। ਮੈਂ ਇਕ ਆਮ ਸਰਕਾਰੀ ਮੁਲਾਜ਼ਮ ਵਾਂਗ ਜੀਵਨ ਗੁਜ਼ਾਰ ਰਿਹਾ ਸਾਂ।

ਪ੍ਰਸ਼ਨ : ਕੀ ਤੁਸੀਂ ਬੇਅੰਤ ਸਿੰਘ ਨੂੰ ਅਕਸਰ ਹੀ ਮਿਲਦੇ ਸੀ ?

ਉਤਰ : ਨਹੀਂ।

ਪ੍ਰਸ਼ਨ : ਤਾਂ ਫਿਰ ਤੁਸੀਂ ਅੰਮ੍ਰਿਤਸਰ ਉਸ ਨਾਲ ਕਿਉਂ ਗਏ ?

ਉਤਰ : ਬਿਮਲ ਖਾਲਸਾ ਦੀ ਭੈਣ ਲਈ ਐਮ. ਆਰ. ਸਿੰਘ ਨਾਲ ਉਨ੍ਹਾਂ ਨੂੰ ਮਿਲਾਉਣ ਲਈ।

ਪ੍ਰਸ਼ਨ : ਪੁਲੀਸ ਇਹ ਕਹਿੰਦੀ ਹੈ ਕਿ ਤੁਸੀਂ ਦੋਵੇਂ ਦਰਬਾਰ ਸਾਹਿਬ ਦੇ ਵਿਸ਼ੇਸ਼ ਦਰਸ਼ਨਾਂ ਲਈ ਅੰਮ੍ਰਿਤਸਰ ਗਏ। ਤੁਸੀਂ ਬੇਅੰਤ ਸਿੰਘ ਨੂੰ ਇਹ ਮਨਾਉਣ ਲਈ ਗਏ ਕਿ ਉਹ ਇੰਦਰਾ ਗਾਂਧੀ ਦੀ ਹੱਤਿਆ ਕਰੇ ਅਤੇ ਇਸ ਉਦੇਸ਼ ਲਈ ਤੁਸੀਂ ਚਾਹੁੰਦੇ ਸੀ ਕਿ ਬੇਅੰਤ ਸਿੰਘ ਉਥੇ ਸਹੁੰ ਖਾਏ ?

ਉਤਰ : ਇਹ ਸਭ ਕੁਝ ਝੂਠ ਹੈ।

ਪ੍ਰਸ਼ਨ : ਤੁਸੀਂ ਤੇ ਬੇਅੰਤ ਸਿੰਘ ਹਰਿਮੰਦਰ ਸਾਹਿਬ ਹੋਰਨਾਂ ਨਾਲੋਂ ਪਹਿਲਾਂ ਕਿਉਂ ਗਏ ? ਤੁਸੀਂ ਉਥੇ ਕਿੰਨਾ ਚਿਰ ਠਹਿਰੇ ?

ਉਤਰ : ਅਸੀਂ ਉਥੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਲਈ ਸਵੇਰੇ ਸਵੇਰੇ ਗਏ ਅਸਲ ਵਿਚ ਮੈਂ ਰੋਜ਼ ਗੁਰਦੁਆਰੇ ਜਾਂਦਾ ਹਾਂ। ਦਿੱਲੀ ਵਿਚ ਵੀ ਮੈਂ ਰੋਜ਼ਾਨਾ ਗੁਰਦੁਆਰੇ ਜਾ ਕੇ ਕੀਰਤਨ ਸੁਣਦਾ ਹਾਂ। ਇਥੋਂ ਤਕ ਕਿ ਪਟਨਾ ਸਾਹਿਬ ਤੇ ਨਾਂਦੇੜ ਦੇ ਦਰਸ਼ਨਾਂ ਸਮੇਂ ਵੀ ਮੈਂ ਹਰ ਰੋਜ਼ ਸਵੇਰੇ ਕੀਰਤਨ ਸੁਣਦਾ ਸਾਂ। ਇਹ ਉਹ ਸਮਾਂ ਹੁੰਦਾ ਹੈ ਜਦੋਂ ਪੂਰੀ ਖਾਮੋਸ਼ੀ ਹੁੰਦੀ ਹੈ ਤੇ ਮਨ ਪੂਰੀ ਤਰ੍ਹਾਂ ਸਿਮਰਨ ਵਿਚ ਜੁੜ ਜਾਂਦਾ ਹੈ।

ਪ੍ਰਸ਼ਨ : ਬਿਮਲ ਖਾਲਸਾ ਨਾਲ ਤੁਹਾਡਾ ਕੀ ਸਬੰਧ ਹੈ ?

ਉਤਰ : ਉਹ ਮੇਰੀ ਨੂੰਹਾਂ ਵਾਂਗ ਹੈ। ਮੇਰੀ ਪਤਨੀ ਤੇ ਉਹ ਪਰਿਵਾਰ ਦੀਆਂ ਗੱਲਾਂ ਕਰਦੇ ਹੁੰਦੇ ਸਨ। ਅਸੀਂ ਹਫਤੇ ਵਿਚ ਇਕ ਵਾਰ ਮਿਲਦੇ ਸਾਂ। ਜੇ ਉਸ ਨੂੰ ਕੋਈ ਮੁਸ਼ਕਲ ਆਉਂਦੀ ਤਾਂ ਉਹ ਮੇਰੀ ਪਤਨੀ ਨਾਲ ਸਾਂਝਿਆਂ ਕਰਦੀ। ਉਨ੍ਹਾਂ ਦੇ ਬੱਚੇ 12 ਸੈਕਟਰ ਦੇ ਸਕੂਲ ਵਿਚ ਪੜ੍ਹਦੇ ਸਨ ਜੋ ਮੇਰੇ ਘਰ ਦੇ ਨੇੜੇ ਹੀ ਸੀ। ਉਹ ਅਕਸਰ ਹੀ ਸਾਡੇ ਘਰ ਆਉਂਦੇ ਸਨ।

ਪ੍ਰਸ਼ਨ : ਬਿਮਲ ਖਾਲਸਾ ਕਹਿੰਦੀ ਹੈ ਕਿ ਉਸ ਦਾ ਪਤੀ ਅਪਰੇਸ਼ਨ ਬਲਿਊ ਸਟਾਰ ਪਿਛੋਂ ਪੂਰੀ ਤਰ੍ਹਾਂ ਬਦਲ ਚੁੱਕਾ ਸੀ। ਉਸ ਨੇ ਬਿਮਲ ਖਾਲਸਾ ਨਾਲ ਬਦਲਾ ਲੈਣ ਦੀ ਗੱਲ ਵੀ ਕੀਤੀ ਸੀ। ਜਦੋਂ ਤੁਸੀਂ ਬੇਅੰਤ ਸਿੰਘ ਨੂੰ ਉਸ ਦੇ ਘਰ ਮਿਲੇ ਕੀ ਤੁਸਾਂ ਉਸ ਵਿਚ ਕੋਈ ਤਬਦੀਲੀ ਦੇਖੀ ?

ਉਤਰ : ਨਹੀਂ, ਮੈਂ ਅਜਿਹੀ ਕੋਈ ਤਬਦੀਲੀ ਨਹੀਂ ਵੇਖੀ ਅਤੇ ਨਾ ਹੀ ਕਦੇ ਬਿਮਲ ਨੇ ਬੇਅੰਤ ਸਿੰਘ ਵਿਚ ਆਈ ਤਬਦੀਲੀ ਬਾਰੇ ਮੈਨੂੰ ਜਾਂ ਮੇਰੀ ਪਤਨੀ ਨੂੰ ਦੱਸਿਆ।

ਪ੍ਰਸ਼ਨ : ਕੀ ਕਦੇ ਬੇਅੰਤ ਸਿੰਘ ਨੇ ਤੁਹਾਡੇ ਨਾਲ ਕੋਈ ਵਿਉਂਤ ਬਣਾਈ ?

ਉਤਰ : ਨਹੀਂ।

ਪ੍ਰਸ਼ਨ : ਸਰਕਾਰੀ ਵਕੀਲ ਨੇ ਕਿਹਾ ਹੈ ਕਿ ਸਤਵੰਤ ਸਿੰਘ ਨੇ ਤੁਹਾਨੂੰ ਤੇ ਬੇਅੰਤ ਸਿੰਘ ਨੂੰ ਹਰਿਮੰਦਰ ਸਾਹਿਬ ਮਿਲਣਾ ਸੀ। ਕੀ ਇਹ ਠੀਕ ਹੈ ?

ਉਤਰ : ਨਹੀਂ, ਇਹ ਸੱਚ ਨਹੀਂ।


ਪ੍ਰਸ਼ਨ : ਬੇਅੰਤ ਸਿੰਘ ਕਿਹੋ ਜਿਹਾ ਬੰਦਾ ਸੀ ? ਉਸ ਦੀ ਪਤਨੀ ਬਿਮਲ ਖਾਲਸਾ ਕਿਹੋ ਜਿਹੀ ਹੈ ? ਤੁਹਾਡਾ ਕੀ ਖਿਆਲ ਹੈ ਕਿ ਉਸ ਨੇ ਤੁਹਾਡੇ ਖਿਲਾਫ ਗਵਾਹੀ ਕਿਉਂ ਦਿੱਤੀ ?

ਉਤਰ : ਬੇਅੰਤ ਸਿੰਘ ਬਹੁਤ ਸਾਧਾਰਨ ਕਿਸਮ ਦਾ ਵਿਅਕਤੀ ਸੀ। ਉਹ ਕਦੇ ਵੀ ਪੁਲਸੀਆ ਨਹੀਂ ਸੀ ਲਗਦਾ। ਉਸ ਦੀ ਪਤਨੀ ਵੀ ਇਕ ਚੰਗੀ ਔਰਤ ਹੈ। ਉਸ ਨੇ ਐਸ. ਆਈ. ਟੀ. ਦੇ ਦਬਾਅ ਵਿਚ ਆ ਕੇ ਮੇਰੇ ਵਿਰੁਧ ਗਵਾਹੀ ਦਿੱਤੀ।

ਪ੍ਰਸ਼ਨ : ਪੁਲੀਸ ਨੇ ਇਕ ਗਵਾਹ ਪੇਸ਼ ਕੀਤਾ ਹੈ ਜਿਸ ਨੇ ਕਿਹਾ ਸੀ ਕਿ ਜਦੋਂ ਤੁਸੀਂ ਗੁਰਦੁਆਰੇ ਵਿਚ ਰਾਗੀ ਦਰਸ਼ਨ ਸਿੰਘ ਦਾ ਕੀਰਤਨ ਸੁਣ ਰਹੇ ਸਂ ਤਾਂ ਉਸ ਸਮੇਂ ਬੇਅੰਤ ਸਿੰਘ ਰੋਣ ਲਗ ਪਿਆ। ਤੁਸੀਂ ਬੇਅੰਤ ਸਿੰਘ ਨੂੰ ਉਸ ਘੜੀ ਕਿਹਾ : ਰੋ ਨਾ ਤੇ ਬਦਲਾ ਲੈ।

ਉਤਰ : ਇਹ ਗਲਤ ਹੈ। ਮੈਂ ਇਹ ਕਦੇ ਨਹੀਂ ਕਿਹਾ। ਪੁਲੀਸ ਨੇ ਇਸ ਬਾਰੇ ਜੋ ਗਵਾਹ ਪੇਸ਼ ਕੀਤਾ ਹੈ ਉਹ ਇੰਦਰਬੀਰ ਸਿੰਘ ਉਰਫ ਸੁੱਚਾ ਹੈ। ਉਹ ਯੂਥ ਕਾਂਗਰਸ (ਆਈ) ਦੱਖਣੀ ਦਿੱਲੀ ਦਾ ਜਨਰਲ ਸਕੱਤਰ ਹੈ ਤੇ ਆਰ ਕੇ ਪੁਰਮ ਵਿਚ ਬਦਨਾਮ ਵਿਅਕਤੀ ਕਰਕੇ ਜਾਣਿਆ ਜਾਂਦਾ ਹੈ। ਉਸ ਵਿਰੁਧ ਕਈ ਕੇਸ ਚਲਦੇ ਹਨ।

GILL AUTO SALES



7762 - Edmonds St., Burnaby, B.C.


DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ
ਕਾਰਾਂ ਹਨ — ਦੇਖਣ ਲਈ
ਅੱਜ ਹੀ ਪੁੱਜੋ — ਵਾਜਬ
ਕੀਮਤਾਂ

GILL VANS



Season's Greetings!

ਪ੍ਰਲਾਦ ਗਿੱਲ ਵਲੋਂ

ਸਾਰੇ ਦੋਸਤਾਂ, ਮਿੱਤਰਾਂ, ਅਤੇ ਗਾਹਕਾਂ ਨੂੰ

ਨਵਾਂ ਸਾਲ ਮੁਬਾਰਕ !

- Accessories
- Service
- Installations
- Auto Upholstery

CALL 522-2122 COLLECT

ਮੇਰੀ ਨਜ਼ਰ ਵਿਚ

ਪੰਜਾਬ ਦੀ ਅਜੋਕੀ ਸਥਿਤੀ ਨਾਲ ਕਿਵੇਂ ਨਿਬੜਿਆ ਜਾਏ

ਕਰਤਾਰ ਸਿੰਘ ਦੁੱਗਲ



ਮੇਰੀ ਇਹ ਧਾਰਨਾ ਹੈ ਕਿ ਅਸੀਂ ਪੰਜਾਬੀ ਹਰੀ ਕ੍ਰਾਂਤੀ ਲਿਆਉਣ ਵਿਚ ਇਤਨੇ ਵਰ੍ਹੇ ਰੁੱਝੇ ਰਹਿਣ ਕਾਰਨ ਤੇ ਬਟਵਾਰੇ ਤੋਂ ਬਾਅਦ ਆਪੋ-ਆਪਣੀ ਮਾਲੀ ਹਾਲਤ ਸੁਧਾਰਨ ਵਿਚ ਇਕ-ਪਾਸੜ ਸੰਲਗਨ ਹੋਣ ਕਰਕੇ, ਸਭਿਆਚਾਰ ਦੇ ਪਖੋਂ ਪਛੜ ਗਏ ਹਾਂ। ਪੰਜਾਬੀ ਦੀ ਅਜੋਕੀ ਅਧੋਗਤੀ ਦਾ ਕਾਰਨ ਵਧੇਰੇ ਹਦ ਤਕ ਇਸ ਠੁਕ ਦੀ ਘਾਟ ਹੈ। ਅਜ ਸਾਡੀ ਪ੍ਰਤੀ-ਨਫਰ ਆਮਦਨ ਦੇਸ ਭਰ ਵਿਚ ਸਭ ਤੋਂ ਵਧੀਕ ਹੈ ਪਰ ਅਸੀਂ ਆਪਣਾ ਚਜ-ਆਚਾਰ, ਆਪਣਾ ਸੁਖ-ਚੈਨ, ਆਪਣਾ ਸੰਤੁਲਨ ਗਵਾ ਬੈਠੇ ਹਾਂ। ਅਸੀਂ ਆਪਣੀ ਪਰੰਪਰਾ ਤੋਂ ਬੇਮੁਖ ਹੋ ਗਏ ਹਾਂ, ਸਾਡੇ ਭਾਈਚਾਰੇ ਵਿਚ ਤਰੇੜਾਂ ਪੈ ਰਹੀਆਂ ਨੇ, ਸਾਡੀ ਰਹਿਤਲ ਉਲਾਰ ਹੋ ਗਈ ਹੈ ਨਵੇਂ ਨਵੇਂ ਨਾਅਰੇ ਸੁਣਾਈ ਦਿੰਦੇ ਨੇ, ਨਵੀਆਂ ਨਵੀਆਂ ਦਲੀਲਾਂ ਪੇਸ਼ ਕੀਤੀਆਂ ਜਾਂਦੀਆਂ ਹਨ, ਨਵੇਂ ਨਵੇਂ ਢੁੱਚਰ ਖੜੇ ਕੀਤੇ ਜਾਂਦੇ ਨੇ।

ਅੱਜ ਪੰਜ ਤੋਂ ਵਧੀਕ ਵਰ੍ਹਿਆਂ ਤੋਂ ਪੰਜਾਬ ਜਿਵੇਂ ਅੱਗ ਦੇ ਲੰਬੂ ਵਿਚ ਝੁਲਸ ਰਿਹਾ ਹੋਵੇ। ਅਰਬਾਂ ਦੀ ਸੰਪਤੀ ਦਾ ਨੁਕਸਾਨ ਹੋ ਚੁਕਾ ਹੈ, ਬੇਸ਼ੁਮਾਰ ਮਾਸੂਮ ਜਾਨਾਂ ਜ਼ਾਇਆ ਹੋ ਚੁਕੀਆਂ ਹਨ। ਲੱਖਾਂ ਵਿਹੜੇ ਉਜੜੇ ਪਏ ਨੇ, ਹਜ਼ਾਰਾਂ ਸੁਹਾਗ ਲੁਟੇ ਗਏ ਨੇ, ਅਨੇਕ ਯਤੀਮ ਹੋਏ ਬੱਚੇ ਗਲੀਆਂ ਵਿਚ ਰੁਲ ਰਹੇ ਹਨ।

ਸਰਕਾਰ ਜ਼ੋਰ ਲਾ ਲਥੀ ਹੈ। ਸਿਆਸਤਦਾਨ ਹਾਰੇ ਲਗਦੇ ਹਨ। ਬੁਧੀ-ਜੀਵੀ ਪਰੇਸ਼ਾਨ ਹਨ। ਦਹਿਸ਼ਤ-ਗਰਦਾਂ ਦਾ ਦਾਰੂ ਸਿੱਕਾ ਮੁੱਕਣ ਵਿਚ ਨਹੀਂ ਪਿਆ ਆਂਦਾ, ਪੁਲਸ ਦੀਆਂ ਗੋਲੀਆਂ ਦਿਨ-ਰਾਤ ਤੜ-ਤੜ ਵਰ੍ਹਦੀਆਂ ਰਹਿੰਦੀਆਂ ਨੇ। ਇੰਜ ਤਾਂ ਪੰਜਾਬ ਇਕ ਵੀਰਾਨਾ ਹੋ ਕੇ ਰਹਿ ਜਾਏਗਾ।

ਮਾਨਸਕ ਤੌਰ ਤੇ ਪੰਜਾਬ ਖਬਰੇ ਇਕ ਖੰਡਰ ਬਣ ਵੀ ਚੁਕਾ ਹੈ। ਜਿਸ ਪੰਜਾਬ ਨੂੰ ਸ਼ਾਸਤਰੀ ਸੰਗੀਤ ਦਾ ਇਕ ਨਖਲਿਸਤਾਨ ਜਾਣਿਆ ਜਾਂਦਾ ਸੀ, ਜਿਸ ਦੇ ਪਟਿਆਲਾ ਅੰਗ ਦਾ ਕਦੀ ਚਰਚਾ ਹੁੰਦਾ ਸੀ, ਜਿਸ ਦੇ ਬੜੇ ਗੁਲਾਮ ਅਲੀ ਖਾਂ ਤੇ ਛੋਟੇ ਗ਼ਲਾਮ ਅਲੀ ਖਾਂ ਸੰਗੀਤ ਦੀਆਂ ਮਹਿਫ਼ਲਾਂ ਵਿਚ ਛਾਏ ਰਹਿੰਦੇ ਸਨ। ਜਿਸ ਪੰਜਾਬ ਦਾ ਟੱਪਾ ਰਸੂਲਨ ਬਾਈ, ਸਿੱਧੇਸ਼ਵਰੀ ਦੇਵੀ ਤੇ ਗਵਾਲਿਅਰ ਦੇ ਕ੍ਰਿਸ਼ਨ ਰਾਓ ਸ਼ੰਕਰ ਪੰਡਿਤ ਗਾ ਕੇ ਫ਼ਖਰ ਸਮਝਦੇ ਸਨ, ਉਹ ਪੰਜਾਬ ਅਜ, ਮਾਸਟਰ ਸੋਹਨ ਸਿੰਘ ਦੀ ਮੌਤ ਤੋਂ ਬਾਅਦ, ਅੰਤਰਰਾਸ਼ਟਰੀ ਨਾਮਣੇ ਦੇ ਇਕ ਸੰਗੀਤਕਾਰ ਦਾ ਨਾਂ ਨਹੀਂ ਗਿਣਵਾ ਸਕਦਾ।

ਫਿਲਮੀ ਦੁਨੀਆਂ ਵਿਚ ਜਿਸ ਪੰਜਾਬ ਨੇ ਦੇਸ਼ ਨੂੰ ਰਾਜ ਕਪੂਰ, ਅੱਬਾਸ ਰਾਜਿੰਦਰ ਸਿੰਘ ਬੇਦੀ, ਕਾਮਨੀ ਕੌਸ਼ਲ, ਚੇਤਨ ਆਨੰਦ ਦਿੱਤੇ। ਅਜ ਜਿਸ ਦੇ ਜਾਏ, ਰਾਮਾਨੰਦ ਸਾਗਰ, ਬੀ ਆਰ ਚੋਪੜਾ, ਓਮਪੁਰੀ, ਰਾਜ ਬੱਬਰ ਘਰ ਘਰ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਨੇ ਉਹ ਪੰਜਾਬ ਇਕ ਪੰਜਾਬੀ ਫਿਲਮ ਦਾ ਨਾਂ ਨਹੀਂ ਲੈ ਸਕਦਾ ਜਿਸਨੂੰ ਸੂਝਵਾਨ ਸਾਥ ਵਿਚ ਵੇਖਿਆ ਜਾ ਸਕੇ। ਕਦੀ ਕਿਸੇ ਪੰਜਾਬੀ ਫਿਲਮ ਨੂੰ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਪੁਰਸਕਾਰ ਲਈ ਨਹੀਂ ਚੁਣਿਆ ਗਿਆ।

ਅਜ ਰੱਜੇ-ਪੁਜੇ ਹਰ ਪੰਜਾਬੀ ਘਰ ਵਿਚ ਟੀ. ਵੀ. ਹੈ। ਰੀਫਰਿਜਰੇਟਰ ਹੈ, ਪਿੰਡਾਂ ਵਿਚ ਗਲੀ ਗਲੀ ਵਿਚ ਟਰੈਕਟਰ ਹਨ, ਪਿੰਡ ਪਿੰਡ ਕੰਬਾਈਨ ਹਨ, ਪਰ ਕਿਤੇ ਬੁਕ-ਸ਼ੈਲਫ ਕਦੀ ਨਜ਼ਰ ਨਹੀਂ ਆਂਦਾ। ਪੰਜਾਬੀ ਵਿਚ ਦੇਸ ਭਰ ਦੀਆਂ ਭਾਸ਼ਾਵਾਂ ਦੇ ਮੁਕਾਬਲੇ ਵਿਚ ਘਟ ਨਵੀਆਂ ਕਿਤਾਬਾਂ ਛਪਦੀਆਂ ਹਨ। 1984-85, ਜਿਸ ਵਰ੍ਹੇ ਦੇ ਨੇੜੇ-ਤੋਂ ਨੇੜੇ ਆਂਕੜੇ ਪ੍ਰਾਪਤ ਹਨ, ਪੰਜਾਬੀ ਵਿਚ ਕੇਵਲ 272 ਕਿਤਾਬਾਂ ਛਪੀਆਂ ਸਨ, ਉਸ ਵਰ੍ਹੇ ਬੰਗਾਲੀ ਵਿਚ 1275 ਪੁਸਤਕਾਂ ਦਾ ਪ੍ਰਕਾਸ਼ਨ ਹੋਇਟਾ ਸੀ। ਪਿਛਲੇ ਕੁਝ ਵਰ੍ਹਿਆਂ ਵਿਚ ਜਿਹੜੀ ਖੇਡ ਪੰਜਾਬ ਵਿਚ ਖੇਡੀ ਜਾ ਰਹੀ ਹੈ, ਇਸ ਦੌਰਾਨ ਆਂਕੜੇ ਹੋਰ ਮਾਯੂਸਕੁਨ ਹੋ ਗਏ ਹੋਣਗੇ, ਬਿਹਤਰ ਨਹੀਂ ਹੋ ਸਕਦੇ। ਅਜ ਵੱਡੇ-ਤੋਂ ਵੱਡੇ ਸਾਹਿਤਕਾਰ ਦੀ ਕੋਈ ਪ੍ਰਕਾਸ਼ਕ ਕਿਤਾਬ ਛਾਪ ਕੇ ਰਾਜੀ ਨਹੀਂ। ਇਸ ਲਈ ਕਿ ਕਿਤਾਬਾਂ ਵਿਕਦੀਆਂ ਨਹੀਂ। ਲੋਕਾਂ ਨੂੰ ਆਪੋ-ਧਾਪੀ ਪਈ ਹੋਈ ਹੈ।

ਪੰਜਾਬ ਵਿਚ ਰੰਗਮੰਚ ਦੀ ਗਤੀਵਿਧੀ ਨਿਗੂਣੀ ਹੈ। ਦਿੱਲੀ ਵਿਚ ਸਪਰੂ ਹਾਊਸ ਦੇ ਨਾਟਕ ਦਰਸ਼ਕਾਂ ਦੇ ਸੁਹਜ-ਸੁਆਦ ਵਿਗਾੜ ਰਹੇ ਦੱਸੇ ਜਾਂਦੇ ਨੇ। ਪੰਜਾਬ ਦਾ ਨਾਚ ਗਿੱਧਾ ਤੇ ਭੰਗੜਾ ਤੇ ਆ ਕੇ ਖਲੋ ਗਿਆ ਹੈ।

ਲਲਿਤ ਕਲਾ ਵਿਚ ਸਤੀਸ਼ ਗੁਜਰਾਲ ਤੇ ਕ੍ਰਿਸ਼ਨ ਖੰਨਾ, ਸਾਨੂੰ ਪਰਾਏ ਹੋ ਗਏ ਹਨ, ਸੋਭਾ ਸਿੰਘ ਦੇ ਟੁਰ ਜਾਣ ਤੋਂ ਬਾਅਦ ਹੋਰ ਕੋਈ ਅਜਿਹਾ ਨਾਂ ਨਹੀਂ ਜਿਸ ਨੂੰ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਜਾਣਿਆ ਜਾਂਦਾ ਹੋਵੇ।

ਇਸ ਦੇ ਉਲਟ ਪੰਜਾਬ ਸਰਕਾਰ ਨੂੰ ਕਾਨੂੰਨੀ ਵਿਵਸਥਾ ਬਣਾਈ ਰੱਖਣ ਦੀਆਂ ਗਤੀਵਿਧੀਆਂ ਤੋਂ ਵਿਹਲ ਨਹੀਂ। ਪੰਜਾਬ ਕਲਾ ਪ੍ਰੀਸ਼ਦ ਨਾਂ ਮਾਤਰ ਕਾਇਮ ਹੈ। ਇਹਦਾ ਵਾਰਸ਼ਕ ਬਜਟ ਕਈ ਵਰ੍ਹਿਆਂ ਤੋਂ ਤਿੰਨ ਅਕਾਦਮੀਆਂ ਸਮੇਤ, ਪੰਜ ਲੱਖ ਤੋਂ ਵਧੀਕ ਨਹੀਂ ਕਦੀ ਮਿਥਿਆ ਗਿਆ। ਇਸ ਨਗੂਣੀ ਰਕਮ ਨਾਲ ਇਸ ਸੰਸਥਾ ਨੂੰ ਪੰਜਾਬੀਆਂ ਦੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਦੀ ਜ਼ਿਮੇਂਵਾਰੀ ਬਖਸ਼ੀ ਗਈ ਹੈ।

ਮੇਰੀ ਨਜ਼ਰ ਵਿਚ ਜੇ ਪੰਜਾਬ ਨੂੰ ਅਜੋਕੀ ਦੁਰਦਸ਼ਾ ਤੋਂ ਕੱਢਣਾ ਹੈ, ਹੋਰ ਹਾਲਾਤ ਦੇ ਵਿਗੜਨ ਤੋਂ ਬਚਾਉਣਾ ਹੈ ਤਾਂ ਪੰਜਾਬੀਆਂ ਦੇ ਸਭਿਆਚਾਰਕ ਉਥਾਨ ਵਲ ਧਿਆਨ ਦੇਣਾ ਹੋਵੇਗਾ। ਇਸ ਸਬੰਧ ਵਿਚ ਕੁਝ ਕੁਝ ਤਜਵੀਜ਼ਾਂ ਇਹ ਹਨ :

ਪੰਜਾਬ ਕਲਾ ਪ੍ਰੀਸ਼ਦ

1. ਪੰਜਾਬ ਕਲਾ ਪ੍ਰੀਸ਼ਦ ਨੂੰ ਤਕੜਿਆਂ ਕੀਤਾ ਜਾਏ। ਦੇਸ ਦੇ ਬਾਕੀ ਰਾਜਾਂ ਵਿਚ ਸਾਹਿਤ ਤੇ ਕਲਾ ਦੀ ਸੰਭਾਲ ਲਈ ਸੰਸਥਾਵਾਂ ਦੀਆਂ ਲੀਹਾਂ ਤੇ ਇਸ ਦਾ ਮੁੜ-ਨਿਰਮਾਣ ਕੀਤਾ ਜਾਏ। ਪਿਛਲੇ ਢੇਰ ਸਾਰੇ ਅਰਸੇ ਤੋਂ ਇਸ ਮਹਤਵਪੂਰਣ ਦਿਸ਼ਾ ਵਲ ਅਣਗਹਿਲੀ ਤੋਂ ਹੋਈ ਹਾਨੀ ਨੂੰ ਸਮੇਟਣ ਲਈ ਹਰ ਜ਼ਿਲ੍ਹੇ ਵਿਚ ਕਲਾ ਕੇਂਦਰ ਸਥਾਪਿਤ ਕੀਤੇ ਜਾਣ। ਹਰ ਕੇਂਦਰ ਵਿਚ ਨ੍ਰਿਤ, ਸੰਗੀਤ, ਪੇਂਟਿੰਗ ਆਦਿ ਕਲਾਵਾਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ ਜਾਏ। ਹਰ ਕੇਂਦਰ ਵਿਚ ਲਾਇਬਰੇਰੀ ਕਾਇਮ ਕੀਤੀ ਜਾਏ ਜਿਸ ਨਾਲ ਵੈਨਾਂ ਦਵਾਰਾ ਇਲਾਕੇ ਦੇ ਪਿੰਡਾਂ ਤੀਕ ਪੁਸਤਕਾਂ ਪਹੁੰਚਾਈਆਂ ਜਾਣ, ਹਰ ਕੇਂਦਰ ਵਿਚ ਆਡੀਟੋਰੀਅਮ ਮੁਹੱਈਆ ਕੀਤਾ ਜਾਏ, ਜਿਥੇ ਨਾਟਕ ਖੇਡੇ ਜਾ ਸਕਣ, ਕਵੀ ਦਰਬਾਰ ਤੇ ਸੰਗੀਤ ਦਰਬਾਰ ਰਚਾਏ ਜਾਣ। ਨਰੋਈਆਂ ਬਦੇਸ਼ੀ ਫਿਲਮਾਂ ਵਿਖਾਈਆਂ ਜਾਣ। ਬੱਚਿਆਂ ਦੀ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕਰਨਾ ਹੋਵੇਗਾ ਤਾਂ ਜੇ ਉਨ੍ਹਾਂ ਵਿਚ ਕਲਾ ਪ੍ਰਤੀ ਰੁਚੀ ਪੁੰਗਰੇ।

ਜਿਲ੍ਹਾ ਪੱਧਰ ਤੇ ਇਸੇ ਤਰ੍ਹਾਂ ਦੇ ਕੇਂਦਰ ਕਾਇਮ ਕਰਨ ਦੀ ਬਰਨਾਲਾ ਸਰਕਾਰ ਨੇ ਕਾਗਜ਼ੀ ਕਾਰਵਾਈ ਸ਼ੁਰੂ ਵੀ ਕੀਤੀ ਸੀ।

2. ਰਾਜ ਵਿਚ ਹਰ ਪੰਚਾਇਤ ਦੀ ਆਪਣੀ ਲਾਇਬਰੇਰੀ ਹੋਣੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਪੰਜਾਬ ਸਾਹਿਤ ਅਕਾਦਮੀ ਵਲੋਂ ਪਿਛੇ ਜਿਹੇ ਚਾਲੂ ਕੀਤੀਆਂ 50 ਪੇਂਡੂ ਲਾਇਬਰੇਰੀਆਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਢਾਈ ਹਜ਼ਾਰ ਰੁਪਿਆ ਹਰ ਪੰਚਾਇਤ ਦੇਵੇ ਤੇ ਹਰ ਲਾਇਬਰੇਰੀ ਲਈ ਢਾਈ ਹਜ਼ਾਰ ਰੁਪੈ ਦੀ ਰਕਮ ਸਰਕਾਰ ਵਲੋਂ ਦਿੱਤੀ ਜਾਏ। ਇੰਜ ਪੰਜ ਹਜ਼ਾਰ ਦੀ ਰਕਮ ਨਾਲ ਜਦੋਂ ਥੋਕ ਕਿਤਾਬਾਂ ਖਰੀਦੀਆਂ ਜਾਣਗੀਆਂ ਪ੍ਰਕਾਸ਼ਕਾਂ ਵਲੋਂ 50 ਫੀਸਦੀ ਡਿਸਕਾਊਂਟ ਛੋਟ ਨਾਲ ਪ੍ਰਤੇਕ ਪੰਚਾਇਤੀ ਲਾਇਬਰੇਰੀ ਨੂੰ ਦਸ ਹਜ਼ਾਰ ਰੁਪੈ ਦੀਆਂ ਪੁਸਤਕਾਂ ਪ੍ਰਾਪਤ ਹੋ ਜਾਣਗੀਆਂ। ਜਦੋਂ ਪਾਠਕਾਂ ਨੂੰ ਪੜ੍ਹਨ ਦਾ ਮੱਸ ਪੈ ਗਿਆ, ਫੇਰ ਲੋਕੀ ਆਪਣੀਆਂ ਲਾਇਬਰੇਰੀਆਂ ਨੂੰ ਆਪ ਸੰਭਾਲ ਲੈਣਗੇ। ਉਨ੍ਹਾਂ ਵਿਚ ਵਾਧਾ ਹੋਣ ਲਗ ਪਵੇਗਾ।

3. ਪੰਜਾਬ ਸਾਹਿਤ ਅਕਾਦਮੀ, ਪੰਜਾਬ ਲਲਿਤ ਕਲਾ ਅਕਾਦਮੀ, ਪੰਜਾਬ ਸੰਗੀਤ-ਨਾਟਕ ਅਕਾਦਮੀ ਵਲੋਂ ਵਾਰਸ਼ਕ ਸਾਹਿਤਕ ਤੇ ਕਲਾ ਦੇ ਮੁਕਾਬਲੇ ਹੋਣੇ ਚਾਹੀਦੇ ਹਨ ਜਿਵੇਂ ਬਾਕੀ ਰਾਜਾਂ ਵਿਚ ਹੁੰਦਾ ਹੈ। ਪੰਜਾਬੀ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਪੁਰਸਕ੍ਰਿਤ ਕੀਤਾ ਜਾਣਾ ਚਾਹੀਦਾ ਹੈ। ਅਕਾਦਮੀਆਂ ਵਲੋਂ ਪੰਜਾਬੀ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਬਾਕੀ ਰਾਜਾਂ ਵਿਚ ਸੈਰ ਤੇ ਅਧਿਅਨ ਲਈ ਭੇਜਿਆ ਜਾਣਾ ਚਾਹੀਦਾ ਹੈ। ਦੂਜੇ ਰਾਜਾਂ ਦੇ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਪੰਜਾਬ ਦੇ ਭ੍ਰਮਣ ਲਈ ਅਕਾਦਮੀਆਂ ਵਲੋਂ ਆਮੰਤ੍ਰਿਤ ਕੀਤਾ ਜਾਏ, ਉਨ੍ਹਾਂ ਨੂੰ ਪੰਜਾਬ ਦੇ ਹਾਲਾਤ ਨੂੰ ਅੱਖੀਂ ਵੇਖਣ ਦਾ ਮੌਕਾ ਦਿੱਤਾ ਜਾਏ। ਬਾਕੀ ਰਾਜਾਂ ਦੀਆਂ ਅਕਾਦਮੀਆਂ ਇੰਜ ਕਰ ਰਹੀਆਂ ਹਨ।

ਵਿਦਿਅਕ ਸੰਸਥਾਵਾਂ

1. ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਕਲਾ, ਸੰਗੀਤ, ਨਾਟਕ ਆਦਿ ਦੇ ਵਿਭਾਗਾਂ ਨੂੰ ਸਸ਼ਕਤ ਬਨਾਉਣਾ ਹੋਵੇਗਾ। ਜਿਥੇ ਜਿਥੇ ਇਹ ਵਿਭਾਗ ਨਹੀਂ ਇਨ੍ਹਾਂ ਨੂੰ ਕਾਇਮ ਕਰਨਾ ਹੋਵੇਗਾ।

2. ਨਾਮੀ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਯੂਨੀਵਰਸਿਟੀਆਂ ਵਲੋਂ ਆਮੰਤ੍ਰਿਤ ਕਰਕੇ ਥੋੜ੍ਹੀ ਥੋੜ੍ਹੀ ਅਵਧੀ ਲਈ ਕੈਂਪਸ ਤੇ ਰਹਿਣ ਲਈ ਰਾਜ਼ੀ ਕੀਤਾ ਜਾਏ ਤਾਂ ਜੇ ਵਿਦਿਆਰਥੀਆਂ ਨੂੰ ਉਘੇ ਸਾਹਿਤਕਾਰਾਂ ਤੇ ਕਲਾਕਾਰਾਂ ਦੇ ਸਾਥ ਦਾ ਅਵਸਰ ਮਿਲ ਸਕੇ।

3. ਸਕੂਲਾਂ ਕਾਲਜਾਂ ਦੀਆਂ ਪਾਠ ਪੁਸਤਕਾਂ ਦਾ ਭਰੋਸੇ ਯੋਗ, ਅਫਿਰਕੂ ਵਿਦਵਾਨਾਂ ਤੋਂ ਨਿਰੀਖਸ਼ਣ ਕਰਾਉਣਾ ਹੋਵੇਗਾ ਤੇ ਅਗੋਂ ਲਈ ਕੇਵਲ ਉਚ ਪੱਧਰ ਦੇ ਵਿਦਵਾਨਾਂ ਦੀਆਂ ਪੁਸਤਕਾਂ ਨੂੰ ਸਕੂਲਾਂ ਕਾਲਜਾਂ ਦੀ ਪੜ੍ਹਾਈ ਲਈ ਨੀਯਤ ਕੀਤਾ ਜਾਏ, ਉਹ ਵਿਦਵਾਨ ਜਿੰਨ੍ਹਾਂ ਦੀ ਨਰੋਈ ਸੋਚਣੀ ਵਿਚ ਕੋਈ ਸੰਦੇਹ ਨਾ ਹੋਵੇ।

ਰੇਡਿਓ ਤੇ ਟੀ. ਵੀ.

ਅਕਾਸ਼ਵਾਣੀ ਤੇ ਦੂਰਦਰਸ਼ਨ ਨੂੰ ਇਹ ਯਾਦ ਰੱਖਣਾ ਹੋਵੇਗਾਂ ਕਿ ਉਨ੍ਹਾਂ

ਪ੍ਰਸ਼ਨ : ਤੁਸੀਂ ਗੁਰਦੁਆਰੇ ਰੋਜ਼ ਜਾਂਦੇ ਸੀ ? ਜਾਂ ਕੀ ਅਪਰੇਸ਼ਨ ਬਲਿਊ ਸਟਾਰ ਪਿਛੋਂ ਤੁਸੀਂ ਗੁਰਦੁਆਰੇ ਬਹੁਤਾ ਨਹੀਂ ਸੀ ਜਾਣ ਲਗ ਪਏ ?

ਉਤਰ : ਮੈਂ ਤਾਂ ਬਚਪਨ ਤੋਂ ਹੀ ਰੋਜ਼ਾਨਾ ਗੁਰਦੁਆਰੇ ਜਾਂਦਾ ਹਾਂ। ਮੇਰੇ ਮਾਤਾ ਪਿਤਾ ਵੀ ਇੰਜ ਹੀ ਕਰਦੇ ਸਨ। ਮੇਰੇ ਗੁਰਦੁਆਰੇ ਜਾਣ ਦਾ ਬਲਿਊ ਸਟਾਰ ਨਾਲ ਕੀ ਸਬੰਧ ਹੈ ? ਮੇਰੇ ਲਈ ਗੁਰਦੁਆਰਾ ਸ਼ਾਂਤੀ ਦਾ ਘਰ ਹੈ ਲੜਾਈ ਦਾ ਨਹੀਂ।

ਪ੍ਰਸ਼ਨ : ਕੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿਚ ਤੁਹਾਡੇ ਪਰਿਵਾਰ ਨੂੰ ਤੰਗ ਪਰੇਸ਼ਾਨ ਕੀਤਾ ?

ਉਤਰ : ਮੈਂ ਇਕੱਲਾ ਹੀ ਨਹੀਂ ਜੋ ਦੁਖਾਂ ਵਿਚੋਂ ਲੰਘ ਰਿਹਾ ਹਾਂ। ਮੇਰਾ ਸਾਰਾ ਪਰਿਵਾਰ ਹੀ ਉਜੜਿਆ ਪਿਆ ਹੈ। ਵਾਹਿਗੁਰੂ ਦੀ ਮਿਹਰ ਹੀ ਸਮਝੋ ਕਿ ਮੈਂ ਹੈਰਾਨ ਹਾਂ ਉਨ੍ਹਾਂ ਦਾ ਏਨਾ ਵੱਡਾ ਹੌਸਲਾ ਕਿਵੇਂ ਹੈ ?

ਮੇਰੇ ਸਾਰੇ ਪਰਿਵਾਰ ਦੇ ਮੈਂਬਰਾਂ ਦੀ ਪੁੱਛਗਿਛ ਹੋਈ। ਮੇਰੇ ਪੁੱਤਰਾਂ ਨੂੰ ਰੋਜ਼ਾਨਾ ਰਾਤ ਨੂੰ ਯਮੁਨਾ ਪੁੱਛਗਿਛ ਕੇਂਦਰ ਵਿਚ ਖੜਿਆ ਜਾਂਦਾ। ਐਸ ਆਈ ਟੀ ਦੇ ਜਵਾਨ ਉਨ੍ਹਾਂ ਨੂੰ ਤਸੀਹੇ ਦਿੰਦੇ। ਮੇਰੇ ਪੁਤਰ ਰਾਜਿੰਦਰ ਸਿੰਘ ਨੂੰ ਵੀ ਤੰਗ ਕੀਤਾ ਗਿਆ ਕਿਉਂ ਜੋ ਉਹ ਮੇਰੇ ਕੇਸ ਦੀ ਪੈਰਵੀ ਕਰ ਰਿਹਾ ਸੀ। ਉਸ ਨੂੰ ਛੁੱਟੀ ਲੈਣ ਲਈ ਮਜਬੂਰ ਹੋਣਾ ਪਿਆ। ਛੁੱਟੀ ਮਨਜ਼ੂਰ ਵੀ ਹੋਈ। ਪਰ ਮੇਰੇ ਪੁੱਤਰ ਨੂੰ 2 ਮਈ 1985 ਨੂੰ ਇਕ ਸਾਲ ਲਈ ਐਨ ਐਸ ਏ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਜੋ ਮੇਰੇ ਕੇਸ ਦੀ ਉਹ ਪੈਰਵੀ ਨਾ ਕਰ ਸਕੇ। 2 ਮਈ 1986 ਨੂੰ ਉਹ ਰਿਹਾਅ ਹੋਇਆ ਤੇ ਫਿਰ ਮੇਰਾ ਘਰ ਜਬਰੀ ਖਾਲੀ ਕਰਾ ਲਿਆ ਗਿਆ। ਮੇਰੇ ਪੁੱਤਰ ਤੋਂ ਵੀ 25 ਅਗਸਤ 1986 ਨੂੰ ਪੁਲੀਸ ਨੇ ਜਬਰੀ ਘਰ ਖਾਲੀ ਕਰਾਇਆ

ਮੇਰੇ ਪੁੱਤਰ ਨੇ ਮੋਤੀ ਬਾਗ ਗੁਰਦੁਆਰੇ ਵਿਚ ਸ਼ਰਨ ਲਈ। ਜਿਸ ਬੰਦੇ ਨੇ ਸ਼ਰਨ ਦਿੱਤੀ ਉਸ ਨੂੰ ਵੀ ਪੁਲਸ ਨੇ ਤੰਗ ਪਰੇਸ਼ਾਨ ਕੀਤਾ। ਉਸ ਨੂੰ ਧਮਕੀ ਦਿੱਤੀ ਗਈ ਕਿ ਉਸ ਨੂੰ ਵੀ ਐਨ ਐਸ ਏ ਅਧੀਨ ਨਜ਼ਰਬੰਦ ਕੀਤਾ ਜਾਏਗਾ।

ਗੁਰਦੁਆਰਾ ਕਮੇਟੀ ਨੇ ਮੇਰੇ ਪੁੱਤਰ ਨੂੰ ਘਰ ਖਾਲੀ ਕਰਨ ਲਈ ਨੋਟਿਸ ਦਿੱਤਾ ਤੇ ਅਖੀਰ ਮੋਤੀ ਬਾਗ ਗੁਰਦੁਆਰੇ ਵਿਚੋਂ ਉਸ ਨੂੰ ਜਬਰੀ ਕੱਢ ਦਿੱਤਾ ਗਿਆ। ਹੁਣ ਉਹ ਲੰਗਰ ਵਿਚ ਦਿਨ ਕੱਟ ਰਿਹਾ ਹੈ।

ਪ੍ਰਸ਼ਨ : ਕੀ ਤੁਹਾਨੂੰ ਕਦੇ ਇਹ ਕਿਹਾ ਗਿਆ ਕਿ ਤੁਸੀਂ ਆਪਣਾ ਸਾਰਾ ਕੰਮ ਇਕਬਾਲ ਕਰ ਲਓ ? ਤੁਸੀਂ ਇਕਬਾਲੀਆ ਬਿਆਨ ਕਿਉਂ ਨਾ ਲਿਖਿਆ ? ਜਦ ਕਿ ਸਤਵੰਤ ਸਿੰਘ ਨੇ ਲਿਖਿਆ।

ਉਤਰ : ਹਾਂ ਉਨ੍ਹਾਂ ਮੈਨੂੰ ਵਾਇਦਾ ਮੁਆਫ ਗਵਾਹ ਬਣਨ ਲਈ ਕਿਹਾ। ਉਨ੍ਹਾਂ ਮੈਨੂੰ ਕਈ ਵਾਰ ਕੁੱਟਿਆ ਕਿ ਮੈਂ ਵਾਇਦਾ ਮੁਆਫ ਗਵਾਹ ਬਣ ਜਾਵਾਂ, ਇਥੋਂ ਤੱਕ ਕਿ ਮੇਰੀ ਪਤਨੀ ਦੀ ਹਾਜ਼ਰੀ ਵਿਚ ਕੁੱਟਿਆ ਗਿਆ। ਪਰ ਕਿਉਂਕਿ ਮੈਨੂੰ ਹੱਤਿਆ ਬਾਰੇ ਕੁਝ ਵੀ ਨਹੀਂ ਸੀ ਪਤਾ, ਇਸ ਲਈ ਮੈਂ ਗਵਾਹ ਨਹੀਂ ਬਣਿਆ।

ਉਹ ਅਣਮਨੁੱਖੀ ਢੰਗ ਤਰੀਕੇ ਵਰਤ ਕੇ ਮੈਨੂੰ ਤਸੀਹੇ ਦਿੰਦੇ। ਇਕ ਵਾਰ ਮੈਨੂੰ ਕਿਹਾ ਗਿਆ ਕਿ ਮੈਂ ਪਾਣੀ ਵਿਚ ਰਲੀ ਹੋਈ ਟੱਟੀ ਵਿਚੋਂ ਪਾਣੀ ਪੀਵਾਂ। ਇਹ ਸਾਰਾ ਕੁਝ ਮੈਨੂੰ ਵਾਇਦਾ ਮੁਆਫ ਗਵਾਹ ਬਣਾਉਣ ਲਈ ਹੀ ਸੀ। ਸ੍ਰੀ ਕੋਛੜ ਇਥੋਂ ਤਕ ਕਿ ਮੇਰੀ ਕੋਠੜੀ ਵਿਚ ਆਏ, ਮੈਨੂੰ ਤਸੀਹੇ ਦਿਤੇ ਕਿ ਮੈਂ ਵਾਇਦਾ ਮੁਆਫ ਗਵਾਹ ਬਣਨਾ ਮੰਨ ਲਵਾਂ।

ਪ੍ਰਸ਼ਨ : ਭਲਾ ਜੇ ਤੁਸੀਂ ਰਿਹਾਅ ਹੋ ਜਾਓ ਤਾਂ ਤੁਸੀਂ ਭਵਿਖ ਵਿਚ ਕੀ ਕਰੋਗੇ ?

ਉਤਰ : ਮੇਰਾ ਖਿਆਲ ਨਹੀਂ ਕਿ ਮੈਨੂੰ ਰਿਹਾਅ ਕੀਤਾ ਜਾਏਗਾ। ਪਰ ਦੇਖੋ ਪਰਮਾਤਮਾ ਦਾ ਕੀ ਭਾਣਾ ਹੈ। ਜੇ ਮੈਂ ਰਿਹਾਅ ਹੋਇਆ ਤਾਂ ਮੈਂ ਪਰਿਵਾਰ ਵਿਚ ਫਿਰ ਮਿਲ ਜਾਵਾਂਗਾ। ਮੈਂ ਹੋਰ ਵਾਹਿਗੁਰੂ ਦੇ ਨਾਮ ਵਿਚ ਜੁੜ ਜਾਵਾਂਗਾ। ਮੈਨੂੰ ਹੁਣ ਕੌਣ ਨੌਕਰੀ ਦਏਗਾ ? ਬਸ ! ਮੈਂ ਸਾਰੀ ਜ਼ਿੰਦਗੀ ਉਸ ਪਰਮਾਤਮਾ ਦੇ ਸਿਮਰਨ ਵਿਚ ਗੁਜ਼ਾਰਾਂਗਾ।

ਪ੍ਰਸ਼ਨ : ਕੀ ਤੁਸੀਂ ਠੱਕਰ ਕਮਿਸ਼ਨ ਅਗੇ ਪੇਸ਼ ਹੋਏ ?

ਉਤਰ : ਨਹੀਂ, ਮੈਨੂੰ ਉਨ੍ਹਾਂ ਨੇ ਸੱਦਿਆ ਹੀ ਨਹੀਂ। ਜੇ ਕਮਿਸ਼ਨ ਸੱਦ ਵੀ ਲੈਂਦਾ ਤਾਂ ਮੈਂ ਕੀ ਦੱਸਣਾ ਸੀ ਕਿਉਂਕਿ ਮੈਨੂੰ ਤਾਂ ਕਤਲ ਬਾਰੇ ਪਤਾ ਹੀ ਨਹੀਂ ਹੈ।

ਪ੍ਰਸ਼ਨ : ਠੱਕਰ ਕਮਿਸ਼ਨ ਨੇ ਸਤਵੰਤ ਸਿੰਘ ਨੂੰ ਵੀ ਨਹੀਂ ਸੱਦਿਆ। ਆਖਰਕਾਰ ਉਹ ਅਪਰਾਧ ਵਿਚ ਮੁਖ ਤੌਰ 'ਤੇ ਸ਼ਾਮਲ ਸੀ।

ਉਤਰ : ਸਰਕਾਰ ਸੱਚ ਦਾ ਪਤਾ ਕਰਨ ਵਿਚ ਰੁਚੀ ਨਹੀਂ ਰਖਦੀ। ਉਨ੍ਹਾਂ ਨੇ ਫਾਂਸੀ 'ਤੇ ਲਟਕਾਉਣ ਲਈ ਬੰਦੇ ਲੱਭ ਲਏ ਹਨ। ਬਸ ਇਹੋ ਉਹ ਚਾਹੁੰਦੇ ਸਨ। ਸੱਚ ਤਾਂ ਪਰਮਾਤਮਾ ਹੀ ਜਾਣਦਾ ਹੈ।

ਪ੍ਰਸ਼ਨ : ਤੁਹਾਡੇ ਵਿਰੁਧ ਸਾਰਾ ਕੇਸ ਬਿਮਲ ਖਾਲਸਾ ਦੀ ਗਵਾਹੀ ਉਤੇ ਆਧਾਰਿਤ ਹੈ। ਉਸ ਦਾ ਬਿਆਨ ਪੁਲੀਸ ਨੇ ਉਸ ਨੂੰ ਦੋ ਮਹੀਨੇ ਪੁਲੀਸ ਹਿਰਾਸਤ ਵਿਚ ਰੱਖਣ ਤੋਂ ਪਿਛੋਂ ਰਿਕਾਰਡ ਕੀਤਾ। ਉਂਜ ਸਰਕਾਰੀ ਵਕੀਲ ਵੀ ਮੰਨਦਾ ਹੈ ਕਿ ਬਿਮਲ ਖਾਲਸਾ ਕਈ ਵਾਰ ਝੂਠ ਵੀ ਬੋਲੀ ? ਤੁਹਾਡਾ ਇਸ ਗਵਾਹੀ ਬਾਰੇ ਕੀ ਵਿਚਾਰ ਹੈ

ਉਤਰ : ਉਹ ਕਹਿੰਦੀ ਹੈ ਕਿ ਉਸ ਦੇ ਘਰ ਸਤਵੰਤ ਆਉਂਦਾ ਸੀ। ਪਰ ਪਿਛੋਂ ਉਸ ਨੇ ਇਸ ਦਾ ਖੰਡਨ ਕਰ ਦਿੱਤਾ। ਇਸੇ ਤਰ੍ਹਾਂ ਉਸ ਨੇ ਆਪਣੇ ਹੋਰ ਬਿਆਨਾਂ ਦਾ ਵੀ ਕਈ ਵਾਰ ਖੰਡਨ ਕੀਤਾ ਹੈ। ਪਰ ਮੈਂ ਉਸ ਉਤੇ ਕੋਈ ਦੋਸ਼ ਨਹੀਂ ਲਾਉਂਦਾ। ਪੁਲੀਸ ਨੇ ਉਸ ਨੂੰ ਤੰਗ ਪਰੇਸ਼ਾਨ ਕੀਤਾ ਤੇ ਇਕ ਕਹਾਣੀ ਬਦਾਉਣ ਲਈ ਮਜਬੂਰ ਕਰ ਦਿੱਤਾ ਪਰ ਉਹ ਆਪ ਖੁਦ ਭੰਬਲਭੂਸੇ ਵਿਚ ਪੈਂਦੀ ਰਹੀ।

ਪ੍ਰਸ਼ਨ : ਤੁਹਾਡੇ ਖਿਲਾਫ ਗਵਾਹੀ ਕਮਜ਼ੋਰ ਜਾਪਦੀ ਹੈ, ਤੇ ਫਿਰ ਵੀ ਤੁਹਾਨੂੰ ਤਿੰਨ ਵਾਰ ਸਜ਼ਾ ਸੁਣਾਈ ਗਈ ਹੈ ?.

ਉਤਰ : ਹੋ ਸਕਦੈ ਪਰਮਾਤਮਾ ਮੇਰੇ ਵਿਸ਼ਵਾਸ ਦੀ ਪ੍ਰੀਖਿਆ ਲੈ ਰਿਹਾ ਹੋਵੇ। ਈਸਾ ਮਸੀਹ ਨਾਲ ਵੀ ਤਾਂ ਇਸੇ ਤਰ੍ਹਾਂ ਹੋਇਆ ਹੈ ਤੇ ਮੈਂ ਕੀ ਵਿਚਾਰਾ ਹਾਂ। ਸ਼ਾਇਦ ਜੱਜ ਤਾਂ ਇਹੋ ਸੋਚਦੇ ਸਨ ਕਿ ਮੈਂ ਤੇ ਬਲਬੀਰ ਨਿਰਦੋਸ਼ ਹਾਂ — ਪਰ ਉਨ੍ਹਾਂ ਦੇ ਹੁਕਮਾਂ ਵਿਚ ਰਿਹਾਈ ਕੇਵਲ ਇਕ ਵਿਅਕਤੀ ਦੀ ਸੀ ...।

ਪ੍ਰਸ਼ਨ : ਤੁਹਾਡਾ ਮੁਕੱਦਮਾ ਸ਼ਾਇਦ ਉਨ੍ਹਾਂ ਚੰਦ ਇਕ ਮੁਕੱਦਮਿਆਂ ਵਿਚੋਂ ਹੈ ਜਿਸ ਦੀ ਸੁਣਵਾਈ ਤਿਹਾੜ ਜੇਲ੍ਹ ਵਿਚ ਹੋਈ ਜਿਥੇ ਨਾ ਤਾਂ ਅਖਬਾਰਾਂ ਵਾਲਿਆਂ ਨੂੰ ਅਤੇ ਨਾ ਹੀ ਆਮ ਜਨਤਾ ਨੂੰ ਜਾਣ ਦੀ ਆਗਿਆ ਦਿੱਤੀ ਗਈ। ਕੀ ਤੁਸੀਂ ਦੱਸੋਗੇ ਇਹ ਸਭ ਕੁਝ ਕਿਵੇਂ ਹੁੰਦਾ ਸੀ ?

ਉਤਰ : ਜੇਲ੍ਹ ਦੀ ਅਦਾਲਤ ਵਿਚ ਸਾਨੂੰ ਇਕ ਬੁਲਿਟ ਪਰੂਫ ਕੈਬਿਨ ਵਿਚ ਬਿਠਾਇਆ ਜਾਂਦਾ। ਮੈਨੂੰ ਇਹ ਦੱਸਿਆ ਗਿਆ ਕਿ ਮੇਰਾ ਕੇਸ ਲੜ ਰਹੇ ਵਕੀਲਾਂ ਨੂੰ ਵੀ ਪਰੇਸ਼ਾਨ ਕੀਤਾ ਜਾਂਦਾ ਸੀ। ਉਨ੍ਹਾਂ ਦੀ ਤਲਾਸ਼ੀ ਹੁੰਦੀ ਸੀ।

ਪ੍ਰਸ਼ਨ : ਕੀ ਤੁਹਾਡੇ ਪਰਿਵਾਰ ਨੂੰ ਮੁਕੱਦਮੇ ਦੀ ਸੁਣਵਾਈ ਦੌਰਾਨ ਬੈਠਣ ਦੀ ਇਜਾਜ਼ਤ ਸੀ ?

ਉਤਰ : ਮੇਰੇ ਪਰਿਵਾਰ ਦੇ ਮੈਂਬਰ ਅਦਾਲਤ ਵਲੋਂ ਪਹਿਲਾਂ ਇਜਾਜ਼ਤ ਲੈ ਕੇ ਅਦਾਲਤ ਦੀ ਕਾਰਵਾਈ ਦੌਰਾਨ ਬੈਠ ਸਕਦੇ ਸਨ।

SAMRA BROS.

ROOFING &
INSULATION LTD.



Merry Christmas

&

Happy New Year

To All


"IF IT'S ROOFING, WE DO IT!"

RESIDENTIAL - COMMERCIAL
INDUSTRIAL - APARTMENTS


NEW OR RE-ROOFING

SHAKES • SHINGLES
DUROID • 1 OR 2 PLY SYSTEM

SPECIALISTS IN
SHAKE RE-ROOFING



WE WILL MEET OR BEAT ANY COMPETITIVE BID FOR ROOFING



FOR FREE ESTIMATES CALL :

AVTAR SAMRA 946-4333

OR 273-4473 OR 261-2263


ਏਹ ਕੇਹੋ ਜੇਹੀ ਸਿੱਖੀ ਹੈ ?

ਰਾਮ ਸਿੰਘ ਢਿੱਲੋਂ, ਸਰੀ (ਗੋਰਾਇਆ)

ਜਦੋਂ ਭਾਰਤ ਵਿਚ ਪਰਜਾ ਦੇ ਰਾਖੇ ਰਾਜੇ, ਪਰਜਾ ਦੀ ਰਾਖੀ ਕਰਨ ਦੀ ਬਜਾਏ, ਪਰਜਾ ਦੇ ਲਹੂ ਪਸੀਨੇ ਦੀ ਕਮਾਈ ਬੜੇ ਨਿਰਦਈ ਢੰਗ ਨਾਲ ਹੜਪ ਕਰੀ ਜਾ ਰਹੇ ਸਨ, ਜਦ ਪਰਜਾ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨਾਲ ਪਰਜਾ ਦੇ ਮਾਲਿਕ ਰਾਜੇ ਖੇਡ ਰਹੇ ਸਨ, ਜਦ ਹੜੱਪੇ ਵਰਗੇ ਸ਼ਹਿਰ ਦਾ ਰਾਜਾ, ਹਰ ਸਜ-ਵਿਆਹੀ ਦਾ ਡੋਲਾ ਪਹਿਲੀ ਰਾਤ ਆਪਣੇ ਘਰ ਲਿਆਉਣ ਦੀ ਮਰਿਆਦਾ ਹੀ ਬਣਾ ਚੁਕਾ ਸੀ, ਓਦੋਂ ਜਾਪਦਾ ਸੀ ਜਿਵੇਂ ਆਕਾਸ਼ੀ ਚੰਦਰਮਾਂ ਦੇ ਹੁੰਦਿਆਂ ਹੋਇਆਂ ਵੀ ਧਰਤੀ ਤੇ ਹਨੇਰਾ ਛਾਇਆ ਹੋਇਆ ਹੈ ਤੇ ਰਾਜੇ ਸ਼ੀਂਹ ਬਣ ਤੇ ਉਨ੍ਹਾਂ ਦੇ ਮੁਕਦਮ ਕੁਤੇ ਬਣ ਪਰਜਾ ਨੂੰ ਸ਼ਿਕਾਰ ਸਮਝ ਖਾਈ ਜਾ ਰਹੇ ਸਨ। ਓਦੋਂ ਕਿਸੇ ਗੈਬੀ ਸ਼ਕਤੀ, ਜਿਹਨੂੰ ਕਰਤਾਰ, ਸਿਰਜਣਹਾਰ ਜਾਂ ਰੱਬ ਆਖਦੇ ਹਨ, ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ, ਪੰਜਾਬ ਦੀ, ਵਣਾਂ, ਪੀਲੂਆਂ, ਕਰੀਰਾਂ ਤੇ ਜੰਡ ਉਗਣ ਵਾਲੀ ਧਰਤੀ ਭਾਵ ਰਾਏ ਬੁਲਾਰ ਦੀ ਤਲਵੰਡੀ ਵਿਖੇ, ਮਾਤਾ ਤ੍ਰਿਪਤਾ ਦੀ ਕੁਖੋਂ ਪਿਤਾ ਕਾਲੂ ਦੇ ਘਰ ਬਾਲਕ ਦੇ ਰੂਪ ਵਿਚ ਭੇਜਿਆ, ਜਿਹਨੇ ਸੁਰਤ ਸੰਭਾਲਦਿਆਂ ਹੀ ਹੈਰਾਨ ਕਰਨ ਵਾਲੇ ਕੌਤਿਕ ਦਿਖਾ, ਪਰਜਾ ਤੇ ਹਾਕਮਾਂ ਦੀ ਸੋਚਣੀ ਨੂੰ ਆਪਣੇ ਵੱਲ ਖਿਚਿਆ।

ਦੇਸ਼ ਦੇ ਹੋਰ ਹਿਸਿਆਂ ਵਿਚ ਭਗਤ ਕਬੀਰ, ਰਾਮਾਂਨੁਜ, ਸਦਨਾਂ, ਸੈਨ, ਰਵਿਦਾਸ, ਫਰੀਦ, ਧੰਨਾ, ਨਾਮਦੇਵ ਆਦਿ ਭਗਤੀ-ਲਹਿਰ ਦੀ ਬੁਨਿਆਦ ਰਖ ਚੁਕੇ ਸਨ। ਗੁਰੂ ਨਾਨਕ ਨੇ ਦੇਸ ਦੇ ਏਸ ਹਿੱਸੇ ਵਿਚ, "ਇਕ ਨੂਰ ਤੋਂ ਸਭ ਜਗ ਉਪਜਿਆ — ਨਾ ਕੋ ਵੈਰੀ ਨਾਹਿ ਵਗਾਨਾ, ਏਕ ਪਿਤਾ ਏਕਸ ਕੇ ਬਾਰਕ", ਭਾਵ ਆਪਸੀ ਮਨੁੱਖੀ-ਪਿਆਰ ਦਾ ਏਨਾ ਸੱਚਾ-ਸੁੱਚਾ ਪ੍ਰਚਾਰ ਕੀਤਾ ਕਿ ਜਨਤਾ ਦੀ ਸੋਚਣੀ 'ਚ ਇਕ ਇਨਕਲਾਬ ਪੈਦਾ ਹੋ ਗਿਆ। ਪਰਜਾ ਦੇ ਭਾਰੀ ਇਕੱਠਾਂ ਸਾਹਵੇਂ ਆਪਣੇ ਪ੍ਰਚਾਰ ਤੇ ਜਾਦੂਈ ਬਿਰਤਾਂਤਿਕ ਢੰਗ ਦਵਾਰਾ, ਗੁਰੂ ਨਾਨਕ ਨੇ ਪ੍ਰਤੱਖ ਸਾਬਤ ਕਰ ਦਿੱਤਾ ਕਿ ਅਰਸ਼ਾਂ 'ਚ ਵਸਦੇ ਪਿਤ੍ਰਾਂ ਨੂੰ ਪਾਣੀ ਦਾ ਉਪੜ ਸਕਣਾ ਇਕ ਠਗਾਊ ਪ੍ਰਚਾਰ ਤੇ ਅਸੰਭਵ ਹੈ ਤੇ ਮਲਿਕ ਭਾਗੋਆਂ ਜਿਹੜੇ ਜਨਤਾ ਦੀ ਹਕ-ਹਲਾਲ ਦੀ ਕਮਾਈ ਨੂੰ ਜੋਕਾਂ ਬਣਕੇ ਚੂਸ ਰਹੇ ਹਨ, ਉਨ੍ਹਾਂ ਦੇ ਮਾਹਲ-ਪੂੜੇ ਨਿਰੇ ਜਨਤਾ ਦੇ ਖੂਨ ਦੇ ਭਰੇ ਹੋਏ ਹਨ ਤੇ ਉਨ੍ਹਾਂ ਦੇ ਮੁਕਾਬਲੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਸੌ ਫੀ ਸਦੀ - ਅੰਮ੍ਰਿਤ-ਧਾਰੀ ਦੂਧ ਦੀ ਬਣੀ ਹੋਈ ਹੈ। ਜਿਹੜੇ ਲੋਕ ਗੁਰੂ ਨਾਨਕ ਦੀ ਵਹਿਮਾਂ-ਭਰਮਾਂ ਰਹਿਤ ਇਨਕਲਾਬੀ ਸੋਚਣ ਨਾਲ ਸਹਿਮਤ ਹੋਏ, "ਸਿੱਖ" ਅਖਵਾਣ ਲੱਗੇ ਅਤੇ ਗੁਰੂ ਨਾਨਕ ਏਸ ਨਵੇਂ ਇਨਕਲਾਬੀ ਪੰਥ ਭਾਵ, ਸਿਖਜ਼ਿਮ ਦੇ ਬਾਨੀ (ਮੋਢੀ) ਅਖਵਾਉਣ ਲੱਗੇ। ਬਾਕੀ ਭਗਤੀ ਲਹਿਰ ਦੇ ਉਪਰੋਕਤ ਮੋਢੀਆਂ ਦੀਆਂ ਸੰਪ੍ਰਦਾਵਾਂ ਦੇ ਮੁਕਾਬਲੇ, ਸਿੱਖੀ ਸੰਪ੍ਰਦਾ ਦੇ ਇਕ ਤੋਂ ਬਾਅਦ ਦੂਜਾ ਤੇ ਦੂਜੇ ਤੋਂ ਬਾਅਦ ਤੀਜਾ, ਦਸ ਪੀੜ੍ਹੀਆਂ ਬੜੇ ਸੁਚੱਜੇ ਢੰਗ ਨਾਲ ਬਾਤ੍ਰਤੀਬ ਗੁਰਗੱਦੀ 200 ਸਾਲ ਤੋਂ ਵੀ ਵੱਧ ਇਨਸਾਨੀ ਜਾਮੇਂ ਵਿਚ ਚਲਦੀ ਰਹੀ। ਅੰਤ ਵਿਚ ਪੰਜਵੇਂ ਜਾਮੇਂ ਵਿਚ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਨੇ ਦੇਸ਼ ਦੇ ਵਖ ਵੱਖ ਹਿਸਿਆਂ ਦਾ ਗਮਨ ਕਰਕੇ, ਭਗਤੀ ਲਹਿਰ ਦੇ ਉਪਰੋਕਤ 36 ਭਗਤਾਂ ਦੇ ਮਨੋਹਰ ਤੇ ਵਡਮੁੱਲੇ ਉਚੇਰੇ ਫੁਰਮਾਨਾਂ ਨੂੰ ਤੇ ਪੰਜ ਗੁਰੂਆਂ ਦੇ ਆਖੇ ਸ਼ਬਦਾਂ ਨੂੰ ਇਕੱਠੇ ਕਰ ਇਕ ਵੱਡੀ ਸਾਰੀ 1430 ਪੰਨਿਆਂ ਦੀ ਪੁਸਤਕ ਦਾ ਰੂਪ ਦਿਤਾ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਆਖਦੇ ਹਨ। **ਉਪਰੋਕਤ 36 ਭਗਤ ਭਾਰਤ ਦੇਸ਼ ਦੇ ਹਰ ਹਿੱਸੇ ਤੇ ਹਰ ਮਜ਼੍ਹਬ, ਜਾਤ-ਪਾਤ ਦੇ ਜੰਮ ਪਲ ਸਨ, ਇਹ ਪ੍ਰਤੱਖ ਇਕ ਸੈਕੂਲਰ ਗ੍ਰੰਥ ਹੋਂਦ ਵਿਚ ਆਇਆ।** ਸਿਖਾਂ ਦੀ ਇਹ ਪਵਿਤਰ ਪੁਸਤਕ ਸਿਖਾਂ ਦਾ ਸਦੀਵੀ ਗੁਰੂ ਹੈ ਤੇ ਇਸ ਵਿਚ ਨਾਂ ਹੀ ਕਿਸੇ ਹੋਰ ਅੱਖਰ ਦਾ ਵਾਧਾ ਘਾਟਾ ਹੋ ਸਕਦਾ ਹੈ ਅਤੇ ਨਾ ਹੀ ਇਸ ਵਿਚ ਲਿਖੇ ਕਿਸੇ ਅਖਰ ਦੀ ਤਬਦੀਲੀ ਹੋ ਸਕਦੀ ਹੈ ਇਹ ਗ੍ਰੰਥ ਸਿਖਾਂ ਦਾ ਗੁਰੂ ਹੈ ਤੇ ਸਿਖਾਂ ਨੇ ਕਿਸੇ ਆਪਸੀ ਮਤਭੇਦ ਜਾਂ ਅੜਚਨ ਸਮੇਂ ਆਪਣੇ ਗੁਰੂ ਦਾ ਫੈਸਲਾ ਲੈਣਾ ਹੋਵੇ ਤਾਂ ਇਨ੍ਹਾਂ 1430 ਪੰਨਿਆਂ ਵਿਚੋਂ ਫੋਲ-ਪੜ੍ਹ ਲਿਆ ਜਾ ਸਕਦਾ ਹੈ, ਜਿਵੇਂ ਸੰਤ ਲੌਂਗੋਵਾਲ ਨੇ ਰਾਜੀਵ ਗਾਂਧੀ ਨਾਲ ਹੋਏ ਤਵਾਰੀਖੀ ਸਮਝੌਤੇ ਤੇ ਦਸਤਖਤ ਕਰਨ ਤੋਂ ਪਹਿਲਾਂ, ਸ਼ਸ਼ੋਪੰਜ ਸਮੇਂ ਲਿਆ ਸੀ। ਤੇ ਓਹ ਗੁਰੂ ਦਾ ਹੁਕਮ ਅਟੱਲ ਸਮਝਣਾ ਚਾਹੀਦਾ ਹੈ ਤੇ ਜੇ ਕੋਈ ਏਸ ਗੁਰੂ ਵਿਚ ਅੰਕਤ ਹੁਕਮ ਦੀ ਅਦੂਲੀ ਕਰਦਾ ਹੈ ਉਹ ਸਿਖ ਨਹੀਂ ਹੋ ਸਕਦਾ।

ਗੁਰੂ ਨਾਨਕ ਦੇਵ ਦੀ ਏਸ ਲਹਿਰ ਨੂੰ ਸਾਰੇ ਸਿਆਣੇ ਲਿਖਾਰੀ ਤੇ ਹਿਸਟੋਰੀਅਨ (ਦੇਸੀ ਤੇ ਪ੍ਰਦੇਸੀ) ਭਗਤੀ-ਲਹਿਰ ਦਾ ਨਾਮ ਦਿੰਦੇ ਹਨ। ਮਾਸਵਾਏ ਛੇਵੇਂ ਤੇ ਦਸਵੇਂ, ਸਿਖਾਂ ਦੇ ਅੱਠਾਂ ਗੁਰੂਆਂ ਈਸ਼ਵਰ-ਭਗਤੀ ਦਾ ਹੀ ਪ੍ਰਚਾਰ ਕੀਤਾ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਤ ਸਮੇਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ (ਨਾਵੇਂ ਮਹਿਲ ਦੇ ਸ਼ਲੋਕ) ਏਸ ਗ੍ਰੰਥ ਵਿਚ ਪਾਏ ਪਰ ਆਪਣਾ ਕੋਈ ਸ਼ਬਦ ਏਸ ਵਿਚ ਨਾ ਪਾਇਆ ਅਤੇ ਨਾ ਹੀ ਅੰਮ੍ਰਿਤ ਆਦਿ ਜਾਂ ਕਿਸੇ ਰਹਿਤ ਮਰਯਾਦਾ ਦੀ ਸ਼ਰਤ ਗੁਰਸਿਖ ਲਈ ਇਸ ਵਿਚ ਦਰਜ



ਕੀਤੀ ਅਤੇ ਅੰਤ ਸਮੇਂ ਸਦੀਵੀ ਗੁਰ-ਗੱਦੀ ਏਸ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਸਿਖ-ਪੰਥ ਨੂੰ ਹਮੇਸ਼ਾ ਲਈ ਭਗਤੀ ਲਹਿਰ ਨਾਲ ਜੋੜ ਦਿਤਾ।

ਗੁਰੂ ਗੋਬਿੰਦ ਸਿੰਘ ਜੀ, ਜੇ ਚਾਹੁੰਦੇ ਤਾਂ ਓਹ ਗੁਰ-ਗੱਦੀ ਆਪਣੇ ਲਿਖੇ ਦਸਮ ਗ੍ਰੰਥ, ਜਿਹੜਾ ਜੰਗਾਂ-ਯੁੱਧਾਂ ਦੀਆਂ ਵਾਰਾਂ ਨਾਲ ਭਰਿਆ ਪਿਆ ਹੈ, ਨੂੰ ਸੌਂਪ ਸਕਦੇ ਸਨ ; ਪਰ ਨਹੀਂ ਉਨ੍ਹਾਂ ਜੋ ਕੁਝ ਕੀਤਾ, ਆਪਣੇ ਤਜਰਬੇ ਦੇ ਆਧਾਰ ਤੇ, ਤੇ ਆਪਣੀ ਦਿਬ-ਦ੍ਰਿਸ਼ਟੀ ਨੂੰ ਉਸ ਇਲਾਹੀ ਜੋਤ ਨਾਲ ਜੋੜ ਤੇ ਅੰਤਮ ਫੈਸਲਾ ਗੁਰ-ਗੱਦੀ "ਆਦਿ ਗ੍ਰੰਥ ਸਾ:" ਨੂੰ ਸੌਂਪ ਵਿਚ ਪ੍ਰਤੱਖ ਦਿੱਤਾ। ਉਨ੍ਹਾਂ ਨੂੰ ਅਜੋਕੇ ਆਉਣ ਵਾਲੇ ਸਮੇਂ ਦਾ ਜ਼ਰੂਰ ਗਿਆਨ ਹੋਵੇਗਾ ਕਿ ਦੁਨੀਆਂ ਜੰਗਾਂ ਯੁੱਧਾਂ ਤੇ ਖੂਨ-ਖਰਾਬੇ ਤੋਂ ਇਕ ਦਿਨ ਜ਼ਰੂਰ ਤੋਬਾ ਕਰੇਗੀ ਤੇ ਏਸ ਧਰਤੀ ਤੇ ਵਸਦਾ ਹਰ ਇਨਸਾਨ, ਬਿਲਾ ਇਮਤਿਆਜ਼ ਰੰਗ, ਨਸਲ, ਇਨਸਾਨੀ ਭਰਾ ਹੋਣ ਦੇ ਆਪਣੇ ਮੁਢਲੇ ਵਿਰਸੇ ਨੂੰ ਪਛਾਣੇਗਾ ਤੇ ਹਰ ਇਨਸਾਨ ਨੂੰ ਆਪਣੇ ਹੀ ਸਰੀਰ ਦਾ ਇਕ ਵਿਸ਼ੇਸ਼ ਅੰਗ ਸਮਝ ਗਲੋਬਲ-ਟੱਬਰ ਦੀ ਬੁਨਿਆਦ ਰਖੇਗਾ ਤੇ ਉਨ੍ਹਾਂ ਏਸ ਭਰੱਪਣ ਦੀ ਬੁਨਿਆਦ ਕਈ ਸੌ ਸਾਲ ਪਹਿਲਾਂ ਇਸ ਪੁਸਤਕ ਦਵਾਰਾ ਰੱਖ ਦਿੱਤੀ ਸੀ ਜਿਸ ਤੇ ਸਾਨੂੰ ਸਿੱਖਾਂ ਨੂੰ ਗੌਰਵ ਹੋਣਾ ਚਾਹੀਦਾ ਹੈ।

ਸਿਖਿਜ਼ਮ ਮੰਨਦਾ ਹੈ ਕਿ ਈਸ਼ਵਰ ਪ੍ਰਮਾਤਮਾ, ਦੁਨੀਆਂ ਦੇ ਹਰ ਹਿੱਸੇ ਵਿਚ ਤੇ ਹਰ ਕਾਲ ਵਿਚ, ਆਪਣੇ ਪਿਆਰੇ ਨਬੀ, ਅਵਤਾਰ, ਔਲੀਏ, ਭਗਤ ਤੇ ਗੁਰੂ, ਜਨਤਾ ਨੂੰ ਅਗਾਂਹ-ਵਧੂ ਰਾਹ ਦਰਸਾਉਣ ਲਈ ਘਲਦਾ ਰਿਹਾ ਹੈ ਪਰ ਉਨ੍ਹਾਂ ਵਿਚ ਕਿਸੇ ਇਕ ਨੂੰ ਦੂਜਿਆਂ ਉਪਰ ਵਿਸ਼ੇਸ਼ਤਾ-ਅਧਿਕਾਰ ਪ੍ਰਾਪਤ ਨਹੀਂ ਹੈ ਭਾਵ ਓਹ ਸਾਰੇ ਮਹਾਂ ਪੁਰਸ਼ ਇਕੋ ਜਿਹੇ ਪੂਜਯ ਹੀ ਹਨ ਅਤੇ ਗੁਰਬਾਣੀ, ਮੰਤਰ ਰਟਣ ਦੀ ਬਜਾਏ ਇਕ ਜੀਵਨ-ਜਾਂਚ ਹੈ, ਜੋ ਸਾਡੇ ਗੁਰੂਆਂ ਆਪ ਜੀ ਕੇ ਦਿਖਾਇਆ, ਇਸ ਤੇ ਅਮਲ ਕਰ ਇਨਸਾਨ ਇਕ ਮੁਕੰਮਲ ਇਨਸਾਨ ਬਣ ਜਾਂਦਾ ਹੈ ਇਕ ਆਦਰਸ਼ਕ ਮਨੁਖ ਬਣ ਜਾਂਦਾ ਹੈ। ਸਾਡੇ ਗੁਰੂਆਂ ਆਪਣੇ ਆਪ ਨੂੰ ਜਨਤਾ ਦਾ ਸੇਵਕ, ਨਿਮਾਣਾਂ, ਨਿਤਾਣਾਂ ਆਖਿਆ ਤੇ ਕਦੀ ਆਪਣੇ ਆਪ ਨੂੰ ਰੱਬ ਦਾ ਖਾਸ ਪੁਤਰ ਨਾ ਦੱਸਿਆ ਤੇ ਪ੍ਰਤੱਖ ਆਖਿਆ, "ਜੋ ਹਮ ਕੋ ਪ੍ਰਮੇਸ਼ਵਰ ਉਚ੍ਰਹੈਂ ਸੋ ਨਰਕ ਕੁੰਡ ਮੇਂ ਪੜਿਹੈਂ", ਫੇਰ ਜੇ ਕੋਈ ਸਿਖ ਜਾਂ ਸੰਪ੍ਰਦਾ ਆਪਣੀਆਂ ਦੁਨਿਆਵੀ ਜਾਂ ਰਾਜਸੀ ਲੋੜ/ਲਾਭ-ਪ੍ਰਾਪਤੀ ਲਈ ਕਿਸੇ ਗੁਰੂ ਤੋਂ ਕਿਸੇ ਗੈਬੀ ਮਦਦ-ਸ਼ਕਤੀ ਆਸ ਰਖਦਾ ਹੈ ਓਹ ਸਿਖ ਕਿਵੇਂ ਸਦਵਾ ਸਕਦਾ ਹੈ ? ਏਸ ਅਣਸਿਖੀ ਰਾਹ ਅਖਤਿਆਰ ਕੀਤੇ ਕਾਰਨ ਹੀ ਐਡੀ ਤਕੜੀ ਗਿਣਤਕਾਰ ਸੂਰਮੀ ਕੌਮ ਅਜ ਦੇਸ਼ ਵਿਚ ਵੀ ਤੇ ਪ੍ਰਦੇਸ ਵਿਚ ਵੀ ਆਪਣੀਆਂ ਅਣਸਿਖੀ ਕਰਤੂਤਾਂ ਕਾਰਨ ਆਪਣੇ ਬਜ਼ੁਰਗਾਂ ਦੇ, ਸਿਤਾਰਿਆਂ ਵਾਂਗ ਚਮਕਦੇ ਨਾਮਣਾਂ-ਖਟੂ ਕਾਰਨਾਮਿਆਂ ਨੂੰ ਮਿੱਟੀ 'ਚ ਮਿਲਾ ਚੁਕੇ ਹਨ ਤੇ ਸਾਨੂੰ ਹਰ ਥਾਂ ਆਪਣੇ ਦੁਸ਼ਮਣ ਬਹੁਤੇ ਤੇ ਮਿਤਰ ਟਾਵਾਂ ਵਿਰਲਾ ਨਜ਼ਰ ਆਉਣ ਲਗ ਪਿਆ ਹੈ। ਕਿਧਰੇ ਸਾਡਾ ਨਾਂ ਅਣਭੋਲ 329 ਸਵਾਰੀਆਂ ਵਾਲੇ ਤਬਾਹ ਹੋਏ ਜਹਾਜ਼ ਨਾਲ ਜੋੜਿਆ ਜਾਂਦਾ ਹੈ, ਕਿਧਰੇ ਦੋ ਜਾਪਾਨੀ ਨਿਰਦੋਸ਼ ਏਅਰਪੋਰਟ ਕਾਮਿਆਂ ਦੀ ਹੱਤਿਆ ਸਾਡੇ ਸਿਰ ਲਗ ਰਹੀ ਹੈ ਤੇ ਪਿਛੇ ਦੇਸ਼ ਵਿਚ ਵੀ ਤੇ ਪ੍ਰਦੇਸ ਵਿਚ ਵੀ ਕਈ ਪ੍ਰਕਾਰ ਦੀਆਂ ਤਬਾਹੀ ਬਰਬਾਦੀ ਦੇ ਅਣਮਨੁੱਖੀ ਘਾਤਕ ਗੋਂਦਾਂ ਦਾ ਟੀਚਾ ਸਾਡੇ ਸਿਰ ਮੜ੍ਹਿਆ ਜਾ ਰਿਹਾ ਹੈ, ਇਹ ਸਾਡੀ ਬਦਕਿਸਮਤੀ ਹੈ। ਸਿਖ ਤੇ ਬਣਿਆਂ ਹੀ ਲੋੜਕੂ ਕਮਜ਼ੋਰ ਦੀ ਰਖਿਆ ਤੇ ਮਦਦ ਲਈ ਸੀ ਨਾ ਕਿ ਨਿਰਦੋਸ਼ੇ ਮਾਰਨ ਲਈ।

ਪਿਛਲੇ ਦਸ ਕੁ ਸਾਲ ਤੋਂ ਸਾਡੀ ਅੱਲ੍ਹੜ ਲੀਡਰਸ਼ਿਪ ਮਜ਼ਹਬੀ ਭੂਤਫੇਰੀ ਦੀ ਜਾਦੂ-ਸੋਟੀ ਸਿਧੇ ਸਾਦੇ ਗਭਰੂਆਂ ਸਿਰ ਧਰ, ਇਨ੍ਹਾਂ ਨੂੰ ਏਨਾਂ ਕੁਰਾਹੇ ਪਾ ਚੁਕੀ ਹੈ ਕਿ ਹਜ਼ਾਰਾਂ ਬੇਗੁਨਾਹ ਜਾਨਾਂ ਦੀ ਬਲੀ ਦਿਤੀ ਜਾ ਚੁਕੀ ਹੈ ਤੇ ਸਮਾਂ ਹੀ ਦੱਸੇਗਾ ਕਿ ਉਸ ਡੁਲ੍ਹੇ ਖੂਨ ਦਾ ਕੌਮ ਨੂੰ ਕਿੰਨਾ ਕੁ ਲਾਭ ਪੁਜਾ ਹੈ। ਜੋ ਪ੍ਰਤੱਖ ਹੁਣ ਤੱਕ ਦਿਸ ਰਿਹਾ ਹੈ ਓਹ ਇਹ ਹੈ ਕਿ ਸਾਧਾਰਨ ਮਜ਼ਦੂਰ, ਲੀਡਰ ਬਣ, ਲਖਪਤੀ ਬਣ ਚੁਕੇ ਹਨ ਤੇ ਬੜਾ ਸੋਹਣੇ ਕਰੋੜਾਂਪਤੀ ਬਣਨ ਦੇ ਅਡੋਲ ਤੇ ਸ਼ਾਂਤ ਰਾਹ ਅਪਣਾ ਚੁਕੇ ਹਨ ਅਤੇ ਅਨੇਕ ਗਭਰੂ ਰਬ ਨੂੰ ਪਿਆਰੇ ਵੀ ਹੋ ਚੁਕੇ ਹਨ ਤੇ ਕਈ ਗਭਰੂ ਵੀਹ ਵੀਹ ਸਾਲਾਂ ਲਈ ਜੇਲ੍ਹਾਂ ਕੱਟ ਰਹੇ ਹਨ ਤੇ ਓਸੇ ਭੂਤਫੇਰੀ ਦਾ ਨਤੀਜਾ ਵਿਰੋਧ-ਖਿਆਲੀ ਲਿਖਾਰੀਆਂ, ਰਾਜਨੀਤਕਾਂ, ਗਭਰੂ ਸਿਤਾਰਿਆਂ ਵਾਂਗ ਚਮਕਦੇ ਐਕਟਰਾਂ ਤੇ ਕਲਾਕਾਰਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਕਿਥੋਂ ਦੀ ਸਿੱਖੀ ਹੈ ?

ਅਜ ਕਿਸੇ ਲੀਡਰ ਦੇ ਜ਼ਬਾਨੀ ਰਟੇ ਸ਼ਲੋਕ ਸੁਣ ਜੇ ਕੋਈ ਸ਼ਰਧਾਲੂ ਉਹਨੂੰ ਗੁਰੂ ਦਾ ਦਰਜਾ ਦਿੰਦਾ ਹੈ ਤਾਂ ਇਹ ਸਿੱਧੀ ਗੁਰੂ ਦੀ ਹੁਕਮ ਅਦੂਲੀ ਹੈ ਤੇ ਏਹੋ ਜਿਹੇ ਸ਼ਰਧਾਲੂਆਂ ਨੂੰ ਉਨ੍ਹਾਂ ਦੀ ਅਗਿਆਨਤਾ ਦਾ ਦੰਡ ਮਿਲਣਾ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ। ਕਦੀ ਨਾ ਭੁੱਲੋ ਕਿ, "ਭੇਖ ਦਿਖਾਇਨ ਜਗਤ ਕੋ ਲੋਗਨ ਕੋ ਵਸ ਕੀਨ" ਇਹ ਕਲਜੁਗੀ ਲੀਡਰ ਆਪਣੇ ਹਲਵੇ-ਮੰਡੇ ਲਈ ਅਨੇਕ ਪਾਪੜ ਵੇਲਦੇ ਹਨ ਤੇ ਵੇਲਦੇ ਹੀ ਰਹਿਣਗੇ। ਨਵੇਂ ਸ਼ੋਸ਼ੇ ਛੱਡ ਆਪਣੀ ਲੀਡਰੀ ਚਮਕਾਉਣ 'ਚ ਇਹ ਬੜੇ ਮਾਹਿਰ ਹਨ ਤੇ ਇਨ੍ਹਾਂ ਦੇ ਸ਼ਰਧਾਲੂ", ਜੀ, ਇਹ ਤੇ ਗੁਰਣਾਣੀ ਦਾ ਹੀ ਪ੍ਰਚਾਰ ਕਰਦੇ ਹਨ ਤੇ ਫੇਰ ਗੁਰਬਾਣੀ ਕਿਸੇ ਵਿਚੋਲੇ ਰਾਹੀਂ ਕਿਉਂ ਸੁਣਦੇ ਸਿਖਦੇ ਹੋ ? ਤੁਸੀਂ ਆਪ ਨਹੀਂ ਪੜ੍ਹ ਸਕਦੇ ? ਐਸ ਦੇਸ਼ ਦੇ ਡਾਲਰਾਂ ਦਾ ਝਲਕਾਰਾ, ਜਿਥੇ ਇਕ ਦੇ ਜਾਂਦੇ ਹੀ ਗਿਆਰਾਂ ਬਣ ਜਾਂਦੇ ਹਨ, ਬੜਾ ਪ੍ਰਬਲ ਹੈ, ਇਹ ਫੁਲਾਂ ਤੇ ਸ਼ਹਿਦ ਦੀਆਂ ਮੱਖੀਆਂ ਵਾਂਗ ਖਿਚਣ ਦੀ ਬੜੀ ਸ਼ਕਤੀ ਰਖਦਾ ਹੈ। ਆਏ ਦਿਨ ਕੋਈ ਨਾ ਕੋਈ ਨਵਾਂ ਚੋਲਾ ਪਹਿਨ ਤੇ ਨਵੇਂ ਢੰਗ ਤਰੀਕੇ ਵਰਤ, ਪੈਸੇ ਵਾਲਿਆਂ ਤੇ ਵੀ ਤੇ ਸਾਧਾਰਨ ਕਾਮੇਂ ਕਿਸਾਨਾਂ ਤੇ ਵੀ ਇਹ ਆਪਣੀ ਜਾਦੂ-ਛਿਟੀ ਦਾ ਕ੍ਰਿਸ਼ਮਾਂ ਕਰਨੋਂ ਝਿਜਕਦੇ ਨਹੀਂ ਤੇ ਹੈਰਾਨੀ ਦੀ ਗਲ ਇਹ ਹੈ ਕਿ ਸ਼ਰਧਾਲੂਆਂ ਨੂੰ ਅਸਲ-ਨਕਲ ਸਮਝਾਉਣ ਵਾਲੇ ਨੂੰ ਇਹ, "ਨਾਸਤਿਕ" ਵਗੈਰਾ ਸ਼ਬਦ ਵਰਤ ਸੌਖਾ ਹੀ ਆਪਣੇ ਰਾਹੋਂ ਲਾਂਭੇ ਕਰ ਰਾਹ ਸਾਫ ਕਰ ਲੈਂਦੇ ਹਨ ਤੇ ਡਾਲੇ ਬਟੋਰ ਦੇਸ਼ ਉਪੜ, ਕੋਠੀਆਂ ਕਾਰਾਂ ਦੇ ਮਾਲਿਕ ਬਣ ਜਾਂਦੇ ਹਨ ਤੇ ਇਨ੍ਹਾਂ ਦਾ ਇਹ ਪੈਸੇ ਬਟੋਰੂ ਜਾਦੂ ਪੁਰਾਣੇ ਅਲਾਦੀਨੀ ਚਿਰਾਗ ਨੂੰ ਵੀ ਮਾਤ ਪਾਈ ਜਾ ਰਿਹਾ ਹੈ। ਇਨ੍ਹਾਂ ਬਾਣੀ ਦੇ ਏਜੰਟਾਂ ਕੋਲ ਹਰ ਬੀਮਾਰੀ, ਹਰ ਰੋਗ, ਹਰ ਘਾਟ, ਹਰ ਔਹਰ ਦਾ ਇਲਾਜ ਹੈ ਭਾਵ ਇਹ ਅਨਪੜ੍ਹ ਸੰਤ ਕਿਸੇ ਬਿਜ਼ਨੈਸ ਆਦਿ ਬਾਰੇ ਸਲਾਹ ਦੇਣ ਤੋਂ ਵੀ ਝਿਜਕਦੇ ਨਹੀਂ। ਤੇ ਇਹ ਕੋਈ ਸ਼ਲੋਕ ਲਿਖ ਸ਼ਰਧਾਲੂ ਨੂੰ ਕੋਲ ਰਖਣ, ਤਵੀਤ ਵਾਂਗ ਪਹਿਨਣ, ਪਾਣੀ ਵਿਚ ਘੋਲਕੇ ਪੀਣ, ਜਾਂ ਰੋਜ਼ ਪਾਠ ਕਰਨ ਲਈ ਦਿੰਦੇ ਹਨ ਤੇ ਸ਼ਰਧਾਲੂ ਛੇਤੀ ਹੀ ਕੀਲੇ ਜਾਂਦੇ ਹਨ ਤੇ ਓਹ ਸੰਤਾਂ ਦੀ ਕਰਾਮਾਤ ਦਾ ਬੜਾ ਢੰਡੋਰਾ ਪਿਟਦੇ ਹਨ ਤੇ ਐਥੋਂ ਦੀ ਟੈਲੀਫੋਨ ਵਿਧੀ ਦਾ ਇਸਤੇਮਾਲ ਕਰ ਸੰਤਾਂ ਦੇ ਜਾਦੂ ਦੀ ਬੜੀ ਛੇਤੀ ਐਡਵਰਟਾਇਜ਼ਮੈਂਟ ਹੋ ਜਾਂਦੀ ਹੈ। ਜੇ ਭਲਾ ਸਚ ਮੁਚ ਹੀ ਸੰਤ ਏਡੇ ਦੁਖ ਹਰਤਾ ਹਨ ਤਾਂ ਸਰਕਾਰ ਨੂੰ ਹਸਪਤਾਲਾਂ, ਡਾਕਟਰਾਂ ਤੇ ਮਸ਼ੀਨਾਂ ਆਦਿ ਐਨਾਂ ਖਰਚੀਲੀਆਂ ਵਿਧੀਆਂ ਦੀ ਕੀ ਲੋੜ ਹੈ ਕਿਉਂ ਨਹੀਂ ਏਹੋ ਜਿਹੇ ਇੰਡੀਆ ਤੋਂ ਆਏ ਸੰਤਾਂ ਨੂੰ ਪੰਜ ਚਾਰ ਮੋਬਾਈਲ ਘਰਾਂ 'ਚ ਬਿਠਾ ਮਰੀਜ਼ਾਂ ਕੋਲ ਗੇੜੇ ਮਰਾਈ ਜਾਣ ਤੇ ਦੇਸ਼ ਨੂੰ ਰੋਗਰਹਿਤ ਕਰ ਲੈਣ ? ਅਜੋਕੇ ਸੰਤਾਂ ਦਾ ਅਸਲ ਸਿਖਿਜ਼ਮ ਦੱਸਣ ਨਾਲੋਂ, ਲੰਗਰਾਂ ਵਿਚ ਬੈਂਚ ਟੇਬਲਾਂ ਦੀ ਬਜਾਏ ਬਾਹਰ ਜੋੜੇ ਉਤਾਰ, ਭੁੰਜੇ ਬੈਠ ਪਰਸ਼ਾਦੇ ਛਕਣ ਆਦਿ ਦੇ ਸ਼ੋਸ਼ੇ ਛਡਣ ਤੇ ਬਹੁਤਾ ਜ਼ੋਰ ਹੈ ਤੇ ਆਫ੍ਰੀਨ ਹੈ ਸ਼ਰਧਾਲੂਆਂ ਦੇ ਜਿਹੜੇ ਹਰ ਭਬੂਤੀ ਮਲੀ ਵਾਲੇ ਨੂੰ ਕਰਾਮਾਤੀ ਮੰਨ, ਓਹਦਾ ਹੁਕਮ ਸਿਰ-ਮਥੇ ਮੰਨਣ ਲਗ ਜਾਂਦੇ ਹਨ। ਕਰਾਮਾਤਾਂ, ਜਾਦੂ ਟੂਣਿਆਂ, ਵਹਿਮਾਂ ਭਰਮਾਂ ਦੇ ਖਿਲਾਫ ਸਾਡੇ ਸਤਿਗੁਰਾਂ ਦਸਾਂ ਜਾਮਿਆਂ ਵਿਚ ਰੱਜਕੇ ਪ੍ਰਚਾਰ ਕੀਤਾ ਤੇ ਸਾਡੇ ਕਲਜੁਗੀ ਗੁਰੂ ਵੀ ਲਿਖਤੀ ਰੂਪ ਵਿਚ ਕਰੀ ਜਾ ਰਹੇ ਹਨ, ਪਰ ਅਸੀਂ ਉਨ੍ਹਾਂ ਦੇ ਸਿਖ ਹੁੰਦੇ ਹੋਏ ਵੀ ਹਿੰਦੂਆਂ ਵਾਲੀਆਂ ਪੁਰਾਣੀਆਂ ਰਹੁ-ਰੀਤਾਂ ਤਿਆਗਣ ਨੂੰ ਤਿਆਰ ਨਹੀਂ ਹਾਂ, ਇਹ ਸਿੱਖੀ ਦੇ ਸਰਾਸਰ ਉਲਟ ਹੈ ਤੇ ਗੁਰੂ ਦੀ ਹੁਕਮ ਅਦੂਲੀ ਹੈ।

ਸਾਡੀ ਏਸ ਛੋਟੀ ਜਿਹੀ ਸ਼੍ਰੇਣੀ ਨੂੰ ਅਨਪੜ੍ਹ ਲੀਡਰਸ਼ਿਪ ਕਾਰਨ ਪਿਛਲੇ ਦਹਾਕੇ ਦੌਰਾਨ ਬੇਬਹਾ ਨੁਕਸਾਨ ਝਲਣਾ ਪਿਆ ਹੈ ਤੇ ਪਰਜਾ ਦੀ ਚੁਣੀ ਸ਼੍ਰੋ: ਗੁ: ਪ੍ਰੰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਦੇ ਡਰ-ਭੌ ਕਾਰਨ, ਪੂਜਯ ਅਸਥਾਨ ਅੰਦਰ ਹਥਿਆਰੀ ਕੁਰੀਤੀਆਂ ਹੁੰਦੀਆਂ ਵਲੋਂ ਜਾਣ ਬੁਝ ਲੀਡਰਾਂ ਦਾ ਅੱਖਾਂ ਮੀਟ ਦੜੇ ਬੈਠੇ ਰਹਿਣ ਨੇ ਕੌਮ ਦਾ ਜਿੰਨਾ ਨੁਕਸਾਨ ਕੀਤਾ ਹੈ, ਸਮਾਂ ਆਉਣ ਤੇ ਜ਼ਰੂਰ ਨੀਤੀਵਾਨ ਦੱਸਣਗੇ। ਪੂਜਾ ਬਿਲਡਿੰਗਾਂ, ਇਨ੍ਹਾਂ ਵਿਚ ਸਾਂਭੇ ਸੰਭਾਲੇ ਪੁਰਾਤਨ ਤੋਹਫੇ, ਗ੍ਰੰਥ, ਹਥ-ਲਿਖਤਾਂ, ਜਿਨ੍ਹਾਂ ਵਲੋਂ ਉਪਰੋਕਤ ਲੀਡਰ ਅਵੇਸਲੇ ਰਹੇ, ਜਦ ਪਤਾ ਸੀ ਕਿ ਸਰਕਾਰ ਨਾਲ ਆਪਸੀ ਗਾਲੀ-ਗਲੋਚ ਵਰਗੀ ਸ਼ਬਦਾਵਲੀ ਕਾਰਨ, ਇਹ ਲਾਵਾ ਕਿਸੇ ਵੇਲੇ ਵੀ ਫਟਣ ਵਾਲਾ ਹੈ, ਉਪਰੋਕਤ ਵਡਮੁਲੀ

→

ਦੀ ਕਹੀ ਗੱਲ ਵਿਚ ਸਰੋਤਿਆਂ ਤੇ ਦਰਸ਼ਕਾਂ ਨੂੰ ਭਰੋਸਾ ਤਦੇ ਹੀ ਹੋਵੇਗਾ ਜਦੋਂ ਉਨ੍ਹਾਂ ਦੁਵਾਰਾ ਪ੍ਰਸਾਰਿਤ ਕੀਤੇ ਪ੍ਰੋਗਰਾਮਾਂ ਦਾ ਪਧਰ ਅਗਲਿਆਂ ਦੀ ਰੁਚੀ-ਪੂਰਵਕ ਹੋਵੇ। ਉਨ੍ਹਾਂ ਦੇ ਸੁਹਜ-ਸੁਆਦ ਨੂੰ ਉਚੇਰਾ ਕਰੇ, ਨਰੋਆ ਬਣਾਏ।

ਖੇਡਾਂ ਤੇ ਕਸਰਤ

ਰਾਜ ਦੀਆਂ ਪੰਚਾਇਤਾਂ ਨੂੰ ਪਿੰਡ ਪਿੰਡ ਖੇਡਾਂ ਦੇ ਮੈਦਾਨ ਵੱਖ ਰਖਣੇ ਹੋਣਗੇ ਤੇ ਸਰਕਾਰ ਵਲੋਂ ਖਿਡਾਰੂਆਂ ਦੀ ਹੌਂਸਲਾ ਅਫਜ਼ਾਈ ਵਲ ਯੋਗ ਧਿਆਨ ਦੇਣਾ ਚਾਹੀਦਾ ਹੈ। ਖੇਡਾਂ ਦਾ ਮਹਿਕਮਾ ਖਿਡਾਲ ਹੋ ਕੇ ਨਹੀਂ ਰਹਿ ਜਾਣਾ ਚਾਹੀਦਾ।

ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੈਂ ਕੋਈ ਨਵੀਂ ਗੱਲ ਨਹੀਂ ਕਹਿ ਰਿਹਾ, ਪਰ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਮੇਂ ਸਮੇਂ ਦੁਹਰਾਣਾ ਜ਼ਰੂਰੀ ਹੁੰਦਾ ਹੈ। ਪੰਜਾਬ ਵਿਚ ਅਜ ਜੋ ਕੁਝ ਹੋ ਰਿਹਾ ਹੈ ਇਸ ਨੂੰ ਸਥਾਈ ਰੂਪ ਵਿਚ ਸੁਧਾਰਨ ਲਈ ਕਈ ਉਪਰਾਲੇ ਸੋਚੇ ਜਾ ਸਕਦੇ ਹਨ। ਇਹ ਤਜਵੀਜ਼ਾਂ ਉਨ੍ਹਾਂ ਵਿਚੋਂ ਕੁਝ-ਕੁ ਹਨ।


Daljit Singh Sidhu

ਪੰਜਾਬੀ ਮਾਰਕੀਟ ਦੇ
ਸਭ ਤੋਂ ਪਹਿਲੇ ਤੇ ਭਰੋਸੇਯੋਗ ਇਨਸ਼ੋਰੈਂਸ ਦਫਤਰ
ਐਸ. ਐਂਡ ਐਸ. ਇਨਸ਼ੋਰੈਂਸ
ਅਸੀਂ ਵਿਜ਼ਟਿਰ ਤੇ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ
S. & S. INSURANCE
6658 MAIN ST., VANCOUVER, B.C.
(IN PUNJABI MARKET)
ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ ਇਨਸ਼ੋਰੈਂਸ ਦਫਤਰ। ਕਾਰਾਂ, ਟਰੱਕਾਂ, ਵੈਨਾਂ ਤੇ ਪਿੱਕਅਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਓ!
Autoplan
Bus. 324-5711

ਜੀਵਨ-ਜਾਚ

ਗੁਰਬਖਸ਼ ਸਿੰਘ "ਪ੍ਰੀਤਲੜੀ"

ਪਿਛਲੇ ਜ਼ਮਾਨੇ ਵਿਚ ਮਨੁੱਖ ਆਪਣੀ ਜ਼ਿੰਦਗੀ ਦੇ ਸਾਰੇ ਕੰਮ ਦੈਵਾਧੀਨ ਸਮਝਦਾ ਸੀ ਤੇ ਪ੍ਰਾਰਥਨਾ ਦੇ ਆਸਰੇ ਨਤੀਜਿਆਂ ਦੀ ਉਮੈਦ ਰੱਖਦਾ ਸੀ। ਰੋਗ-ਅਰੋਗਤਾ, ਨਿਕੰਮਤਾ-ਸੁਚੱਜਤਾ, ਛੋਟੀ ਆਯੂ-ਵੱਡੀ ਆਯੂ, ਗਰੀਬੀ-ਅਮੀਰੀ — ਸੱਭੇ ਗੱਲਾਂ ਇਤਫ਼ਾਕ ਜਾਂ ਦੈਵਨੇਤ ਯਕੀਨ ਕੀਤੀਆਂ ਜਾਂਦੀਆਂ ਸਨ।

ਜ਼ਿੰਦਗੀ ਨੂੰ ਲੋਕ ਝਟ ਲੰਘਾਣਾ ਆਖਿਆ ਕਰਦੇ ਸਨ। "ਜੋ ਦਮ ਲੰਘ ਗਿਆ, ਸੋ ਵਾਹ ਵਾਹ", ਸਾਡੀ ਰੋਜ਼ਾਨਾ ਵਰਤੋਂ ਦੀ ਅਖੌਤ ਸੀ।

....

ਅਜ ਹਰੇਕ ਅਮਲ ਦੀ ਵਿਗਿਆਨਕ ਜਾਚ ਉਤੇ ਚਰਚਾ ਹੋ ਰਹੀ ਹੈ, ਖਤ ਲਿਖਣ, ਕਪੜੇ ਪਹਿਨਣ, ਬੋਲੀ ਬੋਲਣ, ਅਰੋਕ ਰਹਿਣ, ਕਾਮਯਾਬ ਹੋਣ, ਧਨ ਕਮਾਣ ਦੇ ਹੁਨਰਾਂ ਨੂੰ ਕਮਾਲ ਤਕ ਪਹੁੰਚਾਇਆ ਜਾ ਰਿਹਾ ਹੈ। ਕੋਈ ਵੀ ਕੰਮ ਹੁਣ ਅਗੇ ਵਾਂਗ "ਅਟਕਲ-ਪੱਚੂ" ਕੀਤਿਆਂ ਕਿਸੇ ਗਿਣਤੀ ਵਿਚ ਨਹੀਂ ਆ ਸਕਦਾ।

...ਜ਼ਿੰਦਗੀ ਦੇ ਹਾਦਸਿਆਂ ਉਤੇ ਵੱਸ ਪਾਣ ਦਾ ਇਰਾਦਾ ਲੱਖਾਂ ਸਾਲਾਂ ਦੇ ਬਾਅਦ ਉਤਪਨ ਹੋਇਆ। ਇਹ ਇਰਾਦਾ ਮਸਾਂ ਡੇਢ ਸੌ ਸਾਲ ਪੱਕਾ ਹੁੰਦਾ ਦਿਸ ਰਿਹਾ ਹੈ। ਇਸ ਤੋਂ ਪਹਿਲਾਂ ਜ਼ਿੰਦਗੀ ਨੂੰ ਕਿਸੇ ਅਟੱਲ ਰਜ਼ਾ ਦੀ ਭਾਵੀ ਖਿਆਲ ਕਰਕੇ, ਰਸਮਾਂ ਸੁਖਣਾਂ ਦੇ ਆਧਾਰ ਉਤੇ ਜੀਵਿਆ ਜਾਂਦਾ ਸੀ। ਇਹੀ ਕਾਰਨ ਹੈ ਕਿ ਪਿਛਲੇ ਸੌ ਸਾਲਾਂ ਵਿਚ ਮਨੁਖ ਨੇ ਏਨਾ ਗਿਆਨ ਪ੍ਰਾਪਤ ਕੀਤਾ ਹੈ, ਏਨਾ ਕੁਦਰਤ ਉਤੇ ਵੱਸ ਪ੍ਰਾਪਤ ਕੀਤਾ ਹੈ, ਜਿੰਨਾ ਪਿਛਲੇ ਲੱਖਾਂ ਸਾਲਾਂ ਵਿਚ ਨਹੀਂ ਸੀ ਕੀਤਾ।

ਇਸ ਤੋਂ ਸਾਬਤ ਹੋਇਆ ਕਿ ਇਰਾਦਾ ਜ਼ਿੰਦਗੀ ਦਾ ਜ਼ਰੂਰੀ ਭਾਗ ਤੇ ਸਾਧਨ ਸੀ ਜਿਸ ਦਾ ਗਿਆਨ ਨਾ ਹੋਣ ਕਰਕੇ ਜ਼ਿੰਦਗੀ ਬੇਥਵੀ ਜੀਵੀ ਜਾਂਦੀ ਰਹੀ ਤੇ ਅਣਗਿਣਤ ਸਦੀਆਂ ਵਿਚ ਏਨੀ ਉਨਤੀ ਵੀ ਨਾ ਕਰ ਸਕੀ ਜਿੰਨੀ ਇਰਾਦੇ ਦੀ ਮਦਦ ਨਾਲ ਹੁਣ ਇਕ ਇਕ ਦਿਨ ਵਿਚ ਕਰੀ ਜਾ ਰਹੀ ਹੈ।

ਇਰਾਦੇ ਨੂੰ ਪੁਰਾਣੇ ਲੋਕ ਕੁਫ਼ਰ ਖਿਆਲ ਕਰਦੇ ਹਨ, ਪਰ ਅਸਲ ਵਿਚ ਇਹ ਰੱਬੀ ਚਿਣਗ ਜਾਂ ਪ੍ਰੇਰਨਾ ਹੈ। ਜਿਨ੍ਹਾਂ ਨੇ ਇਸ ਚਿਣਗ ਦਾ ਭੇਤ ਪਾ ਲਿਆ ਹੈ, ਉਹਨਾਂ ਲਈ ਇਹ ਜ਼ਿੰਦਗੀ ਪੇਚਦਾਰ ਨਹੀਂ ਰਹਿੰਦੀ। ਇਸ ਦਾ ਭਾਵ ਇਹ ਨਹੀਂ ਕਿ ਉਹਨਾਂ ਦੀ ਕੋਈ ਅਣਟੁੱਟ ਸੁੱਖ ਦੀ ਦਾਸਤਾਨ ਬਣ ਜਾਂਦੀ ਹੈ — ਨਹੀਂ, ਦੁੱਖ ਸੁੱਖ ਜ਼ਿੰਦਗੀ ਦੇ ਦੋ ਘੋੜੇ ਹਨ, ਜਿੰਨਾਂ ਉਤੇ ਇਹ ਆਪਣਾ ਪੈਂਡਾ ਮੁਕਾਂਦੀ ਹੈ ਹਾਂ ਉਹਨਾਂ ਨੂੰ ਇਹਨਾਂ ਦੁੱਖਾਂ ਸੁਖਾਂ ਵਿਚ ਇਕ ਸੁਆਦ ਆਉਣਾ ਸ਼ੁਰੂ ਹੋ ਜਾਂਦਾ ਹੈ।

......

ਮੈਂ ਰਹਿ ਨਹੀਂ ਸਕਦਾ, ਜਦ ਮੈਂ ਵੇਖਦਾ ਹਾਂ ਕਿ ਜ਼ਿੰਦਗੀ ਦੇ ਬਹੁਤੇ ਦੁਖ, ਨਫ਼ਰਤਾਂ ਦੇ ਝਗੜੇ ਬੇਲੋੜੇ ਹਨ, ਆਪਣਾ ਸਹੇੜ ਹਨ। ਜ਼ਿੰਦਗੀ ਨੂੰ ਸੁਖਾਲਿਆਂ ਰੱਖਣ ਲਈ ਨਾ ਬਹੁਤੇ ਧਨ ਦੀ ਲੋੜ ਹੈ, ਨਾ ਬਹੁਤੀ ਅਕਲ ਦੀ। ਇਕ ਜਾਚ ਹੈ ਜਿਸ ਨਾਲ ਸਾਦੇ ਤੋਂ ਸਾਦਾ ਜੀਵਨ ਵੀ ਤਸੱਲੀ ਨਾਲ ਗੁਜ਼ਾਰਿਆ ਜਾ ਸਕਦਾ ਹੈ।

......

ਚੌਤਰਫ਼ੀਂ ਇਕ ਭੈਅ ਜਿਹਾ ਛਾਇਆ ਹੋਇਆ ਹੈ। ਲੋਕ ਫੂਕ ਫੂਕ ਕੇ ਪੈਰ ਧਰਦੇ ਹਨ; ਭੂਤਾਂ, ਫ਼ਕੀਰਾਂ ਦੀਆਂ ਥਾਵਾਂ, ਮੜ੍ਹੀਆਂ ਮਸਾਣਾਂ ਤੋਂ ਤ੍ਰਹਿੰਦੇ ਹਨ, ਕੰਧਾਂ ਨੂੰ ਮੁੱਠੀਆਂ ਭਰਦੇ ਤੇ ਦਰਵਾਜ਼ਿਆਂ ਦੀਆਂ ਦਲ੍ਹੀਜ਼ਾਂ ਉਤੇ ਮੱਥੇ ਰਗੜਦੇ ਹਨ।

ਇਸ ਤੋਂ ਵੀ ਦਰਦਨਾਕ ਝਾਤੀ ਇਕ ਹੋਰ ਹੈ ਕਿ ਇਹਨਾਂ ਵਹਿਮਾਂ ਦੇ ਹਨੇਰੇ ਵਿਚ ਭਰਾ ਨਾਲ ਭਰਾ ਟਕਰਾਂਦਾ ਹੈ, ਗੁੱਸੇ ਹੁੰਦਾ ਹੈ, ਛੁਰੇ ਚਲਾਂਦਾ ਹੈ, ਕਤਲ ਕਰਦਾ ਹੈ, ਤੇ ਕਤਲ ਕਰਨ ਵਾਲੇ ਛੁਰੇ ਨਾਲੋਂ ਵੀ ਵਧੇਰੇ ਜ਼ਹਿਰੀਲੀ ਘਿਰਣਾ ਛਾਤੀ ਵਿਚ ਲੁਕਾਈ ਰੱਖਦਾ ਹੈ। ਇਸ ਘਿਰਣਾ ਨੇ ਜੀਵਨ ਨੂੰ ਇਕ ਸੁਆਦਲੇ ਤਜਰਬੇ ਦੀ ਥਾਂ ਮੁਸੀਬਤਾਂ ਭਰੀ ਖਿਚੋਤਾਣ ਬਣਾਂ ਦਿੱਤਾ ਹੈ।

.....

ਕਿਸੇ ਵੀ ਥਾਂ ਮੱਥੇ ਰਗੜਨ ਦੀ ਲੋੜ ਨਹੀਂ, ਇਸ ਜੀਵਨ ਤੋਂ ਵਖਰੀ ਕੋਈ ਵੀ ਕਚਹਿਰੀ, ਨਹੀਂ, ਕੋਈ ਵੀ ਨਰਕ ਜਾਂ ਪਾਤਾਲ ਨਹੀਂ। ਕੋਈ ਭਾਵੀ ਐਸੀ ਨਹੀਂ, ਜਿਹੜੀ ਤੁਹਾਨੂੰ ਦੁਖਾ ਕੇ ਖੁਸ਼ ਹੁੰਦੀ ਹੋਵੇਗੀ। ਜੋ ਹੋ ਰਿਹਾ ਹੈ, ਇਕ ਬੜੀ ਨੇਮ-ਬਧ ਪ੍ਰਣਾਲੀ ਦੇ ਅਧੀਨ ਹੋ ਰਿਹਾ ਹੈ।

ਅਗੇ ਪਿਛੇ ਦੀਆਂ ਸਾਰੀਆਂ ਚਿੰਤਾਵਾਂ ਦੂਰ ਕਰਕੇ, ਆਪਣੇ ਜੀਵਨ ਨੂੰ ਚੰਗੀ ਜਾਚ ਅਨੁਸਾਰ ਜੀਉਣਾ ਹੀ ਸਾਨੂੰ ਖੁਸ਼ੀ ਤੇ ਆਰਾਮ ਦੇ ਸਕਦਾ ਹੈ।

ਪ੍ਰਚਲਤ ਸਾਰੇ ਮਜ਼ਬੀ ਖਿਲਾਰੇ ਵਿਚੋਂ ਮੈਨੂੰ ਇਕ ਵੀ ਚੰਗਾ ਇਸ਼ਾਰਾ ਨਹੀਂ ਮਿਲਿਆ। ਬੇਸ਼ੱਕ ਇਸ ਸਾਰੇ ਨੂੰ ਹੀ ਭੁਲ ਜਾਓ। ਤੁਹਾਨੂੰ ਕੋਈ ਨੁਕਸਾਨ ਨਹੀਂ ਹੋਵੇਗਾ।....

ਸੰਪਾਦਕ ਨੂੰ ਕੈਦ ਦੀ ਸਜ਼ਾ

ਨਵੀਂ ਦਿੱਲੀ — ਇਕ ਸਥਾਨਕ ਅਦਾਲਤ ਨੇ ਅਸ਼ਲੀਲ ਸਮੱਗਰੀ ਛਾਪਣ ਲਈ ਮਾਸਕ ਮੈਗਜ਼ੀਨ ਦੇ ਇਕ ਸੰਪਾਦਕ ਤੇ ਪ੍ਰਕਾਸ਼ਕ ਨੂੰ ਇਕ ਸਾਲ ਦੀ ਕੈਦ ਦੀ ਸਖਤ ਸਜ਼ਾ ਸੁਣਾਈ ਹੈ।

ਸਜ਼ਾ ਯਾਫਤਾ ਗੁਰਮੀਤ ਸਿੰਘ ਨੂੰ 2000 ਰੁਪਏ ਜ਼ੁਰਮਾਨਾ ਵੀ ਕੀਤਾ ਗਿਆ ਹੈ। 'ਗਰਮ ਕਹਾਣੀਆਂ' ਦੇ 14 ਅੰਕਾਂ ਵਿਚ ਅਸ਼ਲੀਲ ਸਮੱਗਰੀ ਛਾਪੀ ਗਈ ਹੈ। ਮੈਟਰੋਪੋਲੀਟਨ ਮੈਜਿਸਟਰੇਟ ਆਰ ਕੇ ਗੌਬਾ ਨੇ ਮੈਗਜ਼ੀਨ ਦੀਆਂ ਕਾਪੀਆਂ ਨਸ਼ਟ ਕੀਤੇ ਜਾਣ ਦਾ ਵੀ ਹੁਕਮ ਦਿੱਤਾ।

■ BUYING ■ SELLING

Free Evaluation For Your Property
Call any time
Without any obligation



Ph. Bus: 736-3831 Res: 434-8548

Pager 687-1985 #2229

United Realty Ltd.

3879 Oak Street, Vancouver, B.C. V6H 2M6

LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

GABA TRAVELS (1982) LTD.

6612 MAIN ST., VANCOUVER, B.C. V5X 3H2

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

Tel. (604) 324-3336

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

AUTHORIZED AGENTS FOR AIR INDIA
AND NOW WE ARE AUTHORISED

TOLL FREE NO.
B. C. & ALBERTA
1—800 663 6696

K.L.M.
(ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ


ASSOCIATED OFFICES IN INDIA:

GABA TRAVELS
(Opposit Friends Theatre)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

LM KLM KLM KLM KLM KLM KLM KLM KLM



Rupinder Azad

I Serve :—

(Rupinder Azad)

■ LIFE INSURANCE NEEDS

Personal, family or Corporation owned - Life, Disability, Group Insurance etc. (Dental Plan alone, if you qualify)

■ REAL ESTATE NEEDS (Buying or Selling?)

Residential House, Farm, Acreage, Lots, investments, Business, Commercial or industrial property — Anywhere in B.C. — Please call :

Toll Free 1—800—663—8134

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ
ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ
ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

Ph. (604) 850-6646
[24 hours]

Dayspring Realty Ltd.

#21 - 31940 South Fraser Way, Clearbrook, B.C. V2T 1V6

ਕਹਾਣੀ

ਦੋ ਹੰਝੂ

ਰਘੁਬੀਰ ਢੰਡ



- ਮਜ਼ਬੂਰੀ ਹੀ ਐ ਚਾਚੀ ਜੀ, ਤਾਂ ਹੀ ਆਪਣੇ ਜਿਗਰ ਦੇ ਟੁਕੜਿਆਂ ਨੂੰ ਛੱਡ ਇਧਰ ਆਈ ਐ। ਹੜ੍ਹਾਂ ਨਾਲ ਇਨ੍ਹਾਂ ਦੀਆਂ ਕੱਚੀਆਂ-ਪਿਲੀਆਂ ਝੁੱਗੀਆਂ ਉਜੜ ਗਈਆਂ ਸਨ। ਸਰਕਾਰ ਆਪਣੇ ਮੁਲਕ ਦੀ ਸਰਕਾਰ ਤੋਂ ਵੀ ਭੈੜੀ ਐ। ਸਹਾਇਤਾ ਅੱਵਲ ਤਾਂ ਕੋਈ ਮਿਲਦੀ ਹੀ ਨਹੀਂ, ਜੇ ਮਿਲ ਜਾਵੇ ਤਾਂ ਰਾਹ ਵਿੱਚ ਹੀ ਖਾ ਜਾਂਦੇ ਨੇ। ਮੈਕਸੀਕੋ ਸਿਰ ਏਨਾ ਕਰਜ਼ਾ ਹੈ ਕਿ ਸਾਰਾ ਮੁਲਕ ਅਮਰੀਕਾ ਕੋਲ ਤਕਰੀਬਨ ਗਹਿਣੇ ਹੀ ਸਮਝੋ। ਕਿਊਬਾ ਤੇ ਨਿਕਰੈਗੂਆ ਨੂੰ ਛੱਡ ਸਾਰਾ ਲਾਤੀਨੀ ਅਮਰੀਕਾ ਇੱਕ ਤਰ੍ਹਾਂ ਨਾਲ ਅਮਰੀਕਾ ਦੀ ਮੰਡੀ ਹੀ ਐ। ਇਹ ਲੋਕ ਭੁੱਖ ਦੇ ਮਾਰੇ, ਦਲਾਲਾਂ ਦੀਆਂ ਗੈਂਗਾਂ ਨੂੰ ਰਿਸ਼ਵਤਾਂ ਦੇ ਦਿੰਦੇ ਨੇ ਤੇ ਉਹ ਚੋਰੀਉਂ ਬਾਰਡਰ ਪਾਰ ਕਰਵਾ ਦਿੰਦੇ ਨੇ। ਇਹ ਵੀ ਕਿਸੇ ਅਜਿਹੇ ਤਰੀਕੇ ਨਾਲ ਹੀ ਆਈ ਐ। ਵਿਚਾਰੀ ਕੁੱਝ ਪੈਸਾ ਕਮਾ ਲਵੇਗੀ ਤੇ ਮੁਲਕ ਜਾ ਕੇ ਮਾੜਾ-ਮੋਟਾ ਢਾਰਾ ਛੱਤ ਲਵੇਗੀ।

ਮੇਰੇ ਭਤੀਜੇ ਦੀ ਗੱਲ ਸੁਣ ਸਾਰੇ ਹੀ ਕੁੱਝ ਦੇਰ ਲਈ ਚੁੱਪ ਹੋ ਗਏ। ਫਿਰ ਮੈਂ ਆਖਿਆ, "ਥੋੜ੍ਹੀ-ਬਹੁਤੀ ਸਹਾਇਤਾ ਆਪਾਂ ਵੀ ਕਰ ਦਈਏ। ਆਏਂ ਕਰਦੇ ਆਂ: ਦੋ ਸੌ ਡਾਲਰ ਅਸੀਂ ਪਾ ਦਿੰਦੇ ਆਂ ਤੇ ਅੱਠ ਸੌ ਤੁਸੀਂ ਪਾ ਦੇਣਾ। ਜਦੋਂ ਤੁਹਾਡੇ ਕੋਲੋਂ ਜਾਵੇ ਤਾਂ ਇਹ ਹਜ਼ਾਰ ਡਾਲਰ ਇਹਨੂੰ ਦੇ ਦੇਣਾ। ਆਪਾਂ ਨੂੰ ਕਿਤੇ ਕਿੰਨਾ ਕੁ ਫਰਕ ਪੈ ਜਾਵੇਗਾ? ਏਹਦੇ ਬੱਚਿਆਂ ਨੂੰ ਸਿਰ ਲੁਕਾਣ ਲਈ ਥਾਂ ਮਿਲ ਜਾਵੇਗੀ ਤੇ ਆਪਣੀ ਆਤਮਾ ਵੀ ਜ਼ਰਾ ਸਵੱਛ ਹੋ ਜਾਵੇਗੀ। ਆਰਤੀਆਂ ਤੇ ਖੰਡ-ਪਾਠਾਂ 'ਤੇ ਤਾਂ ਇਸਤੋਂ ਵੱਧ ਖਰਚ ਹੋ ਜਾਂਦੈ!ਨਹੀਂ?"

ਮੇਰੀ ਗੱਲ ਕਮਰੇ ਵਿੱਚ ਹੀ ਕਿਧਰੇ ਗੁੱਗਲ ਹੋ ਗਈ। ਸਾਰਿਆਂ ਨੇ ਇੰਜ ਬੁੱਲ੍ਹ ਸਿਉਂ ਲਏ ਜਿਵੇਂ ਮੇਰੀ ਗੱਲ ਹਾਂ-ਹੂੰ ਕਰਨ ਦੇ ਵੀ ਕਾਬਲ ਨਹੀਂ ਹੁੰਦੀ।ਮੇਰੇ ਮੇਰੇ ਨਾਲ ਇੰਜ ਹੀ ਹੁੰਦੀ ਐ। ਜਦੋਂ ਵੀ ਮੈਂ ਅਜਿਹੀ ਗੱਲ ਕਰਦਾ ਹਾਂ ਤਾਂ ਸੁਣਨ ਵਾਲੇ ਚੁੱਪ ਦੀ ਸਾਜ਼ਸ਼ ਧਾਰਨ ਕਰ ਲੈਂਦੇ ਹਨ, ਜਿਵੇਂ ਇੱਕ-ਆਵਾਜ਼ ਕਹਿ ਰਹੇ ਹੋਣ: ਅਜਿਹੀ ਫਜ਼ੂਲ ਗੱਲ ਦਾ ਭਲਾ ਕੋਈ ਕੀ ਉੱਤਰ ਦੇਵੇ?

ਉਂਜ ਚਾਚਾ ਜੀ, ਸੀਲੀਆ ਹੈ ਬੜੀ ਜ਼ਹੀਨ। ਕਵਿਤਾ ਗਾਉਂਦੀ ਤੇ ਪੜ੍ਹਦੀ ਐ। ਜਦੋਂ ਬਾਹਰ ਜਾਂਦੀ ਐ ਤਾਂ ਕਵਿਤਾ ਦੀ ਕਿਤਾਬ ਹੱਥ ਵਿੱਚ ਹੁੰਦੀ ਐ। ਕਵਿਤਾ ਉਂਜ ਵੀ ਲਾਤੀਨੀ ਅਮਰੀਕਾ ਦੇ ਲੋਕਾਂ ਲਈ ਸਰਸਵਤੀ ਵੀ ਐ, ਦੁਰਗਾ ਵੀ। ਅਮਰੀਕਾ ਨੇ ਇਨ੍ਹਾਂ ਮੁਲਕਾਂ ਵਿੱਚ ਆਪਣੇ ਟਾਊਟ ਡਿਕਟੇਟਰ ਥਾਪੇ ਹੋਏ ਨੇ, ਜਿਨ੍ਹਾਂ ਨੂੰ ਇਹ ਲੋਕ ਬਾਸਟਰਡ ਤੋਂ ਘੱਟ ਨੀ ਬੁਲਾਉਂਦੇ। ਪਰ ਅਮਰੀਕਾ ਇਸਤਾ ਬੁਰਾ ਨਹੀਂ ਮਨਾਉਂਦਾ ਕਿਉਂਕਿ ਉਹ ਕਹਿੰਦਾ ਐ ਕਿ ਠੀਕ ਇਹ ਬਾਸਟਰਡ ਨੇ ਪਰ ਇਹ ਕਦੀ ਨਾ ਭੁੱਲੋ ਕਿ ਇਹ ਸਾਡੇ ਬਾਸਟਰਡ ਨੇ। ਅਜਿਹੀ ਹਾਲਤ ਵਿੱਚ ਜਿਉਣ ਤੇ ਸੰਘਰਸ਼ ਕਰਨ ਲਈ ਇਹ ਲੋਕ ਕਵਿਤਾ ਲਿਖਦੇ ਤੇ ਪੜ੍ਹਦੇ ਨੇ। ਇਨ੍ਹਾਂ ਦੀ ਸਾਰੀ ਕਵਿਤਾ ਸਿਆਸਤ ਨਾਲ ਬੱਝੀ ਹੁੰਦੀ ਐ ਪਰ ਅਤਿ ਕਲਾਤਮਿਕ ਵੀ। ਇਨ੍ਹਾਂ ਮੁਲਕਾਂ ਦੇ ਕਵੀ ਸਿਆਸਤ ਵਿੱਚ ਸਰਗਰਮੀ ਨਾਲ ਭਾਗ ਲੈਂਦੇ ਨੇ। ਪਾਬਲੋ ਨਰੂਦਾ ਚਿੱਲੀ ਦੀ ਪ੍ਰਧਾਨਗੀ ਲਈ ਖਲੋਤਾ ਸੀ ਤੇ ਨਿਕਰੈਗੂਆ ਦਾ ਪ੍ਰਧਾਨਓਰਟੇਗਾ ਆਪ ਇੱਕ ਸ਼ਾਇਰ ਐ।

ਸਨਿਚਰਵਾਰ ਸੀ ਤੇ ਸੀਲੀਆ ਨੂੰ ਛੁੱਟੀ ਸੀ। ਉਸਨੇ ਆਪਣੇ ਲੋਕਾਂ ਵੱਲ ਵੀ ਨਹੀਂ ਜਾਣਾ ਸੀ। ਇਸ ਲਈ ਉਹ ਆਪਣੇ ਕਮਰੇ ਵਿੱਚ ਜਾਕੇ ਪਤਾ ਨਹੀਂ ਕੀ ਕਰਦੀ ਰਹੀ। ਫਿਰ ਦਿਨ-ਢਲੇ ਕਿਤਾਬ ਲੈ ਬਾਹਰ ਘਾਹ 'ਤੇ ਰੱਖੇ ਬੈਂਚ 'ਤੇ ਜਾ ਕੇ ਬਹਿ ਗਈ। ਸਰਦਾਰ ਉਹਦੇ ਕੋਲ ਹੀ ਰੇਤੇ ਵਿੱਚ ਖੇਡਣ ਲੱਗ ਪਿਆ। ਮੇਰੀ ਪਤਨੀ ਤੇ ਭਤੀਜ-ਨੂੰਹ ਮੇਰੇ ਭਤੀਜੇ ਦੇ ਪਸੰਦ ਦੀ ਰੋਟੀ ਬਣਾਉਣ ਲੱਗ ਪਈਆਂ। ਮੇਰਾ ਭਤੀਜਾ ਆਖਣ ਲੱਗਿਆ, "ਚਾਚਾ ਜੀ, ਇਨ੍ਹਾਂ ਨੂੰ ਘੰਟਾ ਕੁ ਲੱਗ ਜਾਵੇਗਾ ਰੋਟੀ ਤਿਆਰ ਕਰਦੀਆਂ ਨੂੰ। ਆਓ, ਆਪਾਂ ਜ਼ਰਾ ਕਲਿਨਿਕ ਦਾ ਚੱਕਰ ਮਾਰ ਆਈਏ।"

ਕਾਰ ਸਟਾਰਟ ਕਰਨ ਦੀ ਦੇਰ ਸੀ ਕਿ ਸਰਦਾਰ ਨੇ ਚੀਕੀ ਚੁੱਕ ਦਿੱਤੀ: ਮੀ ਗੋ ਆਫਿਸ!...ਮੇਰੇ ਭਤੀਜੇ ਨੇ ਉਹਨੂੰ ਚੁੱਕ ਮੇਰੇ ਪੱਟਾਂ ਵਿੱਚ ਬਿਠਾ ਦਿੱਤਾ।

- ਮੀ ਗੋ ਆਫਿਸ ਕੀ?...ਮੈਂ ਪੁੱਛਿਆ।

ਮੇਰੇ ਭਤੀਜੇ ਨੇ ਦੱਸਿਆ ਕਿ ਸੀਲੀਆ ਦੀ ਰੀਸ ਇਹ 'ਆਈ ਗੋ' ਨੂੰ 'ਮੀ ਗੋ' ਕਹਿੰਦਾ ਹੈ ਤੇ ਜਦੋਂ ਕੋਈ ਬਾਹਰ ਜਾਂਦਾ ਹੈ ਤਾਂ ਇਹ ਇਹੀ ਸਮਝਦਾ ਹੈ ਕਿ ਜਾਣ ਵਾਲਾ ਆਫਿਸ ਚੱਲਿਆ ਹੈ।

ਕਾਰ ਆਉਂਦੀ ਵੇਖ ਸਕਿਉਰਿਟੀ ਵਾਲੇ ਨੇ ਫਾਟਕ ਖੋਲ੍ਹ ਦਿੱਤਾ। ਮੈਨੂੰ ਬੜੀ ਹੈਰਾਨੀ ਹੋਈ। ਮੇਰੀ ਹੈਰਾਨੀ ਵੇਖ ਮੇਰੇ ਭਤੀਜੇ ਨੇ ਆਖਿਆ, "ਚਾਚਾ ਜੀ, ਅਮਰੀਕਾ ਦੁਨੀਆਂ ਦਾ ਸੱਭ ਤੋਂ ਬਦਮਾਸ਼ ਮੁਲਕ ਐ। ਪਤਾ ਨੀ ਕਦੋਂ ਕੋਈ ਕਿਸੇ ਨੂੰ ਮਾਰ ਦੇਵੇ ਜਾਂ ਬੱਚਾ ਹੀ ਚੁੱਕ ਕੇ ਲੈ ਜਾਵੇ। ਇਸੇ ਲਈ ਇਹ ਗਾਰਡ ਰੱਖੇ ਹੋਏ ਨੇ। ਅਸੀਂ ਸਾਰੇ ਰਲ ਕੇ ਇਨ੍ਹਾਂ ਦੀ ਤਨਖਾਹ ਦਿੰਦੇ ਆਂ। ਸਾਲੀ ਕੋਈ ਜੂਨ ਐ! ਬੱਸ ਪੈਸੇ ਵਾਸਤੇ ਇਥੇ ਬੈਠੇ ਆਂ। ਕੋਸ਼ਿਸ਼ ਤਾਂ ਇਹੀ ਕੀਤੀ ਸੀ ਕਿ ਇੰਡੀਆ ਵਿੱਚ ਹੀ ਕੋਈ ਚੱਜ ਦੀ ਨੌਕਰੀ ਮਿਲ ਜਾਂਦੀ। ਮਿਲੀ ਵੀ ਤਾਂ ਦਇਆ ਨੰਦ ਹਸਪਤਾਲ ਵਿੱਚ ਸੱਤ ਸੌ ਰੁਪਏ ਮਹੀਨਾ। ਮਜ਼ਬੂਰੀ ਨਾਲ ਹੀ ਅੱਕ ਚੱਬਿਐ। ਜੀਅ ਤਾਂ ਪੰਜਾਬੋਂ ਬਾਹਰ ਰਹਿਣ ਨੂੰ ਕਦੇ ਕੀਤਾ ਹੀ ਨਹੀਂ।"

ਪੰਜਾਬ ਦਾ ਜ਼ਿਕਰ ਕਰਦਿਆਂ ਉਸ ਦੀਆਂ ਪਹਿਲਾਂ ਅੱਖਾਂ ਚਮਕੀਆਂ, ਫਿਰ ਉਜੜੀ ਰੋਹੀ ਵਾਂਗ ਵੀਰਾਨ ਬੀਆਬਾਨ ਹੋ ਗਈਆਂ।

- ਪੰਜਾਬ ਹੁਣ ਪੰਜਾਬ ਕਿੱਥੇ ਰਹਿ ਗਿਆ? ਸਿਆਸੀ ਤੇ ਮਜ਼ਹਬੀ ਬਦਕਿਰਦਾਰੀਆਂ ਨੇ ਪੰਜਾਬ ਦੀ ਪੰਜਾਬੀਅਤ ਦਾ ਘਾਣ ਕਰ ਦਿੱਤੈ। ਬੱਸ ਇਕ ਡਰ ਤੇ ਬੇਪ੍ਰਤੀਤੀ ਦਾ ਆਲਮ ਤਾਰੀ ਐ। ਇਹ ਜੰਗ ਤੋਂ ਵੀ ਭੈੜੀ ਹਾਲਤ ਹੁੰਦੀ ਐ।...ਮੈਂ ਆਖਿਆ।

ਕਲਿਨਿਕ ਪੁੱਜ ਮੇਰਾ ਭਤੀਜਾ ਮਰੀਜ਼ ਕੋਲ ਚੱਕਰ ਲਾਉਂਦਿਆਂ ਮੈਨੂੰ ਵੀ ਨਾਲ ਹੀ ਘੁਮਾਉਂਦਾ ਰਿਹਾ। ਸਾਰੇ ਕੈਂਸਰ ਦੇ ਮਰੀਜ਼ ਸਨ ਅਤੇ ਕਲਿਨਿਕ ਹੀ ਕੈਂਸਰ ਦੀ ਹੋਣ ਕਰਕੇ ਸੱਭ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਕੈਂਸਰ ਹੈ। ਸਾਰਿਆਂ ਦੇ ਚਿਹਰੇ ਉੱਤਰੇ ਹੋਏ ਸਨ ਅਤੇ ਉਹ ਬੀਮਾਰੀ ਨਾਲੋਂ ਬੀਮਾਰੀ ਦੇ ਡਰ ਤੋਂ ਜ਼ਿਆਦਾ ਡਰੇ ਹੋਏ ਸਨ। ਅਸੀਂ ਦਫਤਰ ਵਿੱਚ ਆ ਗਏ।

- ਇਨ੍ਹਾਂ ਵਿੱਚੋਂ ਕਿੰਨੇ ਕੁ ਬਚ ਜਾਣਗੇ?...ਮੈਂ ਪੁੱਛਿਆ।

- ਪਹਿਲੀ ਸਟੇਜ ਵਾਲਿਆਂ ਨੂੰ ਬਚਾ ਲਵਾਂਗੇ। ਬਾਕੀ ਤਾਂ ਵਿਚਾਰੇ ਮੌਤ ਹੀ ਉਡੀਕ ਰਹੇ ਨੇ। ਅਸੀਂ ਇਨ੍ਹਾਂ ਦੀ ਮੌਤ ਜ਼ਰਾ ਸੌਖੀ ਬਣਾ ਦੇਵਾਂਗੇ।...ਮੇਰੇ ਭਤੀਜੇ ਨੇ ਰਜਿਸਟਰ ਫੋਲਦਿਆਂ ਜਵਾਬ ਦਿੱਤਾ।

— ਕੈਂਸਰ ਦੇ ਮਰੀਜ਼ ਦੇ ਮਨ ਦੀ ਹਾਲਤ ਕਿਹੋ ਜਿਹੀ ਹੁੰਦੀ ਐ? ... ਮੈਂ ਫਿਰ ਪੁਛਿਆ।

— ਪਹਿਲਾਂ-ਪਹਿਲਾਂ ਤਾਂ ਬਹੁਤ ਡਰੇ ਹੋਏ ਹੁੰਦੇ ਨੇ। ਫਿਰ ਸਮਾਂ ਬੀਤਣ ਨਾਲ ਇਹ ਡਰ ਤਾਂ ਦਬ ਜਾਂਦਾ ਹੈ, ਪਰ ਡਰ ਦੀ ਥਾਂ ਇਕ ਅਜਿਹੀ ਉਦਾਸੀ ਲੈ ਲੈਂਦੀ ਐ ਜਿਹੜੀ ਪੰਜੇ ਇੰਦਰੀਆਂ 'ਤੇ ਛਾ ਜਾਂਦੀ ਐ। ਮੁਸਕਾਣ ਤੇ ਅੱਖਾਂ ਦੀ ਚਮਕ ਤੀਕ ਉਦਾਸ ਹੋ ਜਾਂਦੀ ਐ। ਬਿਲਕੁਲ ਜਿਵੇਂ ਵਰਾਗੇ ਹੋਏ ਆਦਮੀ ਦੀ ਹਾਲਤ ਹੁੰਦੀ ਐ। ਵਰਾਗ ਵੀ ਚਾਚਾ ਜੀ, ਇਕ ਕਿਸਮ ਦੀ ਰੂਹਾਨੀ ਕੈਂਸਰ ਹੀ ਹੁੰਦੀ ਐ।

— ਬਹੁਤ ਖ਼ੂਬ! ਵਰਾਗ ਨੂੰ ਰੂਹਾਨੀ ਕੈਂਸਰ ਆਖਣਾ ਕਿੰਨਾ ਠੀਕ ਐ। ਇਸ ਹਿਸਾਬ ਨਾਲ ਆਪਾਂ, ਬਾਹਰਲੇ ਮੁਲਕਾਂ ਵਿਚ ਰਹਿਣ ਵਾਲੇ, ਸਾਰੇ ਰੂਹਾਨੀ ਕੈਂਸਰ ਦੇ ਮਰੀਜ਼ ਆਂ, ਜਿਹਦੇ ਨਾਲ ਆਪਾਂ ਇਕ ਦਿਨ ਨਈਂ ਰੋਜ਼ ਮਰਦੇ ਆਂ। ... ਮੈਂ ਤਬਸਰਾ ਕੀਤਾ।

— ਸਾਰੇ ਨਹੀਂ ਚਾਚਾ ਜੀ! ਇਹ ਤਾਂ ਅਹਿਸਾਸ ਦੀ ਗੱਲ ਐ। ਉਹ ਬੜੇ ਖ਼ੁਸ਼ ਨੇ ਜਿਹਨਾਂ ਨੇ ਸਮਝੌਤਾ ਕਰ ਲਿਐ ਜਾਂ ਜੀਹਨਾਂ ਦੇ ਅੰਦਰੋਂ ਅਹਿਸਾਸ ਮਰ ਗਿਐ ਜਾਂ ਪਹਿਲਾਂ ਹੀ ਮਰਿਆ ਹੋਇਆ ਸੀ। ... ਮੇਰੇ ਭਤੀਜੇ ਨੇ ਤਬਸਰੇ 'ਤੇ ਤਬਸਰਾ ਕੀਤਾ।

ਘਰ ਆਏ ਤਾਂ ਰੋਟੀ ਤਕਰੀਬਨ ਤਿਆਰ ਸੀ। ਸੂਰਜ ਛਿਪ ਰਿਹਾ ਸੀ। ਮੱਧਮ-ਮੱਧਮ ਚਾਨਣ ਅਜੇ ਬਾਕੀ ਸੀ। ਜਦੋਂ ਮੇਰੀ ਭਤੀਜ ਨੂੰਹ ਲਾਈਟ ਜਗਾਉਣ ਲੱਗੀ ਤਾਂ ਮੇਰਾ ਭਤੀਜਾ ਬੋਲਿਆ, "ਲਾਈਟ ਨਾ ਜਗਾ। ਛਿਪਦੇ ਸੂਰਜ ਦੀ ਮੱਧਮ ਰੋਸ਼ਨੀ ਵਿਚ ਮੋਠਾਂ ਦੀ ਦਾਲ ਨਾਲ ਮੱਕੀ ਦੀ ਰੋਟੀ ਖਾਣ ਦੇ ਮੈਨੂੰ ਬੀਅਰ ਦੇ ਡੱਬੇ ਫੜਾ ਦੇ ਜ਼ਰਾ।"

ਅਸੀਂ ਰੋਟੀ ਖਾਣ ਲੱਗੇ। ਮੇਰਾ ਭਤੀਜਾ ਰੋਟੀ ਦੀ ਬੁਰਕੀ ਤੋੜਦਾ, ਬੁਰਕੀ 'ਤੇ ਮੋਠਾਂ ਦੀ ਦਾਲ ਤੰਗਲੀ 'ਤੇ ਤੂੜੀ ਵਾਂਗ ਚੜ੍ਹਾਉਂਦਾ, ਹਰੀ ਮਿਰਚ ਦੀ ਦੰਦੀ ਵਢਦਾ, ਲੱਸੀ ਵਾਂਗ ਬੀਅਰ ਦੀ ਘੁੱਟ ਭਰਦਾ ਤੇ ਹਰ ਬੁਰਕੀ ਨਾਲ ਦਾਦ ਦਿੰਦਾ ਹੋਇਆ ਖੌਰੂ ਪਾਉਂਦਾ ਜਾ ਰਿਹਾ ਸੀ: "ਆਹਾ ਚਾਚੀ ਜੀ, ਸੁਆਦ ਆ ਗਿਆ, ਮਹਾਂ ਅਨੰਦ! ... ਹੁਣ ਗਿਣਿਉ ਨਾ ਬਈ ਕਿੰਨੀਆਂ ਖਾਧੀਆਂ ਨੇ। ਵਾਹ ਮਸਤੀ ਵਿਚ ਆ ਨੱਚ ਵੀ ਪੈਂਦਾ ਤੇ ਭੰਗੜੇ ਦੇ ਅੰਦਾਜ਼ ਵਿਚ ਬਾਹਾਂ ਹਿਲਾਉਂਦਾ। ਸੀਲੀਆ ਮੇਰੀ ਭਤੀਜ ਨੂੰਹ ਦਾ ਮੋਢਾ ਹਲੂਣਦਿਆਂ ਆਖਣ ਲੱਗੀ "ਵੇਖ, ਵੇਖ!"

ਸਾਡੀ ਸ਼ਹਿਰਨ ਭਤੀਜ-ਨੂੰਹ ਬੁਲ੍ਹ ਟੇਰ ਬੋਲੀ, "ਹੂੰ ਜੰਗਲੀ!"

ਮੇਰਾ ਭਤੀਜਾ ਮੁੜ ਵਜਦ ਵਿਚ ਆ ਗਿਆ, "ਬਿਲਕੁਲ ਠੀਕ! ਅਸੀਂ ਮਲਵਈ ਜਾਂਗਲੀ ਹੀ ਹਾਂ। ਕੁਦਰਤ ਦੇ ਬਿਲਕੁਲ ਨੇੜੇ। ਧਰਤੀ ਦੇ ਅਸਲੀ ਪੁੱਤ ਤੂੰ ਮਲਵੈਣਾਂ ਤੀਆਂ 'ਚ ਨੱਚਦੀਆਂ ਨੀ ਵੇਖੀਆਂ? ਮਲਵਈ ਛਪਾਰ ਦੇ ਮੇਲੇ ਵਿਚ ਖੌਰੂ ਪਾਉਂਦੇ ਨੀ ਵੇਖੇ? ਸਾਡੇ ਰਚੇ ਰਿਗਵੇਦ ਵਿਚ ਇੰਦਰ ਖੌਰੂ ਪਾਉਂਦਾ ਨੀ ਵੇਖਿਆ? ਏਸ ਸਭਿਅਤਾ ਨੇ ਸਾਡਾ ਸਭ ਕੁਝ ਖੋਹ ਲਿਆ, ਸਭ ਕੁਝ ...।" ਮੇਰੇ ਭਤੀਜੇ ਦੀਆਂ ਅੱਖਾਂ ਭਰ ਆਈਆਂ। ਉਸ ਭਤੀਜੇ ਦੀਆਂ, ਜਿਹਦੇ ਸਾਹਵੇਂ ਤੇ ਜੀਹਦੇ ਹੱਥਾਂ 'ਚ ਆਏ ਦਿਨ ਲੋਕ ਮਰਦੇ ਰਹਿੰਦੇ ਸਨ।

ਰੋਟੀ ਖਾਣ ਤੋਂ ਬਾਦ ਦੋਵੇਂ ਬੱਚੇ ਸੌਂ ਗਏ। ਮੇਰਾ ਭਤੀਜਾ ਆਪਣੀ ਕਲਿਨਿਕ ਨੂੰ ਕੁਝ ਫੋਨ ਕਰਨ ਚਲਿਆ ਗਿਆ। ਮੇਰੀ ਪਤਨੀ ਤੇ ਭਤੀਜ-ਨੂੰਹ ਖਾਨਦਾਨ ਦੀਆਂ ਚੰਗੀਆਂ-ਮੰਦੀਆਂ ਦੀ ਸੰਧਿਆ ਕਰਨ ਲਗ ਪਈਆਂ, ਤੇ ਮੈਂ ਬਾਹਰ ਘਾਹ 'ਤੇ ਜ਼ਰਾ ਟਹਿਲਣ ਲੱਗ ਪਿਆ। ਹਨੇਰਾ ਉਤਰ ਆਇਆ ਸੀ। ਅਕਾਸ਼ ਬਿਲਕੁਲ ਸਾਫ ਸੀ ਤੇ ਤਾਰਿਆਂ ਦੇ ਦੀਵੇ ਫੜੀ ਸਾਰੀ ਕਾਇਨਾਤ ਦਾ ਮੁਆਇਨਾ ਕਰ ਰਿਹਾ ਸੀ। ਮੌਸਮ ਬਹੁਤ ਸੋਹਣਾ ਸੀ; ਬੱਸ ਇਕ ਪਤਲੇ ਜਿਹੇ ਸੁਆਟਰ ਵਾਲਾ। ਸਾਹਮਣੇ ਸੁੱਕੀਆਂ ਪਹਾੜੀਆਂ ਬਰਦਾਸ਼ਤ ਕਰਨੀਆਂ ਬਹੁਤ ਔਖੀਆਂ ਲੱਗ ਰਹੀਆਂ ਸਨ। ਸੁੱਕੀਆਂ ਰੋਹੀਆਂ ਤੇ ਟਿੱਬੇ ਤਾਂ ਸੰਘਣੇ ਹਨੇਰੇ ਵਿਚ ਹੋਰ ਵੀ ਸੁੰਦਰ ਜਾਪਣ ਲਗਦੇ ਹਨ, ਪਰ ਖੁਸ਼ਕ ਪਹਾੜੀਆਂ ਰਾਤ ਨੂੰ ਦਿਉਆਂ-ਦਾਨਵਾਂ ਵਾਂਗ ਲਗਦੀਆਂ ਹਨ, ਜਿਵੇਂ ਸ਼ਿਵਜੀ ਦੇ ਗਲ ਵਿਚੋਂ ਸੱਪ ਉਤਰ ਰੀਂਗ ਤੇ ਸ਼ੂਕ ਰਹੇ ਹੋਣ। ਆਪਣੇ ਪਿਛੇ ਮੈਨੂੰ ਕਿਸੇ ਦੀ ਪੈੜ-ਚਾਲ ਸੁਣਾਈ ਦਿੱਤੀ। ਮੁੜਿਆ ਤਾਂ ਸੀਲੀਆ ਖਲੋਤੀ ਸੀ।

— ਹੈਲੋ ਸੀਲੀਆ! ... ਮੈਂ ਬਹੁਤ ਮੋਹ ਨਾਲ ਆਖਿਆ।

ਉਸ ਨੇ ਮੈਨੂੰ ਇਸ਼ਾਰੇ ਨਾਲ ਅੰਦਰ ਚੱਲਣ ਲਈ ਆਖਿਆ। ਮੈਂ ਉਹਦੇ ਨਾਲ ਹੋ ਤੁਰਿਆ। ਵਰਾਂਡੇ ਦੇ ਸਿਰੇ ਤੇ ਪੁੱਜ ਉਸ ਨੇ ਇਕ ਕਮਰਾ ਖੋਲ੍ਹਿਆ ਅਤੇ ਬੋਲੀ, "ਮੇਰਾ ਕਮਰਾ।"

ਬੜਾ ਹੀ ਸਾਫ-ਸੁਥਰਾ ਕਮਰਾ ਸੀ ਅਤੇ ਮੈਕਸੀਕਨ ਹੱਥਾਂ ਨੇ ਹਰ ਚੀਜ਼ ਥਾਂ-ਸਿਰ ਕਰੀਨੇ ਨਾਲ ਸਜਾਈ ਹੋਈ ਸੀ। ਸੀਲੀਆ ਨੇ ਆਪਣੇ ਬੱਚਿਆਂ ਦੀਆਂ ਤਸਵੀਰਾਂ ਮੈਨੂੰ ਇੰਨੀ ਤੀਬਰਤਾ ਨਾਲ ਵਿਖਾਈਆਂ ਕਿ ਬੈਠਣ ਲਈ ਆਖਣਾ ਵੀ ਭੁੱਲ ਗਈ।

— ਮੇਰੀ ਵੱਡੀ ਧੀ, ਦੂਜੀ ਧੀ ਤੇ ਇਹ ਮੇਰਾ ਪੁੱਤਰ! ... ਅੱਖਾਂ ਵਿਚੋਂ ਹੰਝੂ ਛਮ-ਛਮ ਵਹਿਣ ਲਗ ਪਏ।

⟶

⟶

ਵਸਤਾਂ ਨੂੰ ਕਿਸੇ ਸੁਰੱਖਿਅਤ ਥਾਂ ਕਿਉਂ ਤਬਦੀਲ ਨਾ ਕੀਤਾ ਗਿਆ, ਕਿਉਂ ਉਨ੍ਹਾਂ ਦੀਆਂ ਫੋਟੋ-ਸਟੈਟ ਕਾਪੀਆਂ ਨਾ ਕੀਤੀਆਂ ਗਈਆਂ ਜਾਂ ਫਿਲਮਾਂ ਨਾ ਬਣਾਈਆਂ ਗਈਆਂ? ਜਿਥੇ ਉਨ੍ਹਾਂ ਦੀ ਤਬਾਹੀ ਲਈ ਸਰਕਾਰ ਜ਼ਿਮੇਂਵਾਰ ਹੈ ਉਥੇ ਮਜ਼ਬੀ ਲੀਡਰ ਵੀ ਨਹੀਂ ਬਖਸ਼ੇ ਜਾਣਗੇ।

ਓਸ ਪਛਿਤੇ ਜ਼ਮਾਨੇ ਜਦ ਮੁਸਲਮਾਨ ਹਾਕਮ ਰੱਬ ਬਣੀ ਬੈਠੇ ਸਨ ਤੇ ਉਨ੍ਹਾਂ ਦੇ ਚੇਲੇ ਚਾਟੜੇ ਖੁਲ੍ਹੇਆਮ ਪਰਜਾ ਤੇ ਜ਼ੁਲਮ ਕਰਨ ਨੂੰ ਆਪਣਾ ਜਮਾਂਦਰੂ ਹੱਕ ਸਮਝਦੇ ਸਨ ਓਦੋਂ ਬਾਬੇ ਨਾਨਕ ਨੇ, ਨੰਗੇ ਧੜ, ਮਲਿਕਾਂ ਤੇ ਨਵਾਵਾਂ ਨੂੰ ਖੁਲ੍ਹੀ ਬੋਲੀ ਵਿਚ ਸ਼ੀਂਹ ਤੇ ਕੁੱਤੇ ਸੱਦਣੋਂ ਨਾ ਝਿਜਕੇ, ਪਤਾ ਨਹੀਂ ਕਿਉਂ ਓਸ ਗੁਰੂ ਨਾਨਕ ਦੇ ਅਲਮਬ੍ਰਦਾਰ ਲੀਡਰਾਂ, ਪਵਿਤਰ ਅਸਥਾਨ ਵਿਚ ਹੁੰਦੀਆਂ ਕੁਰੀਤੀਆਂ ਵਲੋਂ ਅੱਖਾਂ ਮੀਟ ਕੇਹੋ ਜੇਹੀ ਸਿਖੀ ਦੀ ਡੈਮਨਸਟ੍ਰੇਸ਼ਨ ਕਰ ਰਹੇ ਸੀ? ਇਨ੍ਹਾਂ ਦੀ ਬੁਜ਼ਦਿਲੀ ਕਾਰਨ ਜਿਥੇ ਵਡਮੁੱਲੇ ਉਪਰੋਕਤ ਖਜ਼ਾਨੇ ਵਲੋਂ ਹੱਥ ਧੋਣੇ ਪਏ ਓਥੇ ਕੌਮ ਦੇ ਵਕਾਰ ਨੂੰ ਜੋ ਸੱਟ ਵੱਜੀ ਹੈ ਓਹ ਵੀ ਡਾਢੀ ਅਣਭੁੱਲ ਹੈ।

ਅਜ ਜੋ ਸਰਕਾਰ ਤੇ ਰੁਝਾਰੂਆਂ ਵਿਚਕਾਰ ਇਕ ਦੂਜੇ ਨੂੰ ਮਾਰ ਮੁਕਾਣ ਦੀ ਬਾਜ਼ੀ ਲਗੀ ਹੋਈ ਹੈ ਤੇ ਇਨ੍ਹਾਂ ਦੋਵਾਂ ਧਿਰਾਂ ਤੋਂ ਇਲਾਵਾ ਸੈਂਕੜੇ ਨਿਰਦੋਸ਼, ਗਭਰੂ, ਬੁਢੇ, ਬੱਚੇ, ਔਰਤਾਂ ਪ੍ਰਵਾਰਾਂ ਦੇ ਪ੍ਰਵਾਰ ਏਸ ਲੱਗੀ ਬਾਜ਼ੀ ਦੀ ਭੇਂਟ ਚੜ੍ਹ ਰਹੇ ਹਨ, ਕੀ ਕੌਮ ਨੂੰ ਇਸਦਾ ਕੋਈ ਫੌਰੀ ਜਾਂ ਦੇਰ ਪਾ ਲਾਭ ਪੁਜ ਰਿਹਾ ਹੈ ਜਾਂ ਪੁਜੇਗਾ? ਗੋਰਾ ਸਰਕਾਰ ਸੀ ਜਾਂ ਕੋਈ ਹੋਰ ਹੋਵੇ, ਪੁਲਸ ਨੇ ਤਾਂ ਹੁਕਮ ਮੰਨ ਆਪਣੀ ਡਿਊਟੀ ਪੂਰੀ ਕਰਨੀ ਹੈ ਪਰ ਜੁਝਾਰੂਆਂ ਦਾ ਸ਼ੱਕ ਮੂਜ਼ਬ ਵੀ ਪ੍ਰਵਾਰਾਂ ਦੇ ਪ੍ਰਵਾਰ ਖਤਮ ਕਰ ਦੇਣਾ ਉਨ੍ਹਾਂ ਦੇ ਨਿਸ਼ਾਨੇ ਪ੍ਰਾਪਤੀ ਲਈ ਬੜੀ ਕਰਾਰੀ ਸੱਟ ਹੈ ਤੇ ਸਿਖ ਗੁਰੂਆਂ ਦੇ ਫੁਰਮਾਨਾਂ ਦੀ ਖਿਲਾਫ ਵਰਜ਼ੀ ਵੀ, ਓਹ ਧੜਾ ਵੀ ਤੇ ਧਰਮ ਵੀ ਗਵਾ ਰਹੇ ਹਨ। ਜੇ ਸਰਕਾਰੀ ਢਾਂਚਾ ਪਸੰਦ ਨਹੀਂ ਇਸ ਵਿਚ ਚੇਂਜ ਚਾਹੁੰਦੇ ਹੋ ਤਾਂ ਇਹ ਇਕੱਲੇ ਇਕੈਹਰੇ ਦਾ ਕੰਮ ਨਹੀਂ। ਕਿਸੇ ਬਾਹਰਲੇ ਇਸ਼ਾਰੇ ਤੇ ਨੱਚਣ ਵਾਲੋਂ ਤੇ ਨਿਰਦੋਸ਼ਿਆਂ ਦੇ ਖ਼ੂਨ ਖਰਾਬੇ ਨਾਲੋਂ ਆਪਣੇ ਕਰੋੜਾਂ ਗਰੀਬ ਹਿੰਦੂ, ਸਿਖ, ਦਲਿਤ ਜਾਤੀਆਂ ਦੇ ਕਾਮੇ ਮਜ਼ਦੂਰਾਂ ਨੂੰ ਨਾਲ ਲਓ ਤੇ ਪ੍ਰਚਾਰ ਦੇ ਵੋਟਾਂ ਦੇ ਡੈਮੋਕ੍ਰੈਟਿਕ ਰਾਹ ਦਵਾਰਾ ਲਿਆ ਸਕਦੇ ਹੋ ਜਿਸ ਦਵਾਰਾ ਤੁਸੀਂ ਅੰਤਰਰਾਸ਼ਟਰੀ ਸਹਿਮਤੀ ਵੀ ਅਪਣਾ ਸਕੋਗੇ ਤੇ ਆਪਣੇ ਗੁਰੂ ਵਲੋਂ ਵੀ ਬੇਮੁਖ ਨਹੀਂ ਹੋਵੋਗੇ।

1984 ਜੂਨ ਦੇ ਬਿਲੂਸਟਾਰ ਹਮਲੇ ਵੇਲੇ, ਆਰਮੀ ਦਾ ਟੈਂਕਾਂ ਆਦਿ ਦਵਾਰਾ ਦਰਬਾਰ ਕੰਪਲੈਕਸ ਦਾਖਲ ਹੋ ਅਕਾਲ ਤਖਤ ਦੇ ਢਾਹੇ ਜਾਣ ਤੇ ਕਈ ਪ੍ਰਕਾਰ ਦੀ ਬਰਬਾਦੀ ਨੇ, ਸਿਖ ਜਗਤ ਦੇ ਹਿਰਦੇ ਵਲੂੰਦਰ ਦਿਤੇ ਤੇ ਸਿਆਣੇ ਸਰਕਾਰ ਨੂੰ, "ਕੋਈ ਹੋਰ ਰਾਹ ਅਪਨੌਣਾ ਚਾਹੀਦਾ ਸੀ" ਓਸ ਕਾਰੇ ਨੂੰ ਨਿੰਦਦੇ ਚਲੇ ਆ ਰਹੇ ਹਨ। ਹੁਣ ਮਈ 1988 ਦੇ ਬਲੈਕ ਥੰਡਰ ਹਮਲੇ ਕਾਰਨ ਜਦ ਕਿ ਨਾਂ ਤੇ ਆਰਮੀ ਪ੍ਰਕਰਮਾਂ ਅੰਦਰ ਦਾਖਲ ਹੋਈ ਅਤੇ ਨਾ ਹੀ ਉਨ੍ਹਾਂ ਜਾਨੀ ਨੁਕਸਾਨ ਹੋਇਆ ਅਤੇ ਇਸਦਾ ਪ੍ਰਤੀਕਰਮ, ਸਿਖ ਜਗਤ ਅਟੇ ਸਟੇ ਸ਼ਾਂਤ ਹੀ ਰਿਹਾ।

ਅੰਦਰ ਡੱਕੇ ਜੁਝਾਰੂਆਂ ਦਾ ਪ੍ਰਕਰਮਾਂ ਵਿਚੋਂ ਦੌੜਕੇ, ਗੋਲਡਨ ਹਰਿਮੰਦਰ ਜਾ ਲੁਕਣਾ ਤੇ ਓਥੇ 72 ਘੰਟੇ ਡੱਕੇ ਰਹਿਣ ਕਾਰਨ ਅੰਦਰ ਹੀ ਪ੍ਰਸ਼ਾਦ ਵਰਤਾਉਣ ਅਤੇ ਆਟੇ ਵਾਲੇ ਪਿੱਤਲ ਦੇ ਭਾਂਡਿਆਂ ਵਿਚ ਟੱਟੀ ਪਿਸ਼ਾਬ ਕਰਨਾ ਤੇ ਮਗਰੋਂ ਹੱਥ ਖੜੇ ਕਰ ਹਾਰੇ ਅਪਰਾਧੀਆਂ ਵਾਂਗ ਧੌਣਾਂ ਨੀਵੀਆਂ ਕਰੀ ਪੁਲਸ ਅਧਿਕਾਰੀਆਂ ਸਾਹਵੇਂ (ਮੂਵੀਆਂ ਬਣੀਆਂ ਹੋਈਆਂ ਹਨ) ਸਮ੍ਰਪਣ ਕਰਨਾ, ਪਵਿਤਰ ਗੁਰੂ ਘਰ ਦੀ ਇੱਜ਼ਤ ਮਰਯਾਦਾ ਖਾਤਰ ਪੁਰਜ਼ਾ ਪੁਰਜ਼ਾ ਕੱਟ ਮਰਨ ਵਾਲਿਆਂ ਲਈ ਬੜਾ ਕਲੰਕਤ ਧੱਬਾ ਹੈ। ਪਿਛੋਂ ਸਮ੍ਰਪਣ ਹੋਏ ਜੁਝਾਰੂਆਂ ਦੀ ਨਿਸ਼ਾਨ-ਦਹੀ ਤੇ ਅਲਾਲ ਤਖਤ ਦੇ ਮਲਬੇ ਹੇਠੋਂ (ਜਿਹੜਾ ਬਿਲੂ ਸਟਾਰ ਹਮਲੇ ਕਾਰਨ ਢਹਿ ਗਿਆ ਸੀ ਤੇ ਪਿਛੋਂ ਸਰਕਾਰ ਨੇ ਭਾਰਤੀ ਜਨਤਾ ਦਾ ਕਰੋੜਾਂ ਰੁਪੈ ਖਰਚ ਕਰਕੇ ਨਵਾਂ ਉਸਾਰਿਆ ਸੀ, ਓਹਨੂੰ ਅਪਵਿਤਰ ਸਮਝ ਲੀਡਰਾਂ ਨੇ ਮੁੜ ਢਾਹ ਦਿੱਤਾ ਸੀ) ਭਾਵ ਪਹਾੜੀ ਜੇਡੇ ਢੇਰ ਹੇਠੋਂ 22-24 ਇਸਤਰੀ ਮਰਦਾਂ ਦੀਆਂ ਲਾਸ਼ਾਂ ਦਾ ਨਿਕਲਣਾ, ਜਿਨ੍ਹਾਂ ਨੂੰ ਅੰਦਰ ਡੱਕੇ ਜੁਝਾਰੂਆਂ ਤਸੀਹੇ ਦੇ ਤੇ ਬਿਜਲੀ ਦੇ ਸ਼ੌਕ ਲਾ ਲਾ ਮਾਰਿਆ ਸੀ ਅਤੇ ਜਿਨ੍ਹਾਂ ਵਿਚ ਓਹ ਇਸਤਰੀਆਂ ਵੀ ਸਨ ਜਿਨ੍ਹਾਂ ਨਾਲ ਇਨ੍ਹਾਂ ਮੱਥਾ ਟੇਕਣ ਆਈਆਂ ਨੂੰ ਜ਼ਬਰਦਸਤੀ ਪ੍ਰਕਰਮਾਂ ਅੰਦਰ ਲਿਜਾ ਪਤਾ ਨਹੀਂ ਕੀ ਕੀਤਾ ਤੇ ਉਨ੍ਹਾਂ ਦੇ ਘਰਦਿਆਂ ਨੂੰ ਹਜ਼ਾਰਾਂ ਰੁਪੈ ਜਜ਼ੀਆ ਵਜੋਂ ਬਟੋਰਨ ਲਈ ਚਿੱਠੀਆਂ ਲਿਖੀਆਂ ਤੇ ਪੈਸੇ ਨਾ ਉਪੜਨ ਤੇ ਮਾਰ ਮਲਬੇ ਹੇਠ ਦੱਬ ਦਿੱਤਾ। ਏਹੋ ਜਿਹੇ ਕਾਰੇ ਗੁਰੂ ਦੇ ਸਿਖਾਂ ਤੋਂ ਤਾਂ, ਇਨ੍ਹਾਂ ਦੀ ਬੀਤੀ ਰਵਾਇਤ ਮੂਜਬ ਨਾਮੁਮਕਿਨ ਹੀ ਜਾਪਦੇ ਹਨ। ਇਹ ਜ਼ਰੂਰ ਕਿਸੇ ਬਦੇਸ਼ੀ ਦੁਸ਼ਮਣ ਤਾਕਤ ਦੀ ਗੁਮਰਾਹਕੁਨ ਖੇਡ ਸੀ, ਜਿਹੜੀ ਜੁਝਾਰੂ ਖੇਡਦੇ ਆ ਰਹੇ ਹਨ, ਵਰਨਾਂ ਹਰਿਮੰਦਰ ਡੱਕਿਆਂ ਨੂੰ ਜਦ ਟੱਟੀ-ਪਿਸ਼ਾਬ ਦੀ ਹਾਜਤ ਹੋਈ ਸੀ, ਇਹ ਓਦੋਂ ਬਾਹਾਂ ਖੜੀਆਂ ਕਰ ਬਾਹਰ ਕਿਉਂ ਨਾ ਆਏ? ਕੀ ਖੱਟਿਆ, ਨਾ ਧੜਾ ਰਿਹਾ ਤੇ ਨਾ ਹੀ ਧਰਮ। ਇਹ ਏਹੋ ਜੇਹਾ ਕਲੰਕ ਹੈ ਜਿਸਦੀ ਕੋਈ ਸਫਾਈ ਪੇਸ਼ ਨਹੀਂ ਕੀਤੀ ਜਾ ਸਕਦੀ, ਕਿਉਂ ਜੋ, ਉਪਰੋਕਤ ਹਰ ਲਮ੍ਹੇ (ਮਿੰਟ) ਦੇ ਦੇਸੀ ਤੇ ਪ੍ਰਦੇਸੀ ਪੱਤਰਕਾਰ ਨੁਮਾਇੰਦੇ ਚਸ਼ਮਦੀਦ ਗਵਾਹ ਹਨ ਅਤੇ ਏਸ ਸਾਰੇ ਡਰਾਮੇਂ ਦੀ ਮੂਵੀ ਬਣੀ ਹੋਈ ਹੈ।

ਤਿੱਬਤ ਦਾ ਕਮਿਊਨਿਸਟ ਆਗੂ ਬਰਖਾਸਤ

ਬੀਜਿੰਗ — ਚੀਨ ਦੀ ਕਮਿਊਨਿਸਟ ਪਾਰਟੀ ਨੇ ਗੜਬੜ ਵਾਲੇ ਤਿੱਬਤ ਖੇਤਰ ਦੇ ਪਾਰਟੀ ਆਗੂ ਨੂੰ ਬਰਖਾਸਤ ਕਰ ਦਿੱਤਾ ਹੈ ਅਤੇ ਭਿਕਸ਼ੂਆਂ ਨੂੰ ਚੀਨ ਵਿਰੋਧੀ ਰੋਸ ਪ੍ਰਗਟ ਕਰਨ ਦੀਆਂ ਤਾਜ਼ਾ ਕਾਰਵਾਈਆਂ ਤੋਂ ਰੋਕਣ ਦੇ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਹ ਜਾਣਕਾਰੀ ਪੱਛਮੀ ਦੇ ਭਰੋਸੇਯੋਗ ਸੂਤਰਾਂ ਨੇ ਦਿੱਤੀ ਹੈ।

Non-smokers pay less for insurance.


Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
urnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating? Turn Down?
NO PROBLEM
Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4
Ph. 433-6391
Ste. 300-3665 Kingsway Vancouver, B.C
Res: 433-7975

MERIDIAN INSURANCE

Life & Accident sickness

LOCATION 1
3268 COAST MERIDIAN RD.,
PORT COQUITLAM, B.C. V3B 3N4

LOCATION 2
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ
Ph. 272-0700

autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248 ICBC, house, tenant, commercial

GLOBAL IMMIGRATION SERVICES



For Further Consultation Contact
KARNAIL SINGH NAGRA
11420 GRANVILLE AVE. RICHMOND. B.C.
PH. (604) 270-2100

WE ARE PROVIDING ALL IMMIGRATION SERVICES.

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.


L/R LAKEVIEW REALTY LTD. DELTA 590-3231
7909 Scott Rd., Delta, B.C. V4C 6P6

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

ਬੇਅੰਤ ਸੇਖੋਂ

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

Bus. (604) 590-3231
Res. (604) 591-1354 ਜਾਂ 588-0749


BEANT SEKHON
Res. 591-1354
or
588-0749

ਲੱਥੇ ਸਿਰ ਮੁੜ ਕੇ ਨਾ ਜੁੜਦੇ

ਗੁਰਚਰਨ ਰਾਮਪੁਰੀ

ਕੂੜ ਪਾਪ ਅਨਿਆਂ ਨੂੰ ਨਿੰਦਣੋਂ ਪਹਿਲਾਂ
ਕਿਉਂ ਮੱਕੇ ਦੇ ਮੌਲਾਣੇ ਵੱਲ ਸਾਲਾਂ-ਬੱਧੀ ਦੇਖੀ ਜਾਵੋ ?
ਉਸਦਾ ਬੁੱਢਾ ਸਿਰ ਹਿੱਲਣ 'ਤੇ
ਬੋੜੇ ਮੂੰਹ 'ਚੋਂ ਬੋਲ ਕਿਰਨ ਤੇ
ਰਲ ਕੇ ਉਚੀ ਉਚੀ ਲੰਮੀ ਕਾਵਾਂ-ਰੌਲੀ ਪਾਵੋ
ਤੁਸੀਂ ਆਪਣੀ ਸੋਚ ਅਤੇ ਜੀਭਾ ਨੂੰ
ਕਾਹਤੋਂ ਗਹਿਣੇ ਧਰ ਛੱਡਿਆ ਹੈ ?

ਜੇ ਮੰਦੇ ਨੂੰ ਤੁਰਤ ਨਹੀਂ ਮੰਦਾ ਆਖੋਗੇ
ਜੇ ਗੁਆਂਢੀ ਦੇ ਨਾਲ ਹੋਏ ਅਨਿਆਂ ਤੋਂ ਨਜ਼ਰ ਚੁਰਾ ਕੇ
ਚੁੱਪ ਕਰਕੇ ਅੰਦਰ ਲੁਕ ਬੈਠੋ
ਤਾਂ ਫਿਰ ਪੱਗ ਤੁਹਾਡੀ ਵੀ ਕੱਲ੍ਹ ਭਰੇ ਬਜ਼ਾਰ 'ਚ ਲਹਿ ਜਾਵੇਗੀ ।

ਜੇ ਮੰਦਰ ਦੀ ਸੁੰਦਰ ਵਲਗਣ
ਰਸ ਭਿੰਨੇ ਸ਼ਬਦਾਂ ਦੀ ਕਿਣਮਿਣ ਦੀ ਥਾਂ ਉਤੇ
ਕੌੜੇ ਕੂੜੇ ਬੋਲਾਂ ਦੇ ਚੰਗਿਆੜੇ ਸਹਿ ਜਾਓਗੇ ।
ਤਾਂ ਫਿਰ ਛੇਤੀ ਓਸ ਸੁਗੰਧਤ ਆਲ-ਦੁਆਲੇ ਅੰਦਰ
ਬਾਰੂਦੀ ਰੌਲਾ ਫ਼ਤਵੇ ਤੇ ਲਾਸ਼ਾਂ ਖਿਲਰ ਜਾਵਣ
ਸਾਲਾਂ-ਬੱਧੀ ਲਹੂ ਪੂੰਝਦੇ ਰਹਿ ਜਾਓਗੇ ।

ਲੱਖ ਸੀਤਾ ਲੰਮੇਂ ਬਣਵਾਸੋਂ ਮਸਾਂ ਅਯੁੱਧਿਆਂ ਆਵੇ
ਸ਼ੱਕੀ ਆਦਮ ਉਸ ਨੂੰ ਫੇਰ ਉਜਾੜੇ
ਸੁੰਦਰਤਾ ਦਾ ਜੀਵਨ ਸਾਰਾ ਜਾਵੇ ਭੰਗ ਦੇ ਭਾੜੇ ।

ਜੇ ਅਗਿਆਨੀ ਸਿਰ ਤੇ ਕਲਗ਼ੀ ਲਾਵੋ
ਗੱਦੀ ਉਤੇ ਚੁੱਕ ਬਹਾਵੋ
ਉਹ ਅਭਿਮਾਨੀ ਸੱਚਿਆਂ ਨੂੰ ਚੋਰੀ ਗੋਲੀ ਮਰਵਾਵੇ
ਅਰਥੀ ਉਤੇ ਫੁੱਲ ਚੜ੍ਹਾਵੇ
ਜੱਗ ਦੇ ਅੱਖੀਂ ਘੱਟਾ ਪਾਵੇ ।




ਰਾਮਪੁਰੀ

ਜੇ ਇਤਿਹਾਸ ਗ਼ਰਜ਼ਮੰਦਾਂ ਦਾ ਲਿਖਿਆ ਹੋਇਆ
ਦਾਤੇ ਖ਼ਾਤਰ ਝੂਠ ਬੋਲਦਾ
ਤਾਂ ਫਿਰ ਕੱਲ੍ਹ ਨੂੰ ਮਿੱਟੀ ਹੇਠੋਂ
ਕੱਢਣੇ ਪੈਣੇ ਕਰੰਗ ਤੁਹਾਨੂੰ
ਕਬਰਾਂ ਦੇ ਪਥਰਾਂ 'ਤੇ ਉਕੱਰੀ
ਲਿਖਤ ਕਦੋਂ ਤੱਕ ਸੋਧੀ ਜਾਵੋ !

ਧੜਕ ਰਹੇ ਜੀਵਨ ਦੇ ਦਿਨ ਜੋ ਨਸ਼ਟ ਹੋ ਗਏ ਘੋਰ ਉਜਾੜੀਂ
ਕਦੇ ਨਾ ਮੁੜਦੇ
ਲੱਥੇ ਸਿਰ ਮੁੜ ਕੇ ਨਾ ਜੁੜਦੇ ।
ਸਿਰ ਲੱਥਣ, ਸੀਤਾ ਦੇ ਮੁੜ ਉਜੜਨ ਤੋਂ ਪਹਿਲਾਂ ਬੋਲੋ ।

ਇਨਸਾਨ ਬਣੋ

ਪਰਮਜੀਤ ਸਿੰਘ "ਕੰਵਲ" (ਰਾਮਪੁਰੀ)



ਜੱਦ ਜੱਦ ਵੀ ਉਠੇ ਸੰਸਾਰ ਉਤੇ, ਆਵਾਜ਼ ਰੱਬੀ ਇਨਸਾਨਾਂ ਦੀ ।
ਉਸ ਵਕਤ ਕਿਆਮਤ ਆ ਜਾਂਦੀ, ਸ਼ੈਤਾਨਾਂ ਬੇ-ਇਮਾਨਾਂ ਦੀ ।
ਜ਼ੋਰੋ ਜੱਬਰ ਸਦਾ ਨਹੀਂ ਚਲਦੇ, ਪੜ੍ਹਕੇ ਵੇਖੋ ਇਤਹਾਸਾਂ ਨੂੰ,
ਆਖਰ ਨੂੰ ਪਿਠ ਲਗ ਜਾਂਦੀ ਏ, ਵੱਡੇ ਵੱਡੇ ਭਲਵਾਨਾਂ ਦੀ ।
ਇਨਸਾਨੋਂ ਭਈ ਇਨਸਾਨ ਬਣੋ, ਛੱਡ ਦੇਵੋ ਕੰਮ ਹੈਵਾਨਾਂ ਦੇ,
ਗਲ੍ਹ ਵੱਢ ਵੱਢ ਕੇ ਨਿਰਦੋਸ਼ਾਂ ਦੇ, ਨਾ ਰੱਤ ਪੀਵੋ ਇਨਸਾਨਾਂ ਦੀ ।
ਅਸਲੀ ਏ ਕਿ ਨਕਲੀ ਸੋਨਾ, ਕਸਵੱਟੀ ਤੇ ਪ੍ਰਖਿਆ ਜਾਂਦਾ,
ਗਰੰਥਾਂ ਦੇ ਨਾਲ ਪਰਖ ਹੋ ਜਾਂਦੀ, ਸੰਤਾਂ ਆਉਰ ਸ਼ੈਤਾਨਾਂ ਦੀ ।
ਪੜ੍ਹਦੇ ਹੋ ਨਿਤ ਸੁਣਦੇ ਹੋ, ਫੁਰਮਾਨ ਰੱਬੀ ਇਨਸਾਨਾਂ ਦੇ,
ਸੁਣਦੇ ਹੋ ? ਤੇ ਮੰਨ ਲਵੋ, ਗੱਲ ਗੀਤਾ, ਗਰੰਥ, ਕੁਰਾਨਾਂ ਦੀ ।
ਖੁਦ ਜੀਓ ਜੀਣ ਦਿਓ ਸਭ ਨੂੰ, ਧਰਤੀ ਤੇ ਫਸਾਦ ਖਿਲਾਰੋ ਨਾ,
ਆਪੋ ਵਿਚ ਲੜ ਲੜ ਕੇ ਮਰਨਾ, ਫਿਤਰਤ ਹੈ ਇਹ ਹੈਵਾਨਾਂ ਦੀ ।
ਅਤਿ ਨਾਲ ਖੁਦਾ ਦਾ ਵੈਰ ਹੁੰਦਾ, ਤੱਤ ਕੱਢਿਆ "ਕੰਵਲ" ਬਜ਼ੁਰਗਾਂ ਨੇ,
ਬਣ ਕੇ ਏਥੇ ਇਨਸਾਨ ਰਹੋ, ਇਹ ਧਰਤੀ ਹੈ ਇਨਸਾਨਾਂ ਦੀ ।

→

— ਬਹੁਤ ਯਾਦ ਆਉਂਦੇ ਨੇ ? ... ਮੈਂ ਬੱਸ ਹਮਦਰਦੀ ਲਈ ਹੀ ਇੰਜ ਆਖਿਆ ।

— ਬਹੁਤ ! ... ਅੱਖਾਂ ਮੁੜ ਛਲਕੀਆਂ ।

ਬੈਡ ਦੇ ਕੋਲ ਨਿੱਕੇ ਮੇਜ਼ ਤੇ ਦੋ ਕਿਤਾਬਾਂ ਪਈਆਂ ਸਨ । ਮੈਂ ਉਹਦਾ ਧਿਆਨ ਲਾਂਭੇ ਕਰਨ ਲਈ ਕਿਤਾਬਾਂ ਫੋਲਣ ਲੱਗਿਆ । ਉਹਨਾਂ ਵਿਚੋਂ ਇਕ ਕਿਤਾਬ ਲੋਰਕਾ ਦੀ ਸੀ । ਵਾਕਿਆ ਹੀ ਉਹ ਕਵਿਤਾ ਦੀ ਬਹੁਤ ਪ੍ਰੇਮਣ ਸੀ ।

— ਤੂੰ ਲੋਰਕਾ ਨੂੰ ਬਹੁਤ ਪਸੰਦ ਕਰਦੀ ਐਂ ? ... ਮੈਂ ਪੁੱਛਿਆ ।

— ਬਹੁਤ ।

— ਲੋਰਕਾ ਦੀ ਕਿਹੜੀ ਚੀਜ਼ ?

— ਲੋਰਕਾ ਦਾ ਜਿਪਸੀਪੁਣਾ ਤੇ ਉਹਦੀ ਹਰ ਸਮੇਂ ਖੁਸ਼ ਰਹਿਣ ਵਾਲੀ ਤਬੀਅਤ । ... ਉਹ ਇੰਜ ਸੁਭਾਵਕ ਬੋਲੀ ਜਿਵੇਂ ਉਹ ਲੋਰਕਾ ਦੇ ਅੰਗ-ਸੰਗ ਰਹੀ ਹੋਵੇ ਜਾਂ ਲੋਰਕਾ ਉਹਦੇ ਅੰਗ-ਸੰਗ ਰਿਹਾ ਹੋਵੇ ।

ਮੈਂ ਸਮਝ ਗਿਆ ਕਿ ਸੀਲੀਆ ਨੂੰ ਜਿਪਸੀਆਂ ਵਰਗੀ ਬੇਪਰਵਾਹ ਤੇ ਅਨੰਦਮਈ ਜ਼ਿੰਦਗੀ ਪਸੰਦ ਹੈ । ਮੈਂ ਉਹਦੇ ਬੱਚਿਆਂ ਦੀ ਫੋਟੋ ਚੁੱਕੀ ਤੇ ਚੁੰਮ ਕੇ ਰੱਖ ਦਿੱਤੀ ਅਤੇ ਇਹ ਸੋਚਦਾ-ਸੋਚਦਾ ਬਾਹਰ ਨਿਕਲ ਗਿਆ ਕਿ ਹਾਲਾਤ ਦਾ ਕੇਹਾ ਤਕਾਜ਼ਾ ਹੈ ਕਿ ਇਹੀ ਜਿਪਸੀ ਸੀਲੀਆ ਆਪਣਾ ਘਰ ਬਣਾਉਣ ਲਈ ਪਰਦੇਸਾਂ ਵਿਚ ਆਪਣੇ ਬੱਚਿਆਂ ਦੀ ਥਾਂ ਦੂਜਿਆਂ ਦੇ ਬੱਚੇ ਪਾਲ ਰਹੀ ਹੈ ਅਤੇ ਸਿਰਫ ਲੋਰਕਾ ਦੀ ਕਵਿਤਾ ਨਾਲ ਆਪਣੇ ਜਿਪਸੀਪੁਣੇ ਤੇ ਪ੍ਰਸੰਨਤਾ ਨੂੰ ਲੋਰੀਆਂ ਦੇ ਰਹੀ ਹੈ । ਮਾਂ ਨੂੰ ਕੀ ਕੁਝ ਕਰਨਾ ਤੇ ਕੀ ਕੁਝ ਜ਼ਰਨਾ ਪੈਂਦਾ ਹੈ ?

ਹਾਲੀਂ ਮੈਂ ਬੂਹੇ ਤੋਂ ਜ਼ਰਾ ਕੁ ਹੀ ਬਾਹਰ ਸਾਂ ਕਿ ਉਹ ਡਿਕਸ਼ਨਰੀ ਲੈ ਕੇ ਆ ਗਈ । ਉਸ ਨੇ ਖੁੱਲ੍ਹੀ ਡਿਕਸ਼ਨਰੀ ਦੇ ਇਕ ਸ਼ਬਦ 'ਤੇ ਉਂਗਲੀ ਰੱਖੀ ਹੋਈ ਸੀ । ਮੈਂ ਰੁਕ ਗਿਆ । ਉਸ ਨੇ ਆਪਣੀ ਉਂਗਲੀ ਦਾ ਦਾਇਰਾ ਜਿਹਾ ਬਣਾਇਆ, ਉਹੀ ਉਂਗਲੀ ਆਪਣੀ ਛਾਤੀ 'ਤੇ ਰੱਖੀ ਅਤੇ ਉਹੀ ਉਂਗਲੀ ਮੁੜ ਡਿਕਸ਼ਨਰੀ ਦੇ ਸ਼ਬਦ 'ਤੇ ਟਿਕ ਗਈ ।

ਸ਼ਬਦ ਵਲੋਂ ਨਜ਼ਰ ਭੁਆ ਮੈਂ ਉਹਦੀਆਂ ਅੱਖਾਂ ਵਲ ਤਕਿਆ । ਸਾਵਣ ਵੱਸਣ ਲੱਗਿਆ ਸੀ । ਡਿਕਸ਼ਨਰੀ ਇਕ ਪਾਸੇ ਰੱਖ ਉਹ ਆਪਣੇ ਹੱਥਾਂ ਨਾਲ ਹੀ ਹੰਝੂ ਪੂੰਝਣ ਲਗ ਪਈ । ਏਨੇ ਸੋਹਣੇ ਹੱਥ ! ਪਰ ਡਿਕਸ਼ਨਰੀ ਦੇ 'ਕੈਦੀ' ਸ਼ਬਦ ਵਾਂਗ ਕੈਦ ਹੋਏ ਹੋਏ ਹੱਥ ! ਕੀ ਇਹ ਉਹੀ ਮੈਕਸੀਕਨ ਹੱਥ ਹਨ ਜਿਹੜੇ ਭਾਵੇਂ ਪੱਥਰ ਤਰਾਸ਼ ਰਹੇ ਹੋਣ, ਚਾਂਦੀ ਘੜ ਰਹੇ ਹੋਣ, ਮਿੱਟੀ ਦੇ ਭਾਂਡੇ ਬਣਾ ਰਹੇ ਹੋਣ, ਜਾਂ ਗੁਲਦਸਤ ਗੁੰਦ ਰਹੇ ਹੋਣ, ਉਹ ਕਦੀ ਕੋਈ ਕੋਝੀ ਸਿਰਜਣਾ ਨਹੀਂ ਕਰ ਸਕਦੇ ? ਮੈਂ ਸੋਚਿਆ ਤੇ ਇਕ ਟਕ ਉਹਦੇ ਕੈਦੀ ਹੱਥਾਂ ਵਲ ਤਕਦਾ ਰਿਹਾ । ਜੀਅ ਤਾਂ ਇਹੀ ਕਰਦਾ ਸੀ ਕਿ ਸੀਲੀਆ ਦੇ ਕੈਦ ਹੋਏ ਕਰਾਮਾਤੀ ਹੱਥਾਂ ਵੱਲ ਤਕਦਾ ਹੀ ਰਹਾਂ । ਪਰ ਹੁਣ ਉਹਨੇ ਹੱਥ ਅੱਖਾਂ ਤੋਂ ਹਟਾ ਲਏ ਸਨ । ਸਾਵਣ ਥੰਮ ਗਿਆ ਸੀ ਪਰ ਦੋ ਹੰਝੂ ਹਾਲੀਂ ਵੀ ਉਹਦੀਆਂ ਪਲਕਾਂ 'ਤੇ ਲਟਕ ਰਹੇ ਸਨ ।

ਮੈਂ ਬਾਹਰ ਤੱਕਿਆ । ਵਿਸ਼ਾਲ ਅਕਾਸ਼ 'ਤੇ ਇਕ ਵੀ ਬੱਦਲ ਨਹੀਂ ਸੀ । ਤਾਰੇ ਗਗਨ-ਥਾਲ ਵਿਚ ਦੀਵਿਆਂ ਵਾਂਗ ਲਟ-ਲਟ ਕਰ ਰਹੇ ਸਨ ਤੇ ਕਿੰਨੇ ਸਾਰੇ ਸਵਿਮਿੰਗ-ਪੂਲ ਵਿਚ ਨੁਹਾਉਣ ਵੀ ਉਤਰ ਆਏ ਸਨ । ਜੀਅ ਤਾਂ ਇਹੀ ਕਰਦਾ ਸੀ ਕਿ ਇਸ ਰੱਬੀ-ਨੂਰ ਦਾ ਪਲ-ਪਲ, ਸਵਿਮਿੰਗ-ਪੂਲ ਵਿਚ ਛਾਲਾਂ ਮਾਰ-ਮਾਰ, ਮਾਣਿਆ ਜਾਵੇ ਪਰ ਸੀਲੀਆ ਦੇ ਦੋ ਹੰਝੂਆਂ ਨੇ ਸਭ ਕੁਝ ਕੀਲ ਲਿਆ ਸੀ । ਉਸ ਪਲ ਤਾਂ ਬੱਸ ਇਹੀ ਜਾਪਿਆ ਸੀ ਕਿ ਇਹ ਰੱਬੀ ਨੂਰ ਬੱਸ ਇਕ ਝੂਠ ਹੈ । ਸਿਰਫ ਸੀਲੀਆ ਦੀਆਂ ਪਲਕਾਂ 'ਤੇ ਲਮਕਦੇ ਦੋ ਹੰਝੂ ਹੀ ਸੱਚ ਹਨ ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਸਾਹਿਤਕ ਮੀਟਿੰਗ

ਅਗਲੀ ਮੀਟਿੰਗ 7 ਜਨਵਰੀ 1989 ਨੂੰ 4 ਵਜੇ

ਵੈਨਕੂਵਰ : 3 ਦਸੰਬਰ 1988 ਨੂੰ ਪੰਜਾਬੀ ਲੇਖਕ ਮੰਚ ਦੀ ਮੀਟਿੰਗ ਹੋਈ । ਪ੍ਰੋ: ਗੁਰਮੀਤ ਸਿੰਘ ਢੁੱਡੀਕੇ ਨੇ ਆਪਣਾ ਲੇਖ ਪੜ੍ਹਿਆ : 'ਗੁਰਬਾਣੀ ਦਾ ਮਨੁੱਖਵਾਦ' । ਗੁਰਚਰਨ ਰਾਮਪੁਰੀ ਨੇ ਕਵਿਤਾ ਪੜ੍ਹੀ : 'ਕੁਦਰਤ ਵਿਚ ਕੁਝ ਵੀ ਤਾਂ ਨਹੀਂ — ਅਕਾਰਨ' । ਮੰਗਾ ਸਿੰਘ 'ਬਾਸੀ' ਨੇ ਨਜ਼ਮ 'ਭਾਂਬੜ' ਸੁਣਾਈ । ਸਾਧੂ ਨੇ ਕਹਾਣੀ : 'ਫਾਰਮਰ ਜੈਰੀ' ਪੜ੍ਹੀ ਜਿਸ ਵਿਚ ਕੈਨੇਡਾ ਵਿਚਲੇ ਅਜੋਕੇ ਪੰਜਾਬੀ ਫਾਰਮਰ ਦੀ ਮਾਨਸਿਕਤਾ ਯਥਾਰਤਕ ਢੰਗ ਨਾਲ ਚਿਤਰੀ ਗਈ ਹੈ, ਨਾਲ ਹੀ ਫਾਰਮ ਵਿਚ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਜਥੇਬੰਦਕ ਘੋਲ ਦਾ ਵਰਨਣ ਹੈ ।

ਕਰਨੈਲ ਸਿੰਘ ਲੱਲੀ ਨੇ ਇਕ ਕਵਿਤਾ 'ਹੀਰ ਅਤੇ ਅਮਲੀ ਬੰਤਾ' ਅਤੇ ਇੰਦਰੇਸ਼ ਨੇ ਇਕ ਗ਼ਜ਼ਲ ਸੁਣਾਈ । ਰਚਨਾਵਾਂ ਉਤੇ ਚਰਚਾ ਵਿਚ ਬਲਦੇਵ ਦੂਹੜੇ, ਸੁਖਵੰਤ ਹੁੰਦਲ, ਗੁਰਚਰਨ ਟੱਲੇਵਾਲੀਆ, ਅਜਮੇਰ ਰੋਡੇ ਅਤੇ ਹੋਰ ਲੇਖਕਾਂ ਨੇ ਭਾਗ ਲਿਆ । ਪਰਮਿੰਦਰ ਸਿੰਘ ਅਤੇ ਗੁਰਚਰਨ ਸਿੰਘ ਟਿਵਾਣਾ ਐਬਟਸਫੋਰਡ ਮਹਿਮਾਨਾਂ ਵਜੋਂ ਸ਼ਾਮਿਲ ਹੋਏ ।

ਇੰਦਰੇਸ਼ ਨੇ ਆਪਣਾ ਨਵਾਂ ਗ਼ਜ਼ਲ-ਸੰਗ੍ਰਹਿ 'ਕੌੜਾ ਸ਼ਰਬਤ' ਮੰਚ ਨੂੰ ਭੇਂਟ ਕੀਤਾ । ਇਹ ਹੁਣੇ ਹੁਣੇ ਆਰਸੀ ਪਬਲਿਸ਼ਰਜ਼ ਨੇ ਪ੍ਰਕਾਸ਼ਿਤ ਕੀਤਾ ਹੈ ।

ਹੇਠ ਲਿਖੀਆਂ ਪ੍ਰਕਾਸ਼ਨਾਂ ਦਾ ਪਰੀਚਯ ਕਰਾਇਆ ਗਿਆ

- ਨਾਵਲਕਾਰ ਕੇਸਰ ਸਿੰਘ ਦਾ ਜੁਝਾਰ ਮਾਨਵਵਾਦ—ਜਸਬੀਰ ਕੇਸਰ
- ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ — ਕੇਸਰ ਸਿੰਘ ਕੇਸਰ
- ਪਛਾਣ — (ਕਹਾਣੀਆਂ) — ਮੋਹਨ ਭੰਡਾਰੀ
- Indian Literature — ਭਾਰਤੀ ਸਾਹਿਤ ਅਕਾਡਮੀ ।

ਕਵੀ ਸੰਤੋਖ ਸਿੰਘ ਧੀਰ ਸਹਾਇਤਾ ਟ੍ਰਸਟ ਫੰਡ ਲਈ ਕੁਝ ਹੋਰ ਲੇਖਕਾਂ ਵਲੋਂ ਫੰਡ ਦਿਤਾ ਗਿਆ, ਉਸ ਦਾ ਵੇਰਵਾ ਵੱਖਰਾ ਦਿਤਾ ਜਾ ਰਿਹਾ ਹੈ ।

ਗੁਰਚਰਨ ਰਾਮਪੁਰੀ ।

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਕਵੀ ਸੰਤੋਖ ਸਿੰਘ ਧੀਰ ਸਹਾਇਤਾ ਟ੍ਰਸਟ ਫੰਡ

ਮੁਹਿੰਦਰ ਸੂਮਲ	1000 ਰੁਪਏ
ਜੀਤ ਸਿੰਘ ਅਣਖੀ	1000 ਰੁਪਏ
ਗੁਰਚਰਨ ਰਾਮਪੁਰੀ	101 ਡਾਲਰ
ਮਾਤਾ ਬਚਨ ਕੌਰ ਰਾਮਪੁਰੀ	151 ਡਾਲਰ
ਅਜਮੇਰ ਰੋਡੇ/ਸੁਰਜੀਤ ਕਲਸੀ	50 ਡਾਲਰ
ਮੰਗਾ ਸਿੰਘ ਬਾਸੀ	50 ਡਾਲਰ
ਕਰਨੈਲ ਸਿੰਘ ਲੱਲੀ	25 ਡਾਲਰ
ਇੰਦਰੇਸ਼	50 ਡਾਲਰ
ਬਲਦੇਵ ਦੂਹੜੇ	50 ਡਾਲਰ
ਸੋਹਣ ਸੁਰਿੰਦਰ ਸਿੰਘ ਸੰਘਾ	1000 ਰੁਪਏ

ਬਾਕੀ ਲੇਖਕ ਅਤੇ ਹੋਰ ਸਾਹਿਤ ਪ੍ਰੇਮੀ ਹੇਠ ਲਿਖੇ ਸਿਰਨਾਮੇ/ਫੋਨ ਉਤੇ ਆਪਣੇ ਵਲੋਂ ਸਹਾਇਤਾ ਲਿਖਾ/ਭੇਜ ਸਕਦੇ ਹਨ । ਮੰਚ ਉਹਨਾਂ ਦਾ ਅਤੀ ਧੰਨਵਾਦੀ ਹੋਵੇਗਾ ।

1714 Draycott Road
North Vancouver, B.C. V7J 1W6
Ph. (604) 986-2883

ਇੱਲਾਂ ਨੇ ਹਵਾਈ ਜਹਾਜ਼ ਉਤਰਨ ਲਈ ਮਜਬੂਰ ਕੀਤਾ

ਬੰਗਲੌਰ — ਭਾਰਤ ਏਅਰਲਾਈਨਜ਼ ਦੇ ਇਕ ਹਵਾਈ ਜਹਾਜ਼ ਨੂੰ ਉਸ ਸਮੇਂ ਉਤਰਨਾ ਪਿਆ ਜਦ ਹਵਾਈ ਜਹਾਜ਼ ਦੇ ਸ਼ੀਸ਼ਿਆਂ ਵਿਚ ਇੱਲਾਂ ਆ ਵੱਜੀਆਂ । ਇਹ ਫਲਾਈਟ ਬੰਬਈ ਤੋਂ ਬੰਗਲੌਰ ਜਾ ਰਹੀ ਸੀ । ਪਾਇਲਟ ਨੇ ਜਹਾਜ਼ ਨੂੰ ਥੱਲੇ ਉਤਾਰ ਲਿਆ ।

ਇੱਲਾਂ ਕਾਰਨ ਕਈ ਘੰਟੇ ਬੰਬਈ ਤੇ ਬੰਗਲੌਰ ਵਿਚਕਾਰ ਹਵਾਈ ਉਡਾਣਾਂ ਬੰਦ ਰਹੀਆਂ ।

ਉਤਰੀ ਭਾਰਤ 'ਚ ਭੁਚਾਲ ਦਾ ਖਤਰਾ

ਪੂਨੇ : ਇਥੇ ਸਾਇੰਸਦਾਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਉਤਰੀ ਭਾਰਤ ਵਿਚ ਕਿਸੇ ਸਮੇਂ ਵੀ ਭੁਚਾਲ ਆ ਸਕਦਾ ਹੈ । ਸਾਇੰਸਦਾਨਾਂ ਦਾ ਕਹਿਣਾ ਹੈ ਕਿ ਖਾਸਕਰ ਹਿਮਾਲੀਆ-ਵਰਤੀ ਹਿੱਸੇ ਵਿਚ ਭਾਰੀ ਜਲਜ਼ਲੇ ਜਾਂ ਭੁਚਾਲ ਦਾ ਵੱਡਾ ਖਤਰਾ ਹੈ ।


ਭਾਰਤ ਵਿਚ ਪਹਿਲਾਂ ਵੀ ਬਿਹਾਰ ਅਤੇ ਆਸਾਮ ਵਿਚ ਭੁਚਾਲ ਆ ਚੁਕੇ ਹਨ ।

Two income families.

Will your lifestyle survive on one income?
Ask about a new life insurance policy that will provide your spouse with an income which increases annually to help offset inflation.

SATISH KUMAR B.A., LL.B.
Ph. 681-5321, Res. 594-2598
500 One Bentall Centre
505 Burrard St.
Vancouver, B.C. V7X 1B2.

SunLife OF CANADA




PAUL'S PLUMBING, ELECTRICAL & HEATING SUPPLY


Plumbing & Bathroom Fixtures & Supplies
Hot Water Tanks
Hot Water Heating & Supplies And Instalations

We cut and thread galvanized pipe
We Cut keys also.

"Free customer parking at rear"

4578 Main St., At 30th Ave., Vancouver, B.C.
OPEN SUNDAYS
Sales: 872-3118
Service: 872-7227
HINDI, Punjabi Spoken





ਸੰਤੋਖ ਸਿੰਘ ਧੀਰ ਦਾ ਜਨਮ ਦਿਨ 'ਤੇ ਸਨਮਾਨ

ਚੰਡੀਗੜ੍ਹ — ਸਥਾਨਕ ਗੌਰਮਿੰਟ ਆਰਟ ਮਿਊਜ਼ੀਅਮ ਵਿਖੇ ਪੰਜਾਬੀ ਦੇ ਪ੍ਰਸਿੱਧ, ਸਥਾਪਤ ਤੇ ਹਰਮਨ ਪਿਆਰੇ ਸ਼ਾਇਰ, ਕਹਾਣੀਕਾਰ ਤੇ ਨਾਵਲਕਾਰ ਸੰਤੋਖ ਸਿੰਘ ਧੀਰ ਦੇ 68ਵੇਂ ਜਨਮ ਦਿਨ ਦੇ ਮੌਕੇ ਉਤੇ ਲੇਖਕ ਭਲਾਈ ਟਰਸਟ ਵਲੋਂ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦਾ ਆਰੰਭ ਕੇਵਲ ਮਾਣਕਪੁਰੀ ਨੇ ਆਪਣੇ ਇਕ ਗੀਤ ਨਾਲ ਕੀਤਾ। ਇਸ ਉਪਰੰਤ ਪ੍ਰੋ: ਐਮ ਸੀ ਭਾਰਦਵਾਜ, ਹੋਰ ਪਤਵੰਤੇ ਵਿਅਕਤੀਆਂ ਤੇ ਲੇਖਕਾਂ ਨਾਲ ਬਗਲਗੀਰ ਸੰਤੋਖ ਸਿੰਘ ਧੀਰ ਨੇ ਜਦੋਂ ਹਾਲ 'ਚ ਪ੍ਰਵੇਸ਼ ਕੀਤਾ ਤਾਂ ਹਾਲ 'ਚ ਹਾਜ਼ਰ ਲੇਖਕਾਂ ਤੇ ਧੀਰ ਦੇ ਪ੍ਰਸ਼ੰਸਕਾਂ ਵਲੋਂ ਖੜ੍ਹੇ ਹੋ ਕੇ ਭਰਪੂਰ ਤਾਲੀਆਂ ਨਾਲ ਸੁਆਗਤ ਕੀਤਾ ਗਿਆ।

ਪ੍ਰੋ: ਐਮ. ਸੀ. ਭਾਰਦਵਾਜ ਦੇ ਯਤਨਾਂ ਨਾਲ ਹੋਂਦ 'ਚ ਆਏ ਇਸ ਟਰਸਟ ਦਾ ਮਨੋਰਥ ਲੇਖਕਾਂ ਨੂੰ ਉਤਸ਼ਾਹਤ ਕਰਨਾ ਹੈ। ਪ੍ਰੋ: ਭਾਰਦਵਾਜ ਨੇ ਸੰਤੋਖ ਸਿੰਘ ਧੀਰ ਬਾਰੇ ਸੁਆਗਤੀ ਸ਼ਬਦ ਆਖਦਿਆਂ ਐਲਾਨ ਕੀਤਾ ਕਿ ਅਗਲੇ ਵਰ੍ਹੇ ਇਕ ਦੀ ਥਾਂ ਦੋ ਸਾਹਿਤਕਾਰਾਂ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਸਨਮਾਨਿਆ ਜਾਵੇਗਾ।

ਹਰਿਆਣਾ ਹੈਂਡਲੂਮ ਐਂਡ ਐਕਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਚੌਧਰੀ ਪ੍ਰਤਾਪ ਸਿੰਘ (ਸਪੁੱਤਰ ਚੌਧਰੀ ਦੇਵੀ ਲਾਲ) ਨੇ ਵੀ 1100 ਰੁਪਏ ਆਪਣੇ ਵੱਲੋਂ ਦਿੱਤੇ।

ਪ੍ਰਭਾਤ ਫਾਈਨਾਂਸ ਅੰਮ੍ਰਿਤਸਰ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਆਰ ਐਸ ਢਿਲੋਂ ਨੇ ਟਰਸਟ ਨੂੰ ਅੱਠ ਹਜ਼ਾਰ ਰੁਪਏ ਸਹਾਇਤਾ ਵਜੋਂ ਦਿੱਤੇ ਤੇ ਅੱਗੋਂ ਲਈ ਵੀ ਟਰਸਟ ਨੂੰ ਮੱਦਦ ਦੇਣ ਦਾ ਭਰੋਸਾ ਦੁਆਇਆ।

ਸੰਪਾਦਕ 'ਪੰਜਾਬੀ ਟ੍ਰਿਬਿਊਨ' ਸ੍ਰੀ ਹਰਭਜਨ ਸਿੰਘ ਹਲਵਾਰਵੀ ਨੇ ਸੰਤੋਖ ਸਿੰਘ ਧੀਰ ਦੀ ਪ੍ਰਤਿਭਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੰਤੋਖ ਸਿੰਘ ਧੀਰ ਪੰਜਾਬੀ ਦਾ ਸਥਾਪਤ ਲੇਖਕ ਹੈ। ਕਵੀ ਤੇ ਕਹਾਣੀਕਾਰ ਵਜੋਂ ਸਮਕਾਲੀ ਸਾਹਿਤ ਦਾ ਵਿਲੱਖਣ ਹਸਤਾਖਰ ਹੈ।

ਪ੍ਰੋ: ਕਿਰਪਾਲ ਸਿੰਘ ਕਸੇਲ, ਜਿਨ੍ਹਾਂ ਇਸ ਸਮਾਗਮ ਦੀ ਪ੍ਰਧਾਨਗੀ ਵੀ ਕੀਤੀ, ਨੇ ਸੰਤੋਖ ਸਿੰਘ ਧੀਰ ਨੂੰ 6800 ਰੁਪਏ ਦੀ ਥੈਲੀ ਭੇਟ ਕੀਤੀ। ਕਬੀਰ ਪੁਰਸਕਾਰ ਪ੍ਰਾਪਤ ਡਾ. ਹਰਿਭਜਨ ਸਿੰਘ ਨੇ ਬਹੁਤ ਹੀ ਨਿਰਮਾਣਤਾ ਤੇ ਨਿੱਘ ਭਰੇ ਬੋਲਾਂ ਨਾਲ ਸੰਤੋਖ ਸਿੰਘ ਧੀਰ ਦੀ ਅਦਬੀ ਸ਼ਖਸੀਅਤ ਤੇ ਲੇਖਣੀ ਦੀ ਸਰਾਹਣਾ ਕਰਦਿਆਂ ਕਿਹਾ ਕਿ ਸੰਤੋਖ ਸਿੰਘ ਧੀਰ ਮੇਰੇ ਨਾਲੋਂ ਸੀਨੀਅਰ ਲੇਖਕ ਹਨ। ਮੈਂ ਸੰਤੋਖ ਸਿੰਘ ਧੀਰ ਦੀ ਲੇਖਣੀ 'ਚੋਂ ਬਹੁਤ ਕੁਝ ਲਿਆ ਹੈ। ਡਾ. ਹਰਿਭਜਨ ਸਿੰਘ ਦੇ ਸ਼ਬਦਾਂ 'ਚ ਸੰਤੋਖ ਸਿੰਘ ਧੀਰ ਦੇ ਹਸਤਾਖਰ ਨੂੰ ਮਾਨਤਾ ਦੇਣਾ ਵੀ ਕਿਸੇ ਵਿਸ਼ੇਸ਼ ਸਨਮਾਨ ਤੇ ਪੁਰਸਕਾਰ ਤੋਂ ਘੱਟ ਗੱਲ ਨਹੀਂ।

ਇਸ ਲੇਖਕ ਭਲਾਈ ਟਰਸਟ ਨੇ ਜਦ ਸੰਤੋਖ ਸਿੰਘ ਧੀਰ ਦੇ 68 ਵਰ੍ਹਿਆਂ ਨਾਲ 6800 ਜੋੜਨ ਦੀ ਗੱਲ ਕੀਤੀ ਤਾਂ ਸੰਤੋਖ ਸਿੰਘ ਧੀਰ ਦੀਆਂ ਅੱਖਾਂ ਮੁਸਕਰਾਈਆਂ ਤੇ ਕਿਹਾ ਕਿ ਮੈਂ ਅਜੇ 68 ਵਰ੍ਹਿਆਂ ਦਾ ਕਿਥੇ ਲਗਦਾ ਹਾਂ।

ਅੰਤ ਵਿਚ ਸੰਤੋਖ ਸਿੰਘ ਧੀਰ ਨੇ ਇਸ ਸਨਮਾਨ ਨੂੰ ਸਵੀਕਾਰਦਿਆਂ ਸ਼ੁਕਰਾਨੇ ਵਜੋਂ ਚੰਦ ਸ਼ਬਦ ਕਹੇ।



ਦਰਸ਼ਨ ਸਿੰਘ ਉੱਪਲ

ਦਰਸ਼ਨ ਸਿੰਘ ਉੱਪਲ ਵਲੋਂ
ਆਪਣੇ ਦੋਸਤਾਂ, ਮਿੱਤਰਾਂ ਤੇ ਕਲਾਇੰਟਸ ਨੂੰ
ਨਵਾਂ ਸਾਲ ਮੁਬਾਰਕ!

Ph. Off. 590-3231
ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :
Res. 594-8758

L/R LAKEVIEW REALTY LTD. DELTA 590-3231
7909 SCOTT RD., DELTA, B.C. V4C 6P6

ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
ਮੋਨੀਕਾ ਵੀਡੀਓ
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
ਫੋਨ ਕਰੋ : ਪਾਲ ਮੋਦਗਿੱਲ
627-1637


A.M.C. Carpet Ltd.

Unit 8 - 12950 - 80th Ave. Surrey, B.C.
Carpet-Vinyl-Hardwood
All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment

Off. 594-6141
Res. 594-7595
Pager 680-0214



AMARJIT SINGH CHAHAL

To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA


Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਖ਼ੂਨ ਕੇ ਸੋਹਿਲੇ

(ਖ਼ੂਨ ਕੇ ਸੋਹਲੇ ਗਾਵੀਅਹਿ ਨਾਨਕ ਰਤ ਕਾ ਕੁੰਗੂ ਪਾਇ ਵੇ ਲਾਲੋ)

ਪ੍ਰਿੰ: ਦਲੀਪ ਸਿੰਘ ਉੱਪਲ, ਸਰੀ



ਅੱਜ ਨਭਾਗਾ ਅਫਗਾਨਸਤਾਨ ਜਲ ਰਿਹਾ ਹੈ, ਕਾਬੁਲ ਬਲ ਰਿਹਾ ਹੈ, ਕੰਧਾਰ ਸੜ ਰਿਹਾ ਹੈ। ਦੇਸ਼ ਦੀ ਕੰਨੀ ਕੰਨੀ ਉਚੇਰੀਆਂ ਉਚੇਰੀਆਂ ਤੇ ਲਟ ਲਟ ਕਰਦੀਆਂ ਲਾਟਾਂ ਦੀ ਲਪੇਟ ਵਿਚ ਲਿਪਟੀ ਹੋਈ ਹੈ। ਆਪਦੇ ਹਤਿਆਰੇ ਤੇ ਪਾਪੀ ਪਿਤਾ ਪਿਤਾਵਾਂ ਦੇ ਕੀਤੇ ਹੋਏ ਇਨਸਾਨੀਅਤ ਸੋਜ਼ (ਮਾਨਵਤਾ—ਮਿਟਾਊ) ਪਾਪਾਂ ਦੇ ਖਮਿਆਜ਼ੇ ਉਹਨਾਂ ਦੀ ਨਭਾਗੀ ਔਲਾਦ ਭੁਗਤ ਰਹੀ ਹੈ। ਫਾਰਸੀ ਭਾਸ਼ਾ ਦੇ ਇਹ ਅਣਮੁੱਲੇ ਵਾਕ ਉਹਨਾਂ ਦੀ ਦਸ਼ਾ ਨੂੰ ਚਿਤਰ ਰਹੇ ਹਨ :

ਅਜ਼ ਮੁਕਾਫਾਤੇ ਆਲਮ ਗਾਫਲ ਮਸ਼ੌ ॥
ਗੰਦਮ ਜੇ ਗੰਦਮ ਬਰੋਇਦ ਜੌਂ ਜ਼ੇ ਜੌਂ ।

(ਸੰਸਾਰ ਦੇ ਭੁਗਤਾਨਾ ਤੋਂ ਗਾਫਲ ਨਾ ਹੋ। ਕਣਕ ਤੋਂ ਕਣਕ ਉਪਜ਼ਦੀ ਹੈ ਤੇ ਜਵਾਂ ਤੋਂ ਜੌਂ ਉਗਮਦੇ ਨੇ)

ਇਕ ਗੱਲ ਅਟੱਲ ਸਚਾਈ ਹੈ ਤੇ ਰੱਬਾਨੀ ਨਿਯਮ ਹੈ। ਵਿਸ਼ਵ ਦੇ ਸਮੂੰਹ ਜੀਵ ਇਸਦੀ ਵਲਗਣ ਵਿਚ ਵਲੇ ਹੋਏ ਨੇ।

ਹਿੰਦ ਦੀ ਤਵਾਰੀਖ ਉਚਾਨਾਂ ਨਿਚਾਨਾਂ, ਅਰੂਜਾਂ ਜਵਾਲਾਂ, ਸੁਖਾਂਤਾਂ ਦੁਖਾਂਤਾਂ ਤੇ ਜਿੱਤਾਂ ਹਾਰਾਂ ਦੀਆਂ ਘਟਨਾਵਾਂ ਨਾਲ ਅਟੀ ਪਈ ਹੈ। ਇਸਦੀ ਰਾਜਧਾਨੀ, ਦਿੱਲੀ, ਇਕ ਹੈਂਸਿਆਰੀ ਮਾਂ ਹੈ ਜਿਸਨੇ ਆਪ ਅਨੇਕਾਂ ਹੀ ਪੁੱਤਰਾਂ ਤੇ ਪੁਤਰੀਆਂ ਦੇ ਰੱਤ ਡੀਕਾਂ ਲਾਕੇ ਪੀਤੇ ਹਨ ਤੇ ਮਨੁੱਖਾਂ ਤੇ ਇਸਤਰੀਆਂ ਦੀਆਂ ਖ਼ੂਹਣੀਆਂ ਹੀ ਖ਼ੂਹਣਆਂ ਹੀ ਖਪਾਈਆਂ ਹਨ । ਇਹ ਕਿਸੇ ਦਾ ਲਿਹਾਜ ਨਹੀਂ ਰਖਦੀ ਤੇ ਨ ਹੀ ਕਿਸੇ ਤੇ ਪੰਘਰਦੀ ਹੈ। ਵਤਨਪ੍ਰਸਤ ਕਵੀ ਨਜਾਬਤ ਇਸ ਘਟਨਾ ਨੂੰ ਇੰਜ ਅੰਕਤ ਕਰਦਾ ਹੈ :

ਦਿੱਲੀ ਹੈਂਸਿਆਰੀਏ, ਰੱਤ ਬੜੀ ਲਵਾਈ ।
ਤੂੰ ਰੱਜ ਖਾਏਂ ਰੱਤ ਪੁੱਤਰਾਂ ਜਿਉਂ ਬਕਰ ਕਸਾਈ ।
ਤੂੰ ਆਣ ਖਪਾਈਆਂ ਖ਼ੂਹਣੀਆਂ ਤੈਨੂੰ ਤਰਸ ਨ ਕਾਈ ।

ਉਪਰਲੀਆਂ ਸਤਰਾਂ ਵਿਚ ਹਿੰਦੀਆਂ ਦੀ ਦੁਖਿਆਰੀ ਦਾਸਤਾਨ ਬੰਦ ਹੈ। ਇਕ ਕਰੁਣਾਮਈ ਹਕਾਇਤ ਦਾ ਸਹੀ ਉਲੀਕਿਆ ਹੋਇਆ ਚਿਤਰ ਹੈ।

ਸੋਹਲਵੀਂ ਸਦੀ ਹਿੰਦਵਾਸੀਆਂ ਲਈ ਇਕ ਭਾਵੀਆਂ-ਭਰੀ, ਕਸ਼ਟਾਂ ਨਾਲ ਓਤ ਪੋਤ ਤੇ ਜਲਾਲਤਾਂ ਭਰੀ ਸਦੀ ਸੀ। ਅਥਾਹ ਬਿਪਤਾਵਾਂ ਦੇ ਪਹਾੜ ਹਿੰਦ ਤੇ ਟੁਟ ਪਏ ਸਨ। ਬੇਪਨਾਹ ਖੁਆਰੀਆਂ ਨੇ ਇਸ ਨੂੰ ਜਲੀਲ ਕਰ ਦਿੱਤਾ ਸੀ। ਦਿੱਲੀ ਦੇ ਹਾਕਮ ਨੌਸ਼ਰਣਾ ਦੇ ਅਣਮੋਲ ਵਾਕਾਂ ਨੂੰ ਵਿਸਾਰ ਚੁਕੇ ਸਨ ਜਿਹੜੇ ਵਾਕਾਂ ਨੂੰ ਪਾਤਸ਼ਾਹ ਨੌਸ਼ਰਣਾਂ ਨੂੰ ਆਪਦੇ ਪੁੱਤਰ ਹੁਰਮਜ਼ ਨੇ ਆਪਣੀ ਮ੍ਰਿਤੂ ਦੇ ਸਮੇਂ ਆਖੇ ਸਨ :

ਕਹਿੰਦੇ ਨੇ ਨੌਸ਼ਰਣਾਂ ਮਰਦੇ ਸਮੇਂ ਨਰੇਸਾਂ
ਹੁਰਮਜ ਆਪਦੇ ਪੁਤਰ ਨੂੰ ਦਿੱਤਾ ਇਹ ਉਪਦੇਸ਼
ਰੱਖ ਗਰੀਬਾਂ ਵੱਲ ਤੂੰ ਧਿਆਨ ਸਦਾ ਦਿਨ ਰਾਤ ।
ਰਖ ਨਾ ਆਪਣੀ ਦੇਹ ਦੀ ਚਿੰਤਾ ਦਿਲ ਵਿਚ ਤਾਤ ।
ਰਾਜਾ ਬ੍ਰਿਛ ਸਮਾਨ ਹੈ ਪਰਜਾ ਮੂਲ ਸਮਾਨ ।
ਅਟੱਲ ਰਹੇ ਤਦ ਹੀ ਬ੍ਰਿਛ ਮੂਲ ਰਹੇ ਬਲਵਾਨ ।

ਪਰਜਾ ਦੀ ਖੁਸ਼ਹਾਲੀ, ਉਹਨਾਂ ਦੀ ਬਿਹਤਰੀ ਹੈ ਉਹਨਾਂ ਦੀ ਰੱਖਿਆ, ਇਕ ਪਾਤਸ਼ਾਹ ਦੇ ਅਵੱਸ਼ਕ ਗੁਣ ਨੇ। ਪਰ ਦਿੱਲੀ ਦੇ ਰਾਜਿਆਂ ਨੂੰ ਤਾਂ ਆਪਣੇ ਕਰਤੱਵ ਭੁੱਲ ਚੁਕੇ ਸਨ। ਉਹਨਾਂ ਨੂੰ ਇਹ ਸ਼ਿਅਰ ਜੀਵਨ ਦੇ ਨਾਖੁਦਾ ਤੇ ਰਹਿਨੁਮਾ ਬਣਕੇ ਉਭਰ ਪਏ ਸਨ —

ਬਾਬਰ ਬਹ ਐਸ਼ ਕੋਸ਼ ।
ਕਿ ਆਲਮ ਦੁਬਾਰਾ ਨੇਸਤ ।

ਬਾਬਰ ਐਸ਼ ਕਰੀ ਜਾ ਤੇ ਐਸ਼ ਕਰੀ ਜਾ ਕਿ ਕਿਸੇ ਨੂੰ ਦੁਨੀਆਂ ਮੁੜ ਨਹੀਂ ਮਿਲਣੀ। ਦਿੱਲੀ ਦਾ ਸ਼ਾਹੀ ਦਰਬਾਰ ਐਸ਼ਵਰਜ਼ਾਂ ਦੇ ਕੇਂਦਰ ਬਣ ਉਠਿਆ। ਨਾਚਾਂ, ਨਾਟਾਂ ਤੇ ਮੁਜ਼ਰਿਆਂ ਦਾ ਇਹ ਪੰਘੂੜਾ ਚੰਮ ਖੁਸ਼ੀਆਂ ਦੇ ਮਾਨਣ ਦਾ ਇਕ ਮਾਅਦਮ ਬਣ ਗਿਆ। ਸ਼ਰਾਬ ਦੇ ਦੌਰ ਚਲਦੇ ਰਹੇ ਤੇ ਚਲਦੇ ਰਹੇ। ਬਾਬਾ ਜੀ ਇਸ ਮੰਦਭਾਗੀ ਘਟਨਾ ਨੂੰ ਇੰਜ ਉਲੀਕਦੇ ਹਨ —

ਸ਼ਾਹਾ ਸੁਰਤ ਗਵਾਈਆ ਰੰਗ ਤਮਾਸ਼ੇ ਚਾਇ ॥
ਬਾਬਰ ਬਾਣੀ ਫਿਰ ਗਈ, ਕੁਇਰੁ ਨ ਰੋਟੀ ਖਾਇ ॥

ਮੁੱਢ ਕਦੀਮਾਂ ਤੋਂ ਹੀ ਹਿੰਦ ਦੀ ਰੰਗੀਨੀਆਂ ਨੇ ਬਦੇਸ਼ੀ ਹਮਲਾਵਰਾਂ ਨੂੰ ਆਪਣੀ ਆਕਰਸ਼ਨ ਸ਼ਕਤੀ ਨਾਲ ਆਪਦੇ ਵੱਲ ਧਰੂਹਿਆ ਹੈ। ਇਸ 'ਸੋਨੇ ਦੀ ਚਿੜੀ' ਤੇ ਅਨੇਕਾਂ ਬਾਜ਼ ਝਪਟੇ ਤੇ ਤੇ ਇਸ ਸੋਨੇ ਦੇ ਭੰਡਾਰਾਂ ਤੇ ਚਾਂਦੀ ਦੇ ਅੰਬਹਰਾਂ ਨੂੰ ਆਪਦੀ ਹਵਸ ਦਾ ਨਿਸ਼ਾਨਾ ਬਣਾਇਆ ਹੈ। ਇਸਦੇ ਉਚੇਚੇ ਤੇ ਚੌਰੇੜੇ ਚੌਰੇੜੇ ਪਰਬਤ, ਇਸਦੀਆਂ ਬਰਫਾਂ ਨਾਲ ਕੱਜੀਆਂ ਚੋਟੀਆਂ, ਇਸਦੀਆਂ ਦਿਲ-ਕਸ਼ ਤੇ ਸਵਰਗ-ਰੂਪੀ ਵਾਦੀਆਂ ਨੇ ਸੈਲਾਨੀਆਂ ਤੇ ਲੁਟੇਰਿਆਂ ਨੂੰ ਆਪਣੇ ਵੱਲ ਖਿਚ ਲਿਆ। ਕਸ਼ਮੀਰ ਦੀ ਵਾਦੀ ਧਰਤੀ ਤੇ ਉਤਰਿਆ ਹੋਇਆ ਇਕ ਸਵਰਗ ਸੀ :

ਗਰ ਬਰ ਰੂਦੇ ਜ਼ਮੀਨ ਬਹਿਸ਼ਤ ਅਸਤ ।
ਹਮੀ ਅਸਤੋਂ, ਹਮੀ ਅਸਤੋਂ, ਹਮੀ ਅਸਤ ।

ਜੇਕਰ ਧਰਤੀ ਦੇ ਤਲ ਤੇ ਕੋਈ ਸਵਰਗ ਹੈ ਤਾਂ ਇਹੀ ਹੈ, ਇਹੀ ਹੈ ਤੇ ਏਹੀ ਹੈ। ਹਿੰਦ ਦੇ ਲੰਮੇਰੇ ਲੰਮੇਰੇ ਤੇ ਚੁਰੇੜੇ ਚੁਰੇੜੇ ਵਿਸ਼ਾਲ ਮੈਦਾਨ, ਜਿਹੜੇ ਸੋਨਾ ਤੇ ਚਾਂਦੀ ਉਗਲਦੇ ਸਨ ਮੁਲਗੀਰੀ ਦੇ ਹਵਸ ਨਾਲ ਮਾਰੇ ਹੋਏ ਬੰਦਿਆਂ ਨੂੰ ਸੈਨਤਾਂ ਨਾਲ ਬੁਲਾ ਰਹੇ ਸਨ। ਇਥੋਂ ਦੇ ਦੇਸ਼ ਧਰੋਹੀਆਂ, ਸੁਗੰਧਤ ਸੁੰਦਰਤਾਵਾਂ ਤੇ ਲੋਕਾਂ 'ਚ ਪਸਰੀ ਹੋਈ ਕਾਇਰਤਾ ਲੁਟੇਰਿਆਂ ਨੂੰ ਹਮਲਾ ਕਰਨ ਲਈ ਉਤਸ਼ਾਹਤ ਕਰ ਰਹੇ ਸਨ।

ਬਾਬਰ ਦੀ ਮੁਲਕਗੀਰੀ ਦੀ ਹਵਸ ਨੇ ਅੰਤਮ ਸਿਖਰਾਂ ਛੋਹ ਲਈਆਂ ਸਨ। ਆਪ ਦੇ ਮੁਲਕ ਦੇ ਆਲੇ ਦੁਆਲੇ ਦੇ ਦੇਸ਼ਾਂ ਨੂੰ ਜਿੱਤਕੇ, ਬਾਬਰ ਨੇ ਹਿੰਦ ਵੱਲ ਰੁਖ ਕੀਤਾ ਤੈਂ ਕੀ ਦਰਦ ਨ ਆਇਆ ਦੀ ਕਰੁਣਾਮਈ ਬਾਣੀ ਵਿਚ ਬਾਬਾ ਜ਼ੀ ਨੇ ਮੁਗਲਈ ਫੌਜ ਦੀ ਬਰਾਬਰਤਾ, ਵਿਆਪਕ ਬਰਬਾਦੀ, ਤੇ ਉਸਦੀ ਅਪਾਰ ਸ਼ਕਤੀ ਨੂੰ ਇਕ 'ਸਕਤੇ ਸ਼ੀਂਹ' ਦੇ ਸਮਾਨ ਉਪਮਾਵਿਆ ਹੈ। ਦਿੱਲੀ ਦੀ ਸੈਨਾ 'ਗਊਆਂ ਦਾ ਵੱਗ' ਸੀ। ਦੋਹਾਂ ਧਿਰਾਂ ਦਾ ਟਾਕਰਾ ਅਮੇਚਵਾ ਸੀ। ਮੁਗਲ ਮੌਤ ਦੇ ਯਮ ਸਨ। ਅਜ਼ਲ ਦੇ ਫਰਿਸ਼ਤੇ ਸਨ। ਉਹਨਾਂ ਤਰਥਲੀ ਮਚਾ ਕੇ ਰੱਖ ਦਿੱਤੀ। ਚੁਪਾਸ਼ੀਂ ਲੋਥਾਂ ਹੀ ਲੋਥਾਂ ਸਨ। ਹਿੰਦ 'ਮਾਸਪੁਰੀ' ਤਥਾਂ ਲਾਸ਼ਾਂ ਦੀ ਧਰਤੀ ਹੋ ਉਤਰੀ। ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ। ਪਰ ਸ੍ਰਿਸ਼ਟੀ ਦਾ ਰਚਨਹਾਰਾ — ਖਸਮੇ ਬੜੀ ਬੇਧਿਆਨੀ ਨਾਲ ਇਸ ਖ਼ੂਨੀ ਦ੍ਰਿਸ਼ ਨੂੰ ਤੱਕੀ ਜਾ ਰਿਹਾ ਸੀ ਤੇ ਤੱਕੀ ਜਾ ਰਿਹਾ ਸੀ ਨਾਨਕ ਜੀ ਦਰਦਾਂ-ਭਰੀ, ਪੀੜਾਵਾਂ ਨਾਲ ਓਤ ਪੋਤ ਬਾਣੀ ਵਿਚ ਇਸ ਘਨਾਉਣੀ ਹਾਲਤ ਨੂੰ ਇੰਜ ਬਿਆਨਦੇ ਹਨ —

ਖੁਰਾਸਾਨ ਖੁਸਮਾਨਾ ਕੀਆ, ਹਿੰਦੁਸਤਾਨ ਡਰਾਇਆ ।
ਆਪੇ ਦੋਸ਼ ਨ ਦੇਈ ਕਰਤਾ, ਜਮੁ ਕਰਿ ਮੁਗਲ ਚੜਾਇਆ
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨ ਆਇਆ ।
ਤੂੰ ਕਰਤਾ ਸਭਨਾਂ ਕਾ ਸੋਈ ।
ਜੇ ਸਕਤਾ ਸਕਤੇ ਕਉ ਮਾਰੇ ।
ਤਾਂ ਮਨਿ ਰੋਸ ਨ ਹੋਈ । ਰੁਹਾਉ ।
ਸਕਤਾ ਸ਼ੀਂਹ ਮਾਰੇ ਪੈ ਵਗੈ ।
ਖਸਮਾਂ ਸਾ ਪੁਰਸਾਈ ॥
ਰਤਨ ਵਿਗਾੜ ਵਗੋਈ ਕੁਤੀਂ, ਮੁਇਆ ਸਾਰ ਨ ਕਾਤੀ ।

ਪਰ ਹਿੰਦਵਾਸੀਆਂ ਨੂੰ ਤਾਂ ਆਪਣੇ ਬਦ ਆਮਾਲ ਦਾ ਫਲ ਮਿਲ ਰਿਹਾ ਸੀ। ਪਰ ਜਿਹੜੀ ਬਦਹਾਲੀ, ਰੁਸਵਾਈ ਤੇ ਜਲਾਲਤ ਦਾ ਸਾਹਮਣਾ ਹਿੰਦੀ ਇਸਤਰੀ ਕਰ ਰਹੀ ਸੀ ਉਸਨੂੰ ਚਿਤਰਨਾ ਸ਼ਬਦਾਂ ਦੀ ਸ਼ਕਤੀ ਤੋਂ ਬਾਹਰ ਸੀ। ਪਰ ਇਹ ਤਾਂ ਪ੍ਰਭੂ ਦੀ ਕਰਾਮਾਤ ਦੇ ਕ੍ਰਿਸ਼ਮੇ ਸਨ।

ਆਦੇਸ਼ ਬਾਬਾ ਆਦੇਸ਼ ।
ਆਦਿ ਪੁਰਖ ਤੇਰਾ ਅੰਤੁ ਨ ਪਾਇਆ ।
ਕਰਿ ਕਰਿ ਦੇਖੋ ਵੇਸੁ ॥

ਸਿਰਾਂ ਤੇ ਸ਼ਿਗਾਰਾਂ-ਲਦੀਆਂ ਚੀਰਨੀਆਂ, ਸੰਧੂਰ ਨਾਲ ਰੰਗੀਆਂ ਹੋਈਆਂ ਮਾਂਗਾਂ, ਸਭ ਉਡ ਪੁਡ ਗਈਆਂ। ਪਾਪੀ ਫੌਜ ਨੂੰ ਉਹਨਾਂ ਨੂੰ ਸਦਾ ਸਦਾ ਲਈ ਮਿਟਾ ਦਿੱਤਾ ਸ਼ਗਨਾਂ ਨਾਲ ਰਚਾਏ ਗਏ ਨਿਕਾਹਾਂ ਤੇ ਸ਼ਾਦੀਆਂ ਸਭ ਨੂੰ ਮੇਸ ਦਿੱਤਾ। ਹੁਣ ਉਹਨਾਂ ਦੇ ਬਹੁਮੁਲੇ ਕੀਮਤੀ ਜੇਵਰ ਲੁਟ ਲਏ ਗਏ। ਮੋਤੀ ਗਏ ਤੇ ਮੋਤੀਆਂ ਦੀਆਂ ਮਾਲਾਵਾਂ ਵੀ ਗਈਆਂ। ਹੁਣ ਉਹਨਾਂ ਦੀ ਥਾਂ ਮੁਗਲਈ ਲੁਟੇਰਿਆਂ ਨੇ ਸੁੰਦਰੀਆਂ ਦੀਆਂ ਗਰਦਨਾਂ ਵਿਚ ਰੱਸੀਆਂ ਪਾਈਆਂ ਹੋਈਆਂ ਸਨ।

ਧਨ ਜੋਬਨ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥
ਦੂਤਾਂ ਨੂੰ ਫੁਰਮਾਇਆ ਲੈ ਚਲੇ ਪਤ ਗਾਗਾਇ ।

ਬਾਬਰ ਦੇ ਹੱਲੇ ਨੇ ਤਰਥਲੀ ਮਚਾ ਦਿੱਤੀ। ਨਾ ਨਮਾਜ਼ ਗੁਜ਼ਾਰਿਆ ਗਿਆ। ਨ ਪੂਜਾਵਾਂ ਕੀਤੀਆਂ ਗਈਆਂ। ਨਾ ਅਸਮਤ ਰਹੀ ਨਾ ਹੀ ਸ਼ੁਧਤਾ ਰਹੀ। ਇਹ ਅਬੋਲ ਅਬਲਾਵਾਂ ਇਕ ਕਸ਼ਟਾਂ-ਕਾਰੀ ਤੇ ਬਿਪਤਾ ਭਰੇ ਭੰਵਰ ਵਿਚ ਭਉਂ ਰਹੀਆਂ ਸਨ।

ਨ ਜਾਏ ਮਾਂਦਨ, ਨਾ ਜਾਵੇ ਰਫਤਨ
(ਨ ਰਹਿਣ ਦੀ ਥਾਂ ਸੀ, ਨਾ ਜਾਣ ਦੀ ਥਾਂ ਸੀ)

ਇਸਦਾ ਕਾਰਨ ਸੀ —

ਸ਼ਾਹਾਂ ਸੁਰਤਿ ਗਾਵਾਈਆ, ਰੰਗਿ ਤਮਾਸ਼ੇ ਚਾਇ ॥
ਬਾਬਰਵਾਣੀ ਫਿਰਿ ਗਈ ਕੁਅਰੁ ਨ ਰੋਟੀ ਖਾਏ ॥

ਬਾਬਾ ਜੀ ਜਿਸ ਦੇ ਰੋਮ ਰੋਮ 'ਚ ਵਤਨ-ਪ੍ਰਸਤੀ ਸੀ, ਜਿਸਦੀ ਰਗ ਰਗ ਵਿਚ ਮਨੁਖ ਲਈ ਸ਼ਾਹਨਭੂਤੀ ਸੀ, ਜਿਸਦੇ ਹਿਰਦੇ ਵਿਚ ਮਨੁਖੀ ਪੀੜਾ ਸੀ — ਇਹ ਸਭ ਕੁਝ ਨਿਹਾਰ ਨ ਸਕੇ। ਐਮਦਾਬਾਦ ਦਾ ਸ਼ਹਿਰਤ ਹੋਣੀਆਂ ਭਰਿਆ ਸ਼ਹਿਰ ਸੀ ਚੁਪਾਸ਼ੀਂ ਖ਼ੂਨ ਦੀ ਨਦੀਆਂ ਵਹਿ ਰਹੀਆਂ ਸਨ। ਲਾਸ਼ਾਂ ਦੇ ਅੰਬਾਰ ਉਸਰੇ ਪਏ ਸਨ ਪਰ ਸਿਤਮ-ਜਰੀਫੀ ਇਹ ਕਿ ਸ੍ਰਿਸ਼ਟੀ ਦਾ ਕਰਤਨ ਵੇਸ ਸਭ ਕੁਝ ਨੂੰ ਤੱਕੀ ਜਾ ਰਿਹਾ ਸੀ ਤੇ ਤੱਕੀ ਜਾ ਰਿਹਾ ਸੀ।

ਜਿਨਿ ਉਪਾਈ ਰੰਗ ਰਵਾਈ ਬੈਠਾ ਵੇਖੈ ਵੱਖੁ ਇਕੇਲਾ ।

ਬਾਬਾ ਨਾਨਕ ਰੱਬਾਨੀ ਨੂਰ ਸੀ। ਉਸਦੀ ਜ਼ਬਾਨ ਰੱਬ ਦੀ ਜ਼ਬਾਨ ਸੀ। ਬਾਬਾ ਕਰੁਣਾਮਈ ਦਸ਼ਾ ਵਿਚ ਕੁਰਲਾ ਉਠਿਆ। ਉਸਤੋਂ ਇਲਾਹੀ ਬਾਣੀ ਨਾਜ਼ਲ ਹੋਈ। ਉਹ ਕੂਕ ਉਠਿਆ ਮਨੁੱਖੀ ਜਬੂਲਹਾਲੀ ਨੂੰ ਤੱਕ। ਇਨਸਾਨੀ ਪੀੜ ਨੂੰ ਉਹ ਜਰ ਨਾ ਸਕਿਆ। ਉਸਨੇ ਖ਼ੂਨ ਦੇ ਸੋਹਿਲੇ ਗਾਵਨੇ ਅਰੰਭ ਕੀਤੇ। ਇਹ ਮਨੁਖ ਪਰਤੀ ਹਮਦਰਦੀ ਦੇ ਕੀਰਨੇ ਸੀ। ਮਾਤਮ-ਭਰੇ ਵੈਣ ਸੀ। ਭਾਈ ਲਾਲੋ ਨੂੰ ਸੰਬੋਧਨ ਕਰਦੇ ਹੋਇਆਂ ਉਹਨਾਂ ਨੇ ਫੁਰਮਾਇਆ —

ਜੈਸੀ ਮੈ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ।
ਪਾਪ ਕੀ ਜੰਝ ਲੈ ਕਾਬਲਹੁ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ ।

ਇਕ ਮੁਸਲਮਾਨ ਸ਼ਾਇਰ ਦੇ ਅਨੁਸਾਰ 'ਨਾਨਕ ਕੇ ਮੂੰਹ ਮੇਂ ਖੁਦਾ ਕੀ ਜਬਾਂ ਸੀ।

ਸੱਚ ਪੂਛੋ ਕਿ ਨਾਨਕ ਕੇ ਮੂੰਹ ਮੇਂ ਖੁਦਾ ਕੀ ਜਬਾਂ ਸੀ। ਇਹ ਵਾਕ ਉਹਨਾਂ ਨੂੰ ਪ੍ਰਾਪਤ ਹੋਏ ਅਲਹਾਮ ਦੀ ਪੁਸ਼ਟੀ ਕਰਦੇ ਹਨ।

ਸ਼ਰਮ ਜਾਂਦੀ ਰਹੀ, ਧਰਮ ਉਡ ਪੁਡ ਗਿਆ, ਚੌਹੀਂ ਵੰਨੀ ਕੂੜ ਦੀ ਪ੍ਰਧਾਨਤਾ ਸੀ। ਰੱਬਾਨੀਅਤ ਕਾਫੂਰ ਹੋ ਗਈ ਤੇ ਸ਼ੈਤਾਨੀਅਤ ਦਾ ਬੋਲਬਾਲਾ ਹੋ ਗਿਆ। ਅਸਮਤਾਂ ਭੰਗ ਹੋ ਗਈਆਂ, ਸ਼ੁਧਤਾਵਾਂ ਦੇ ਅਨਵਿਧ ਮੋਤੀ ਛੇਦਕੇ ਰਖ ਦਿੱਤੇ ਗਏ।

ਕਾਜੀਆਂ ਬਾਹਮਣਾਂ ਦੀ ਗੱਲ ਥਕੀ ਅਗਦੋ ਪੜ੍ਹੇ ਸ਼ੈਤਾਨ ਵੇ ਲਾਲੋ ॥

ਮੁਸਲਮਾਨ ਇਸਤਰੀਆਂ ਨੇ ਨਾ ਨਿਵਾਜ ਅਦਾ ਕੀਤੇ ਤੇ ਨ ਹੀ ਉਹਨਾਂ ਨੂੰ ਕੁਰਾਨ ਸ਼ਰੀਫ ਦੇ ਪਾਠ ਕਰਨ ਦੀ ਆਗਿਆ ਸੀ। ਹਿੰਦੂ ਇਸਤਰੀਆਂ ਤੇ ਹੋਰ ਛੋਟੀਆਂ ਜਾਤੀਆਂ ਨਾਲ ਸੰਬੰਧ ਰੱਖਣ ਵਾਲੀਆਂ ਨਾਰੀਆਂ ਵੀ ਏਹੋ ਜਿਹੇ ਮੰਦ-ਭਾਗੇ ਹਾਲਾਤ ਰਾਹੀਂ ਗੁਜ਼ਰ ਰਹੀਆਂ ਸਨ — ਇਹ ਸਭ ਕੁਝ ਤੱਕ ਕੇ ਹੀ ਬਾਬਾ ਜੀ ਨੇ ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤ ਕਾ ਕੁੰਗੂ ਗਾਇ ਵੇ ਲਾਲੋ ਉਚਾਰਿਆ। ਇਹ ਮਾਨਵਤਾ ਦੇ ਹੋਂਦ ਦੇ ਪੰਨਿਆਂ ਤੋਂ ਅਸ਼ੁਧ ਸ਼ਬਦ ਦੀ ਤਰ੍ਹਾਂ ਮਿਟਣ ਦੀ ਘਨਾਉਣੀ ਤਸਵੀਰ ਸੀ। ਏਸ ਕੇਸਰੀ ਗੀਤ ਨਹੀਂ ਸਨ। ਪਰ ਇਹਨਾਂ ਗੀਤਾਂ ਵਿਚ ਮਨੁੱਖੀ ਖ਼ੂਨ ਰਮਿਆ ਹੋਇਆ ਸੀ, ਮਾਤਮ ਲੁਕਿਆ ਹੋਇਆ ਸੀ। ਐਮਨਾਬਾਦ ਨੂੰ ਬੇਪਨਾਹ ਬਰਬਾਦੀ ਦਾ ਸਾਹਮਣਾ ਸੀ। ਆਲੇ ਦੁਆਲੇ ਖ਼ੂਨ ਹੀ ਖ਼ੂਨ ਵਹਿ ਰਿਹਾ ਸੀ। ਇਹ 'ਮਾਸਪੁਰੀ' ਸੀ ਤਥਾ ਲਾਸ਼ਾਂ ਦਾ ਸ਼ਹਿਰ ਸੀ। ਪਰ ਇਹ ਸਭ ਕੁਝ ਤਾਂ ਰੱਬਾਨੀ ਨਿਆਂ ਸੀ। ਹਿੰਦਵਾਸੀ ਆਪਣੇ ਬਦਅਮਲਾਂ ਦੇ ਮਾਰੂ ਪ੍ਰੀਨਾਮ ਭੁਗਤ ਰਹੇ ਸਨ :

ਸਚਾ ਸੋ ਸਾਹਿਬ ਸਚੇ ਤਪਾਵਸ, ਸਚੜਾ ਨਿਆਉ ਕਰੇਗਾ ਮਸੋਲਾ ॥

ਬਾਬਾ ਜੀ ਨੇ ਕਿਹਾ ਪਰ ਪਾਪਾਂ ਦੇ ਵਣਜਾਰੇ ਨਹੀਂ ਟਿਕਣਗੇ। ਉਹ ਵੀ ਹਸਤੀ ਦੇ ਪੰਨੇ ਤੋਂ ਮਸਲ ਦਿੱਤੇ ਜਾਣਗੇ। ਇਕ 'ਮਰਦ ਦਾ ਚੇਲਾ' ਉਹਨਾਂ ਦੀ ਬਰਬਾਦੀ ਦਾ ਕਰਤਾ ਹੋਵੇਗਾ। ਸ਼ੇਰ ਸ਼ਾਹ ਸੂਰੀ ਨੇ ਮੁਗਲਈ ਰਾਜ ਦਾ ਅੰਤ ਕਰ ਦਿੱਤਾ। ਇਹ ਪਾਪੀਆਂ ਦੇ ਪਾਪਾਂ ਦੀ ਸਜ਼ਾ ਦਾ ਭੁਗਤਾਣ ਸੀ।

ਹਾਂ ਨਭਾਗਾ ਅਫਗਾਨਸਤਾਨ ਜਲ ਰਿਹਾ ਹੈ, ਕਾਬੁਲ ਬਲ ਰਿਹਾ ਹੈ ਕੰਧਾਰ ਸੜ ਰਿਹਾ ਹੈ।

ਦੇਸ਼ ਦੀ ਕੰਨੀ ਕੰਨੀ ਉਚੇਰੀਆਂ ਓਚੇਰੀਆਂ ਤੇ ਲਟ ਲਟ ਕਰਦੀਆਂ ਲਾਟਾਂ ਦੀ ਲਪੇਟ ਵਿਚ ਲਿਪਟੀ ਹੋਈ ਹੈ। ਆਪਦੇ ਹਤਿਆਰੇ ਤੇ ਪਾਪੀ ਪਿਤਾ ਪਿਤਾਵਾਂ ਦੇ ਕੀਤੇ ਹੋਏ ਇਨਸਾਨੀਅਤ ਸੋਜ਼। ਮਾਨਵਤਾ ਮਿਟਾਊ। ਪਾਪਾਂ ਦੇ ਖਮਿਆਜ਼ੇ ਉਹਨਾਂ ਦੀ ਨਭਾਗੀ ਔਲਾਦ ਭੁਗਤ ਰਹੀ ਹੈ।

ਇਹ ਅਟੱਲ ਸਚਾਈ ਹੈ। ਰੱਬਾਨੀ ਨਿਯਮ ਹੈ। ਵਿਸ਼ਵ ਦੇ ਸਮੂੰਹ ਜੀਵ ਇਸਦੀ ਵਲਗਣ ਵਿਚ ਵਲੇ ਹੋਏ ਨੇ।

● ਮੈਜਿਸਟਰੇਟ - ਕੀ ਤੂੰ ਪਹਿਲਾਂ ਕਦੇ ਜੇਲ ਕੱਟੀ ਹੈ?

ਮੁਲਜ਼ਮ - ਸ੍ਰੀਮਾਨ ਜੀ ਦੋ ਤਿੰਨ ਵਾਰੀ ਕੋਸ਼ਿਸ਼ ਕਰ ਚੁੱਕਾ ਹਾਂ ਪਰ ਸੀਖਾਂ ਏਨੀਆਂ ਮੋਟੀਆਂ ਸਨ ਕਿ ਕੱਟਣ ਵਿਚ ਅਸਫਲ ਰਿਹਾ।

ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

BOMBAY SWEETS MANUFACTURER INC.

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:
NARESH SHUKLA & BROS.

AUTOPAC
PROTECTING MANITOBANS ON THE MOVE

Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਡੋਰੀਅਨ ਇਨਸ਼ੋਰੈਂਸ ਏਜੰਸੀ


ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

Success Through Service & Experience

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation
Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660

UNITED REALTY LTD.

2443 Kingsway, Vancouver, B.C. V5R 5G8




Ajaib S. Janda

MINT AUTO BODY LTD.

- **Complete Professional Auto Body Repairs and Refinishing on all makes and models**
- **I.C.B.C. claims handled promptly**
- **Complete framework**
- **UNI - BODY repairs**
- **All work conditionally guaranteed**
- **Free estimates**
- **Courtesy cars**

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota




For further information call:

Bhupinder(Bob) Sihota

Ph. 433-1207


Mint Auto Body Ltd.

5590 Lane Street, BURNABY, B.C. V5H 2H5



"ਗੋਰੀ ਧਰਤੀ ਮੇਰੇ ਲੋਕ"

ਹਰੀਸ਼ ਮਲਹੋਤਰਾ, ਬਰਮਿੰਘਮ



ਇਕ ਦਿਨ ਸਰਸਰੀ ਗੱਲਾਂ ਕਰਦਿਆਂ ਮੇਰੇ ਇਕ ਸੋਸ਼ਲ ਵਰਕਰ ਦੋਸਤ ਦੱਸਿਆ: "ਮੇਰੇ ਕੋਲ ਇਕ ਬੜਾ ਦਿਲ-ਹਿਲਾਊ ਕੇਸ ਆਇਆ ਹੋਇਆ ਹੈ। ਆਪਣਾ ਇਹ ਪੰਜਾਬੀ ਦੇਸੀ ਆਦਮੀ ਜਿਹਦੀ ਉਮਰ ਕੋਈ 45 ਕੁ ਵਰ੍ਹਿਆਂ ਦੀ ਹੈ। ਪੈਰ ਪੈਰ ਤੇ ਝੂਠ ਬੋਲਦਾ ਹੈ। ਜਦੋਂ ਜਾਉ ਸ਼ਰਾਬ ਨਾਲ ਆਫਰਿਆ ਹੁੰਦਾ ਹੈ। ਉਹਦੇ ਪੰਜ ਨਿਆਣੇ ਜਿਹਨਾਂ ਦੀਆਂ ਉਮਰਾਂ ਹੁਣ 17, 16, 15, 14 ਅਤੇ 12 ਸਾਲ ਦੀਆਂ ਹਨ ਘਰ 'ਚ ਜ਼ਾਲਮ ਪਿਉ ਤੋਂ ਡਰਦੇ ਸਹਿਮੇ ਬੈਠੇ ਰਹਿੰਦੇ ਹਨ। ਨਿਰਦਈ ਬਾਪ ਉਹਨਾਂ ਨੂੰ ਖਾਣ ਲਈ ਕੁਝ ਨਹੀਂ ਲਿਆ ਕੇ ਦਿੰਦਾ ਅਤੇ ਕੰਮ ਤੋਂ ਵਿਹਲਾ ਹੋਣ ਕਰਕੇ ਜੋ ਵੀ ਸਰਕਾਰੀ ਭੱਤਾ ਮਿਲਦਾ ਬਸ ਸ਼ਰਾਬ ਤੇ ਖਰਚ ਕਰ ਦਿੰਦਾ। ਨਿਆਣਿਆਂ ਦੇ ਕਪੜੇ ਵੀ ਗੰਦੇ ਭੜੰਦੇ ਅਤੇ ਫਟੇ ਪੁਰਾਣੇ ਹਨ। ਜੇ ਸੱਚ ਪੁੱਛਦਾ ਤਾਂ ਉਹ ਨਰਕ ਦਾ ਜੀਵਨ ਜੀਅ ਰਹੇ ਹਨ। ਇਹ ਤਾਂ ਸ਼ੁਕਰ ਕਰ ਕਿ ਕੇਸ ਮੇਰੇ ਕੋਲ ਆ ਗਿਆ ਨਹੀਂ ਤਾਂ ਪਤਾ ਨਹੀਂ ਅਜੇ ਕੀ ਕੀ ਵਿਚਾਰੇ ਬੱਚਿਆਂ ਦਾ ਹੋਣਾ ਸੀ।"

ਜਦ ਮੈਂ ਦੋਸਤ ਨੂੰ ਪੁਛਿਆ ਕਿ ਤੁਹਾਨੂੰ ਇਸ ਕੇਸ ਦਾ ਪਤਾ ਕਿਵੇਂ ਲੱਗਾ ਤਾਂ ਉਹਨੇ ਦੱਸਿਆ, "ਇਕ ਦਿਨ ਮੈਂ ਡਿਊਟੀ ਤੇ ਸਾਂ ਕਿ ਸਕੂਲ ਤੋਂ ਹੈਡ ਟੀਚਰ ਦਾ ਫੋਨ ਆਇਆ ਕਿ ਜਲਦੀ ਇਥੇ ਆਵੋ ਕਿ ਉਂਕਿ ਗੁਰਿੰਦਰ ਨਾਂ ਦੇ 12 ਸਾਲਾ ਬੱਚੇ ਦੇ ਸਰੀਰ ਉਪਰ ਲਾਸ਼ਾਂ ਦੇ ਨਿਸ਼ਾਨ ਹਨ ਅਤੇ ਉਹਦੇ ਕਪੜੇ ਵੀ ਫਟੇ ਪੁਰਾਣੇ ਹਨ। ਬਾਕੀ ਵੇਰਵਾ ਇਥੇ ਆ ਕੇ ਲੈ ਲਿਉ।"

ਮੈਂ ਆਪਣੀ ਟੀਮ ਮੈਨੇਜਰ ਨਾਲ ਗੱਲ ਕੀਤੀ ਕਿ ਅਗਰ ਕਿਸੇ ਹੋਰ ਸੋਸ਼ਲ ਵਰਕਰ ਨੂੰ ਮੇਰੀ ਥਾਂ ਡਿਊਟੀ ਕਰਨ ਲਈ ਕਹਿ ਦਿੱਤਾ ਜਾਵੇ ਤਾਂ ਮੈਂ ਇਸ ਕੇਸ ਦੀ ਪੈਰਵੀ ਕਰ ਸਕਦਾ ਹਾਂ। ਮੈਨੇਜਰ ਮੰਨ ਗਈ ਅਤੇ ਮੈਂ ਕੁਝ ਹੀ ਮਿੰਟਾਂ 'ਚ ਜਾ ਹੈਡਟੀਚਰ ਦਾ ਕੁੰਡਾ ਖੜਕਾਇਆ।

ਹੈਡਟੀਚਰ, ਗੁਰਿੰਦਰ ਅਤੇ ਉਹਦੇ ਬਾਕੀ ਭੈਣ ਭਰਾਵਾਂ ਨੂੰ ਵੀ ਦਫਤਰ 'ਚ ਸੱਦ ਲਿਆ। ਬੱਚਿਆਂ ਖੁਦ ਆਪ ਦੱਸਿਆ ਕਿ ਉਹਨਾਂ ਦਾ ਡੈਡੀ ਉਹਨਾਂ ਨੂੰ ਕਿਤੇ ਬਾਹਰ ਨਹੀਂ ਜਾਣ ਦਿੰਦਾ ਅਤੇ ਅਕਸਰ ਗਾਲ੍ਹਾਂ ਬਕਦਾ ਅਤੇ ਕੁਟਦਾ ਮਾਰਦਾ ਰਹਿੰਦਾ ਹੈ। ਗੁਰਿੰਦਰ ਦੱਸਿਆ ਕਿ ਮੈਨੂੰ ਰਾਤ ਇਸ ਕਰਕੇ ਮਾਰਿਆ ਗਿਆ ਕਿ ਭੁੱਖ ਦਾ ਸਤਾਇਆ ਹੋਣ ਕਰਕੇ ਮੈਂ ਫਰਿਜ਼ ਖੋਹਲ ਲਿਆ ਸੀ ਕਿ ਸ਼ਾਇਦ ਉਥੇ ਖਾਣ ਨੂੰ ਕੁਝ ਹੋਵੇਗਾ। ਫਰਿਜ਼ ਭਾਵੇਂ ਖਾਲੀ ਸੀ ਪਰ ਡੈਡੀ ਨੂੰ ਇਸ ਗੱਲ ਤੋਂ ਹੀ ਤੱਤ ਚੜ੍ਹ ਗਿਆ ਕਿ ਮੈਂ ਫਰਿਜ਼ ਨੂੰ ਹੱਥ ਹੀ ਕਿਉਂ ਲਾਇਆ ਸੀ। ਡੈਡੀ ਉਸ ਵੇਲੇ ਵੀ ਸ਼ਰਾਬ ਨਾਲ ਰੱਜਿਆ ਹੋਇਆ ਸੀ। ਉਹ ਕੁੱਟਦਾ ਕੁੱਟਦਾ ਡਿੱਗ ਪਿਆ ਨਹੀਂ ਤਾਂ ਮੈਨੂੰ ਅਜੇ ਹੋਰ ਮਾਰਨਾ ਸੀ। ਗੁਰਿੰਦਰ ਦੀਆਂ ਦੋਵੇਂ ਭੈਣਾਂ ਜਿਹਨਾਂ ਦੀ ਉਮਰ 14 ਅਤੇ 15 ਸਾਲ ਸੀ ਕਹਿ ਰਹੀਆਂ ਸਨ ਕਿ ਸਾਨੂੰ ਤਾਂ ਡੈਡੀ ਘਰੋਂ ਬਾਹਰ ਪੈਰ ਵੀ ਨਹੀਂ ਪਾਉਣ ਦਿੰਦਾ। ਪਹਿਲਾਂ ਮੰਮੀ ਨੂੰ ਕੁੱਟਦਾ ਮਾਰਦਾ ਹੁੰਦਾ ਸੀ ਤੇ ਹੁਣ ਜਦ ਦੀ ਉਹ ਪਾਗਲਾਂ ਦੇ ਹਸਪਤਾਲ ਦਾਖਲ ਹੈ, ਸਾਨੂੰ ਮਾਰਦਾ ਰਹਿੰਦਾ। ਅਸੀਂ ਘਰੋਂ ਬਹੁਤ ਦੁਖੀ ਹਾਂ। ਸਾਨੂੰ ਸਾਰਿਆਂ ਨੂੰ "ਕੇਅਰ" 'ਚ ਲੈ ਲਉ ਸਾਡੇ ਤੋਂ ਹੋਰ ਦੁੱਖ ਨਹੀਂ ਝੱਲਿਆ ਜਾਂਦਾ। ਨਿਆਣੇ ਹੁੱਬਕੀਂ ਰੋ ਰਹੇ ਸਨ ਅਤੇ ਮੇਰਾ ਮਨ ਪਾਟ ਗਿਆ। ਮੈਂ ਗੁਰਿੰਦਰ ਅਤੇ ਉਹਦੀਆਂ ਦੋਵਾਂ ਭੈਣਾਂ ਨੂੰ ਦਫਤਰ ਲੈ ਆਇਆ। ਨਿਆਣਿਆਂ ਦੱਸਿਆ ਕਿ ਉਹਨਾਂ ਦੇ ਦੂਜੇ ਦੋ ਭਰਾ ਕਿਸੇ ਸਕੂਲ ਨਹੀਂ ਜਾਂਦੇ ਅਤੇ ਅਵਾਰਾ ਸੜਕਾਂ ਤੇ ਤੁਰੇ ਫਿਰਦੇ ਰਹਿੰਦੇ ਆ।

ਮੈਂ ਟੀਮ ਮੈਨੇਜਰ ਨਾਲ ਸਾਰੇ ਕੇਸ ਬਾਰੇ ਗੱਲ ਕਰਕੇ ਅਤੇ ਯੋਗ ਕਾਰਵਾਈ ਤੋਂ ਬਾਦ ਨਿਆਣਿਆਂ ਨੂੰ ਬੱਚਿਆਂ ਦੇ ਹੋਸਟਲ ਛੱਡ ਆਂਦਾ ਅਤੇ ਫਿਰ ਉਹਨਾਂ ਦੇ ਬਾਪ ਅਤੇ ਬਾਕੀ ਦੋ ਭਰਾਵਾਂ ਨੂੰ ਮਿਲਣ ਚਲਾ ਗਿਆ।

ਜਦ ਮੈਂ ਘਰ ਗਿਆ ਤਾਂ ਮੋਹਣ ਸਿੰਘ ਦੀ ਘੁੱਟ ਪੀਤੀ ਸੀ। ਉਹ ਮੈਨੂੰ ਦੇਖ ਕੇ ਬੜਾ ਪੁੱਠਾ ਬੋਲਿਆ, "ਤੂੰ ਕੌਣ ਹੁੰਦੈ ਉਏ ਮੇਰੇ ਨਿਆਣਿਆਂ ਨੂੰ ਹੱਥ ਲਾਉਣ ਵਾਲਾ।" ਮੈਂ ਮੋਹਣ ਸਿੰਘ ਨੂੰ ਦੱਸਿਆ ਕਿ ਸਾਡੇ ਕੋਲ ਹੋਰ ਹੁਣ ਕੋਈ ਚਾਰਾ ਨਹੀਂ ਇਨ੍ਹੇ ਨੂੰ 16 ਅਤੇ 17 ਸਾਲਾਂ ਦੇ ਦੋਵੇਂ ਮੁੰਡੇ ਵੀ ਘਰ ਆ ਗਏ। ਜਦ ਉਹਨਾਂ ਨੂੰ ਉਹਨਾਂ ਦੇ ਭਰਾ ਅਤੇ ਭੈਣਾਂ ਬਾਰੇ ਦੱਸਿਆ ਤਾਂ ਉਹ ਵੀ ਹਿਫਾਜ਼ਤ 'ਚ ਆਉਣ ਲਈ ਜ਼ੋਰ ਪਾਉਣ ਲੱਗੇ। ਮੋਹਣ ਸਿੰਘ ਨਾਲ ਹੋਰ ਗੱਲ ਕਰਨੀ ਫਜ਼ੂਲ ਸੀ ਕਿਉਂਕਿ ਉਹ ਦਾਰੂ ਦੀ ਲੋਰ 'ਚ ਅਵਾ ਤਵਾ ਬੋਲੀ ਜਾ ਰਿਹਾ ਸੀ। ਮੈਂ ਬਾਕੀ ਦੇ ਦੋ ਨਿਆਣੇ ਵੀ ਨਾਲ ਲੈ ਆਇਆ ਅਤੇ ਬੱਚਿਆਂ ਦੇ ਇਕ ਹੋਸਟਲ ਵਿਚ ਉਹਨਾਂ ਦੇ ਰਹਿਣ ਦਾ ਵੀ ਪ੍ਰਬੰਧ ਕਰ ਦਿਤਾ।

ਟੀਮ ਮੈਨੇਜਰ ਇਹ ਕੇਸ ਮੇਰੇ ਨਾਲ ਇਕ ਗੋਰੀ ਸੋਸ਼ਲ ਵਰਕਰ ਲਾ ਕੇ, ਮੈਨੂੰ ਸਪੁਰਦ ਕਰ ਦਿੱਤਾ। ਬੱਚਿਆਂ ਅਤੇ ਮੋਹਣ ਸਿੰਘ ਨਾਲ ਬਾਦ 'ਚ ਕਈ ਮੁਲਾਕਾਤਾਂ ਤੋਂ ਪਤਾ ਲੱਗਾ ਕਿ ਉਹ ਆਪਣੀ ਪਤਨੀ ਨੂੰ ਏਨਾ ਜ਼ਿਆਦਾ ਤੰਗ ਕਰਦਾ ਸੀ ਕਿ ਉਹ ਵਿਚਾਰੀ ਪਾਗਲ ਹੋ ਗਈ। ਮੋਹਣ ਸਿੰਘ ਨੇ ਇਸੇ ਆਧਾਰ ਤੇ ਤਲਾਕ ਲੈ ਲਿਆ ਕਿ ਉਹਦੀ ਪਤਨੀ ਪਾਗਲ ਹੈ। ਇਸ ਤੋਂ ਬਾਦ ਪੰਜਾਂ ਨਿਆਣਿਆਂ ਨੂੰ ਆਪਣੀ ਬੁੱਢੀ ਮਾਂ ਕੋਲ ਸਿੱਟ ਕੇ ਮੋਹਣ ਸਿੰਘ ਜਹਾਜ਼ ਚੜ੍ਹ ਇੰਡੀਆ ਚਲਾ ਗਿਆ। ਪਿੰਡ ਜਾਣ ਤੇ ਇਹਨੇ ਆਪਣਾ ਵਾਹਵਾ ਗੁੱਡਾ ਬੰਨ੍ਹਿਆ ਕਿ ਉਹ ਵਲੈਤ 'ਚ ਬਹੁਤ ਵੱਡਾ ਵਿਉਪਾਰੀ ਹੈ ਅਤੇ ਲੱਖਾਂ 'ਚ ਖੇਡਦਾ ਹੈ। ਵਲੈਤ ਦੀ ਝੂਠੀ ਚਮਕ ਦਮਕ ਦੇ ਜਾਲ 'ਚ ਸੁਰਿੰਦਰ ਕੌਰ ਦੇ ਮਾਪੇ ਫਸ ਗਏ। ਉਹਨਾਂ ਕੁੜੀ ਦਾ ਵਿਆਹ ਕਰ ਦਿੱਤਾ। ਮੋਹਣ ਸਿੰਘ ਕੁਝ ਦੇਰ ਸੁਰਿੰਦਰ ਨਾਲ ਗੁਲਸ਼ਰੇ ਉਡਾਉਂਦਾ ਰਿਹਾ ਅਤੇ ਫਿਰ ਮੰਗਾਉਣ ਦਾ ਵਾਅਦਾ ਕਰਕੇ ਵਾਪਸ ਬਰਤਾਨੀਆਂ ਆ ਗਿਆ। ਨਿਆਣਿਆਂ ਨੇ ਸੁਰਿੰਦਰ ਕੌਰ ਦੀਆਂ ਚਿੱਠੀਆਂ ਮੈਨੂੰ ਦੇ ਦਿੱਤੀਆਂ ਜੋ ਮੋਹਣ ਸਿੰਘ ਦੇ ਝੂਠ ਦੀ ਗਵਾਹੀ ਦਿੰਦੀਆਂ ਹਨ। ਸੁਰਿੰਦਰ ਪਹਿਲੀ ਚਿੱਠੀ 'ਚ ਲਿਖਦੀ ਹੈ : ਸੁਰਿੰਦਰ ਕੌਰ — ਅਗੇ ਮਿਲੇ ਮੇਰੇ ਪਿਆਰੇ ਪਤੀ ਮੋਹਣ ਸਿੰਘ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਅਸੀਂ ਇਥੇ ਰਾਜੀ ਖੁਸ਼ੀ ਹਾਂ। ਆਪ ਦੀ ਰਾਜੀ ਖੁਸ਼ੀ ਪ੍ਰਮਾਤਮਾ ਪਾਸੋਂ ਹਰ ਟਾਇਮ ਸੁਖ ਦੀ ਉਮੰਗ ਕਰਦੇ ਹਾਂ ਤੇ ਹਮੇਸ਼ਾਂ ਹੀ ਕਰਦੇ ਰਹਾਂਗੇ।

ਅਗੇ ਸਮਾਚਾਰ ਇਹ ਹੈ ਕਿ ਆਪ ਦਾ ਪਾਇਆ ਹੋਇਆ ਖਤ ਮਿਲ ਗਿਆ ਹੈ। ਪੜ੍ਹ ਕੇ ਰਾਜੀ ਖੁਸ਼ੀ ਦਾ ਪਤਾ ਲਗ ਗਿਆ ਹੈ। ਹੋਰ ਇਹ ਤੁਸੀਂ ਲਿਖਿਆ ਹੈ ਕਿ ਮੀਕਾ ਪੈਸਿਆਂ ਦਾ ਮੇਹਣਾ ਦਿੰਦਾ ਸੀ। ਉਹ ਮਜ਼ਬੂਰ ਸੀ। ਤੁਸੀਂ ਕਿਹਾ ਸੀ ਕਿ ਸ਼ਿੰਦੋ ਜਦੋਂ ਮੈਂ ਵਾਪਸ ਇੰਗਲੈਂਡ ਜਾਵਾਂਗਾ ਤਾਂ ਪੈਸੇ ਭੇਜ ਦੇਵਾਂਗਾ। ਮੀਕਾ ਕਹਿੰਦਾ ਕਿ ਤੈਨੂੰ ਉਹਨੇ ਕੀ ਪੈਸੇ ਭੇਜਣੇ ਆ ਉਹ ਤਾਂ ਤੇਰੇ ਪੈਸੇ ਵੀ ਤੇਰੇ ਕੋਲੋਂ ਲੈ ਗਿਆ। ਹੋਰ ਕੋਈ ਪੈਸੇ ਦਾ ਮੇਹਣਾ ਨਹੀਂ ਦਿੰਦਾ ਇਹ ਦਿਲ 'ਚੋਂ ਭੁਲੇਖਾ ਕੱਢ ਦਿਉ। ਨਾ ਮੈਨੂੰ ਅਜੇ ਤੱਕ ਤੁਸੀਂ ਰਾਹਦਾਰੀ ਟਿਕਟ ਭੇਜੀ ਹੈ। ਮੈਂ ਅੱਕ ਕੇ ਇਹ ਅਖੀਰਲੀ ਚਿੱਠੀ ਪਾਉਣ ਲੱਗੀ ਹਾਂ ਕਿ ਜੇਕਰ ਮੈਨੂੰ ਇੰਗਲੈਂਡ ਨਹੀਂ ਮੰਗਾਉਣਾ ਤਾਂ ਮੈਨੂੰ ਆਉਣ ਦੀ ਕੋਈ ਲੋੜ ਨਹੀਂ। ਮੇਰੇ ਕੋਲ ਕੋਈ ਪੈਸਾ ਨਹੀਂ ਹੈ। ਜੇਕਰ ਪੈਸੇ ਭੇਜੋਗੇ ਤਾਂ ਮੈਂ ਆਪ ਜੀ ਨੂੰ ਚਿੱਠੀ ਪਾ ਦੇਵਾਂਗੀ। ਜੇਕਰ ਪੈਸੇ ਨਾ ਭੇਜੇ ਤਾਂ ਚਿੱਠੀ ਦੀ ਬਿਲਕੁਲ ਉਡੀਕ ਨਾ ਕਰਨਾ। ਹੋਰ ਜਦ ਤੁਸੀਂ ਇਥੇ ਆਏ ਸੀ ਤਾਂ ਉਦੋਂ ਬਹੁਤ ਗੱਲਾਂ ਕਰਦੇ ਸੀ ਕਿ ਮੈਨੂੰ ਤਿੰਨ ਲੱਖ ਪੌਂਡ ਮਿਲ ਗਿਆ। ਮੇਰੇ ਸਾਰੇ ਮੁਕੱਦਮੇ ਖਤਮ ਹੋ ਗਏ ਆ। ਇਹ ਸਭ ਝੂਠ ਹੀ ਸੀ ਨਹੀਂ ਤਾਂ ਕਿਹੜਾ ਇਨਸਾਨ ਹੈ ਕਿ ਉਹਦੀ ਤੀਵੀਂ ਘਰ 'ਚ ਬੜੀ ਔਖੀ ਹੋ ਕੇ ਗੁਜ਼ਾਰਾ ਕਰਦੀ ਹੋਵੇ ਤੇ ਉਹਦਾ ਆਦਮੀ ਉਹਨੂੰ ਕਾਣੀ ਕੌਡੀ ਤਕ ਨਾ ਭੇਜੇ। ਹੋਰ ਮੈਂ ਵਾਲ੍ਹੀਆਂ ਜ਼ਰੂਰ ਹੀ ਵੇਚ ਦਿੱਤੀਆਂ ਸੀ ਅਤੇ ਦੇਸੂ ਨੂੰ ਪੈਸੇ ਦੇ ਦਿੱਤੇ ਸੀ। ਹੋਰ ਜਿਹੜਾ ਦੁਕਾਨ ਵਾਲਾ ਪੱਪੂ ਸੀ ਉਹ ਵੀ 460 ਰੁਪੈ ਮੰਗਦਾ ਸੀ ਕਿ ਤੁਸੀਂ ਆਪਣੇ ਕਪੜੇ ਅਤੇ ਸੈਂਟ ਲਿਆ ਸੀ ਉਹ ਮੇਰੇ ਭਰਾਵਾਂ ਨੂੰ ਰੋਜ਼ ਮੇਹਣੇ ਮਾਰਦਾ ਸੀ। ਮੈਨੂੰ ਦੱਸੋ ਮੈਂ ਪੈਸੇ ਕਿਥੋਂ ਦੇਵਾਂ? ਭਾਜੀ ਕੇਵਲ ਜਰਮਨ ਚਲਾ ਗਿਆ ਹੈ।

ਹੋਰ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਘਰ ਬਿਲਕੁਲ ਨਹੀਂ ਜਾਂਦੇ ਅਤੇ ਨਾ ਹੀ ਤੁਸੀਂ ਨਿਆਣਿਆਂ ਦੇ ਕੋਲ ਰਹਿੰਦੇ ਹੋ। ਸਾਰੇ ਪੰਜਾਬ ਦਾ ਝੂਠ ਤੁਹਾਡੇ ਕੋਲ ਹੀ ਹੈ। ਹੋਰ ਤੁਸੀਂ ਹੁਣ ਕੰਮ ਕਿਉਂ ਨਹੀਂ ਕਰਦੇ? ਕੀ ਗੱਲ ਹੈ? ਹੋਰ ਝੂਠ ਬੋਲਣਾ ਛੱਡ ਦਿਉ। ਤੁਸੀਂ ਬਹੁਤ ਭਾਰੇ ਕਬੀਲਦਾਰ ਹੋ। ਹੋਰ ਮੇਰੇ ਭਰਾਵਾਂ ਵਿਚ ਵੱਧ ਘੱਟ ਗੱਲ ਲਿਖਣ ਦੀ ਕੋਈ ਲੋੜ ਨਹੀਂ। ਇਹ ਰਿਵਾਜ਼ ਤੁਹਾਡੇ ਘਰ 'ਚ ਹੀ ਹੈ ਕਿ ਭਰਾਵਾਂ ਨੂੰ ਇਕ ਦੂਜੇ ਦੇ ਵਰਖਲਾਫ ਕਰਨਾ, ਸਾਡੇ ਨਹੀਂ। ਹੋਰ ਮੈਂ ਤੁਹਾਨੂੰ ਜਾਣ ਲੱਗਿਆਂ ਕਿਹਾ ਸੀ ਕਿ ਤੁਸੀਂ ਮੈਨੂੰ ਦੋ ਕੋਟੀਆਂ ਤੇ ਜੁੱਤੀ ਭੇਜ ਦਿਉ ਪਰ ਤੁਸੀਂ ਕੁਝ ਵੀ ਨਹੀਂ ਭੇਜਿਆ। ਹੋਰ ਮੈਂ ਤੁਹਾਨੂੰ ਇਹ ਕਹਿ ਰਹੀ ਹਾਂ ਕਿ ਤੁਸੀਂ ਹੁਣ ਮੈਨੂੰ ਦੋ ਸੂਟ ਪਲੇਨ ਇਕ ਕਾਲੇ ਰੰਗ ਦਾ ਤੇ ਦੂਸਰਾ ਬਰਾਊਨ ਰੰਗ ਦਾ ਛੇਤੀ ਤੋਂ ਛੇਤੀ ਭੇਜ ਦਿਉ। ਹੋਰ ਤੁਸੀਂ ਮੈਨੂੰ ਕਿਹਾ ਸੀ ਕਿ ਸੁਰਿੰਦਰ ਮੈਂ ਤੈਨੂੰ ਪਰਚਾ ਜ਼ਰੂਰ ਪਾਇਆ ਕਰੂੰਗਾ। ਉਹ ਵੀ ਨਹੀਂ ਭੇਜਿਆ। ਕੀ ਗੱਲ ਹੈ?

ਮੈਂ ਥੋਹੜੇ ਜਹੇ ਪੈਸੇ ਕਿਸੇ ਦੇ ਦੇਣੇ ਸੀ। ਜਿਹੜਾ ਹੋਰ ਸੋਨਾ ਸੀ ਉਹ ਅਸੀਂ ਕਾਲੇ ਜਾ ਕੇ ਹਿਸਾਬ ਕਰਾਇਆ ਸੀ ਤਾਂ ਸਾਨੂੰ ਕੋਲੋਂ 400 ਰੁਪਿਆ ਦੇਣਾ ਪਿਆ ਉਹ ਵੀ ਵਿਕ ਗਿਆ। ਪਰ ਹੁਣ ਮੇਰੇ ਕੋਲ ਇਕ ਮੁੰਦੀ ਰਹਿੰਦੀ ਹੈ। ਹੋਰ ਹੁਣ ਮੈਨੂੰ ਥੋਹੜੇ ਪੈਸੇ ਚਾਹੀਦੇ ਹਨ। ਹੋਰ ਜਿਹੜਾ ਤੁਹਾਨੂੰ ਭਾਪੇ ਨੇ ਲਿਖਵਾਇਆ ਹੈ, ਉਹ ਤੁਸੀਂ ਜ਼ਰੂਰ ਭੇਜ ਦੇਣਾਂ। ਉਹਨਾਂ ਨੇ ਤੁਹਾਨੂੰ ਇਨੀ ਵਾਰ ਪੈਸੇ ਦਿਤੇ ਸੀ ਤੇ ਹੁਣ ਤੁਸੀਂ ਵੀ ਉਹਨਾਂ ਨੂੰ ਭੇਜ ਦਿਉ ਤੇ ਮੈਂ ਇਹਨਾਂ ਕੋਲੋਂ ਪਰਨੋਟ ਕਰਵਾ ਲਵਾਂਗੀ ਤੁਹਾਡੇ ਨਾਂ ਦਾ। ਹੋਰ ਮੈਂ ਤੁਹਾਨੂੰ ਵਾਰ ਵਾਰ ਤਾਗੀਦ ਕਰਦੀ ਹਾਂ ਕਿ ਤੁਸੀਂ ਇਹ ਪੈਸੇ ਜ਼ਰੂਰ ਭੇਜ ਦੇਣੇ ਤੇ ਥੋੜੇ ਚਿਰ ਨੂੰ ਤੁਹਾਨੂੰ ਇਹ ਪੈਸੇ ਇੰਗਲੈਂਡ ਆ ਜਾਣਗੇ

ਇਹ ਚਿੱਠੀ 26.5.86 ਦੀ ਲਿਖੀ ਹੋਈ ਸੀ। ਦੂਸਰੀ ਚਿੱਠੀ 22.6.86 ਦੀ ਲਿਖੀ ਹੋਈ ਹੈ।

: ਸੁਰਿੰਦਰ ਕੌਰ — ਅਗੇ ਮਿਲੇ ਮੇਰੇ ਪਿਆਰੇ ਪਤੀ ਮੋਹਣ ਸਿੰਘ। ਪਿਆਰ ਭਰੀ ਸਤਿ ਸ੍ਰੀ ਅਕਾਲ। ਹੋਰ ਅਸੀਂ ਸਾਰੇ ਇਥੇ ਰਾਜੀ ਖੁਸ਼ੀ ਹਾਂ। ਆਪ ਦੀ ਰਾਜੀ ਖੁਸ਼ੀ ਪ੍ਰਮਾਤਮਾ ਪਾਸੋਂ ਹਰ ਟਾਇਮ ਸੁਖ ਦੀ ਉਮੰਗ ਕਰਦੇ ਹਾਂ ਤੇ ਹਮੇਸ਼ਾ ਕਰਦੇ ਰਹਾਂਗੇ।

ਅਗੇ ਸਮਾਚਾਰ ਇਹ ਹੈ ਕਿ ਮੈਂ ਆਪ ਦਾ ਖਤ ਉਡੀਕ ਕੇ ਆਪ ਨੂੰ ਚਿੱਠੀ ਲਿਖਣ ਲੱਗੀ ਹਾਂ। ਪਰ ਆਪ ਨੇ ਤਾਂ ਲਿਖ ਦਿ ਤਾ ਹੈ ਕਿ ਮੈਂ ਤੈਨੂੰ ਟਿਕਟ ਤੇ ਰਾਹਦਾਰੀ ਨਹੀਂ ਭੇਜਣੀ। ਮੈਨੂੰ ਬਹੁਤ ਖੁਸ਼ੀ ਹੈ ਕਿ ਤੁਸੀਂ ਮੈਨੂੰ ਬੇਸ਼ਕ ਨਾ ਭੇਜੋ ਪਰ ਮੈਂ ਪਿਤਾ ਜੀ ਦੀ ਪੱਗ ਨੂੰ ਦਾਗ ਨਹੀਂ ਲੱਗਣ ਦੇਣਾ ਤੇ ਨਾ ਹੀ ਘਰ ਘਰ ਰੁਲਣਾ ਹੈ। ਮੈਂ ਦਿਹਾੜੀ ਕਰਕੇ ਰੋਟੀ ਖਾ ਲਵਾਂਗੀ ਪਰ ਥੋਹੜੀ ਜੇਹੀ ਸ਼ਰਮ ਮਾਰਦੀ ਹੈ। ਹੋਰ ਤੁਹਾਨੂੰ ਇੰਗਲੈਂਡ ਵਿਚ ਪ੍ਰਮਾਤਮਾ ਠੀਕ ਠਾਕ ਰੱਖੇ ਤੇ ਤੁਹਾਡੀ ਲੰਮੀ ਉਮਰ ਕਰੇ। ਮੈਂ ਸਦਾ ਇਹੀ ਕੁਝ ਮੰਗਦੀ ਹਾਂ। ਹੋਰ ਤੁਸੀਂ ਹੁਣ ਇੰਗਲੈਂਡ ਜਾ ਕੇ ਬਦਲ ਗਏ ਹੋ ਪਰ ਮੈਂ ਤਾਂ ਉਹੀ ਸੁਰਿੰਦਰ ਹਾਂ, ਹੁਣ ਮੈਂ ਕੋਈ ਬਦਲ ਤਾਂ ਨਹੀਂ ਗਈ। ਹੋਰ ਤੁਸੀਂ ਸਾਡੇ ਤਿੰਨਾਂ ਭੈਣ ਭਰਾਵਾਂ ਵਿਚ ਫੁਟ ਪਾਉਣ ਦੀ ਕੋਸ਼ਿਸ਼ ਨਾ ਕਰੋ। ਮੇਰੇ ਕੋਲ ਕੋਈ ਪੰਜ ਸੱਤ ਭਰਾ ਨਹੀਂ ਹਨ ਸਿਰਫ ਦੋ ਭਰਾ ਹੀ ਹਨ। ਸਾਡੀਆਂ ਅੱਖਾਂ ਦੇ ਤਾਰੇ ਹਨ। ਅਸੀਂ ਸਾਰਾ ਪ੍ਰਵਾਰ ਇਹਨਾਂ ਦੇ ਆਸਰੇ ਹੀ ਜਿਉਂਦੇ ਹਾਂ। ਹੋਰ ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਆਪਣੇ ਘਰ ਕਿ ਉਂ ਨਹੀਂ ਜਾਂਦੇ, ਉਥੇ ਕੀ ਗੱਲ ਹੈ? ਹੋਰ ਤੁਸੀਂ ਮੈਨੂੰ ਕਹਿੰਦੇ ਹੁੰਦੇ ਸੀ ਕਿ ਉਥੇ ਮੇਰਾ ਤਿੰਨ ਲੱਖ ਰੁਪਿਆ ਹੈ ਪਰ ਮੈਨੂੰ ਤਾਂ ਕੁਝ ਵੀ ਨਜ਼ਰ ਨਹੀਂ ਆਉਂਦਾ। ਹੋਰ ਭਰਾ ਕੇਵਲ ਦੀ ਚਿੱਠੀ ਆਈ ਸੀ ਉਸ ਨੇ ਤੁਹਾਡਾ ਟੈਲੀਫੋਨ ਨੰਬਰ ਮੰਗਿਆ ਹੈ ਉਹ ਮੈਨੂੰ ਭੇਜ ਦੇਣਾ ਤੇ ਮੈਂ ਉਸ ਨੂੰ ਚਿੱਠੀ ਤੇ ਲਿਖ ਦੇਵਾਂਗੀ। ਹੋਰ ਸਾਰਾ ਪ੍ਰਵਾਰ ਠੀਕ ਠਾਕ ਹੈ। ਤੁਸੀਂ ਕੋਈ ਫਿਕਰ ਨਾ ਕਰਨਾ। ਹੋਰ ਸਾਡੇ ਸਾਰੇ ਪ੍ਰਵਾਰ ਵਲੋਂ ਆਪ ਨੂੰ ਸਤਿ ਸ੍ਰੀ ਅਕਾਲ ਤੇ ਬੱਚਿਆਂ ਨੂੰ ਪਿਆਰ। ਹੋਰ ਖਤ ਦਾ ਜੁਆਬ ਜਲਦੀ ਦੇਣਾ, ਜ਼ਰੂਰੀ ਤਾਗੀਦ ਹੈ। ਹੋਰ ਖਤ ਲਿਖਣ ਲੱਗੀ ਤੋਂ ਤੁਹਾਡੀ ਸ਼ਾਨ ਦੇ ਖਿਲਾਫ ਕੋਈ ਗੱਲ ਲਿਖੀ ਗਈ ਹੋਵੇ ਤਾਂ ਮੁਆਫ ਕਰਨਾ। ਹੁਣ ਭਾਪਾ ਜੀ ਕੋਲ ਬੈਠ ਕੇ ਚਿੱਠੀ ਲਿਖਾਉਣ ਲੱਗੇ ਆ।

ਪੁੱਤਰ ਮੋਹਣ ਸਿੰਘ ਮੈਂ ਜ਼ਮੀਨ ਲੈਣਾਂ ਹੈ ਤੇ ਮੈਨੂੰ ਥੋੜੀ ਮੱਦਦ ਦਿਉ। ਹੋਰ ਮੈਂ ਕੇਵਲ ਕੋਲੋਂ ਲੈ ਲਈ ਹੈ। ਹੁਣ 30000 ਰੁ: ਇਕੱਠਾ ਕਰਨਾ ਹੈ ਤੇ ਤੂੰ ਮੈਨੂੰ 20000 ਰੁ: ਭੇਜ ਦੇ। ਮੈਂ ਤੈਨੂੰ ਛੇਤੀ ਹੀ ਵਾਪਸ ਕਰ ਦੇਵਾਂਗਾ। ਬਾਕੀ ਦਾ ਦਸ ਹਜ਼ਾਰ ਮੈਂ ਅੱਜ ਹੀ ਸੋਹਣ ਕੋਲੋਂ ਲੈਣ ਚਲਿਆ ਹਾਂ। ਜੇਕਰ ਤੂੰ ਮੈਨੂੰ ਪੈਸੇ ਭੇਜਣੇ ਹਨ ਤਾਂ ਵੀ ਜੇ ਨਹੀਂ ਭੇਜਣੇ ਤਾਂ ਵੀ ਮੈਨੂੰ ਛੇਤੀ ਤੋਂ ਛੇਤੀ ਪਤਾ ਦੇਣਾ ਜ਼ਰੂਰੀ ਤਾਗੀਦ ਹੈ। ਹੋਰ ਸਾਰੇ ਠੀਕ ਠਾਕ ਹਨ ਤੁਸੀਂ ਕੋਈ ਫਿਕਰ ਨਾ ਕਰਨਾ। ਹੋਰ ਮੈਨੂੰ ਖਤ ਮਿਲਦੇ ਸਾਰ ਹੀ ਪਤਾ ਦੇਣਾ। ਇਹ ਖਤ ਨਾ ਸਮਝਣਾ ਤਾਰ ਸਮਝਣਾ। ਹੋਰ ਕਿਤੋਂ ਕੋਈ ਖਤ ਆਇਆ ਹੋਵੇ ਤਾਂ ਪਤਾ ਦੇਣਾ। ਆਪ ਦੇ ਪਤ ਦੀ ਉਡੀਕ ਵਿਚ ਆਪ ਦਾ ਪਿਤਾ ਜਰਨੈਲ ਸਿੰਘ।"

ਸੋਸ਼ਲ ਵਰਕਰ ਦੋਸਤ ਹੋਰ ਦੱਸਿਆ : ਮੋਹਣ ਸਿੰਘ ਨੇ ਦੂਜੇ ਵਿਆਹ ਦੀ ਸੁਰਿੰਦਰ ਨੂੰ ਤਾਂ ਕੀ ਮੰਗਾਉਣਾ ਸੀ ਸਗੋਂ ਇਥੇ ਜਰਮਨੀ ਤੋਂ ਆਈ ਇਕ ਔਰਤ ਨਾਲ ਪੇਚਾ ਪਾ ਬੈਠਾ। ਜਰਮਨੀ ਵਾਲੀ ਔਰਤ ਇਥੇ ਵਿਜ਼ਟਰ-ਸੈਰ ਕਰਨ ਆਈ ਸੀ ਅਤੇ ਉਹਦੇ ਰਿਸ਼ਤੇਦਾਰਾਂ ਪੱਕੇ ਹੋਣ ਦੇ ਲਾਲਚ 'ਚ ਮੋਹਣ ਸਿੰਘ ਦੇ ਗਲ ਪਾ ਦਿੱਤੀ। ਨਾਲੇ ਮੋਹਣ ਸਿੰਘ ਨੇ ਆਪਣੇ ਇੰਡੀਆ ਕਰਾਕੇ ਆਏ ਵਿਆਹ ਬਾਰੇ ਕਿਸੇ ਕੋਲ ਧੂਹ ਤੱਕ ਨਹੀਂ ਸੀ ਕੱਢੀ। ਕੁਝ ਮਹੀਨੇ ਵਰਤ ਕੇ ਮੋਹਣ ਨੇ ਜਰਮਨੀ ਤੋਂ ਆਈ ਔਰਤ ਨੂੰ ਘਰੋਂ ਤੁਰਦਾ ਕੀਤਾ।

ਅੱਜ ਕਲ੍ਹ ਮੋਹਣ ਸਿੰਘ ਮਾਰਾ ਮਾਰਾ ਸੜਕਾ ਕੱਛਦਾ ਫਿਰਦਾ ਹੈ ਅਤੇ ਕੋਈ ਉਹਨੂੰ ਮੂੰਹ ਨਹੀਂ ਲਾਉਂਦਾ। ਨਿਆਣੇ ਆਪਣੇ ਪਿਉ ਦੀ ਸ਼ਕਲ ਤਕ ਨਹੀਂ ਦੇਖਣੀ ਚਾਹੁੰਦੇ ਤੇ ਉਹ ਸਰਕਾਰ ਹਿਫਾਜ਼ਤ ਵਿਚ ਗੋਰਿਆਂ ਦੇ ਰੰਗ ਵਿਚ ਰੰਗੇ ਜਾ ਰਹੇ ਹਨ। ਮੋਹਣ ਸਿੰਘ ਦੀ ਬੁੱਢੀ ਮਾਂ ਇਸ ਸਾਰੇ ਡਰਾਮੇ ਤੋਂ ਦੁਖੀ ਮਰਨ ਕਿਨਾਰੇ ਪਈ ਹੈ। ਮੋਹਣ ਸਿੰਘ ਦੀ ਪਹਿਲੀ ਪਤਨੀ ਪਾਗਲਾਂ ਦੇ ਹਸਪਤਾਲ 'ਚ ਬੈਠੀ ਆਪਣੇ ਹੱਡ ਗਾਲ੍ਹ ਰਹੀ ਹੈ ਅਤੇ ਸੁਰਿੰਦਰ ਇੰਡੀਆ ਬੈਠੀ ਸੜ ਭੁਜ ਰਹੀ ਹੈ

ਮੈਨੂੰ ਇਕ ਦਿੜ ਸੜਕ ਤੇ ਜਲੇਬੀ ਵਲ ਪਾਉਂਦਾ ਜਾਂਦਾ ਮੋਹਣ ਸਿੰਘ ਮਿਲਿਆ ਸੀ। ਮੈਨੂੰ ਦੇਖਦੇ ਸਾਰ ਹੀ ਉਹ ਗਾਲ੍ਹਾਂ ਬਕਣ ਲਗ ਪਿਆ। ਮੈਂ ਦਫਤਰ ਆ ਉਹਦੇ ਵਾਲੀ ਫਾਈਲ ਬੰਦ ਕਰ ਦਿਤੀ। ਹੁਣ ਨਿਆਣਿਆਂ ਲਈ ਕੋਈ ਏਸ਼ੀਅਨ ਪ੍ਰਵਾਰ ਲੱਭ ਰਿਹਾਂ ਜਿਥੇ ਉਹਨਾਂ ਨੂੰ ਫੋਸਟਰ ਕੀਤਾ ਜਾ ਸਕੇ ਪਰ ਕੋਈ ਪ੍ਰਵਾਰ ਮਿਲ ਨਹੀਂ ਰਿਹਾ। ਮੇਰੇ ਨਾਲ ਦੀ ਗੋਰੀ ਸੋਸ਼ਲ ਵਰਕਰ ਨਿਆਣਿਆਂ ਤੇ ਪੁੱਠੀ ਪੋਂਦ ਚਾੜ੍ਹ ਰਹੀ ਹੈ ਅਤੇ ਜਿੰਨਾ ਕੁ ਕੰਮ ਮੈਂ ਕੀਤਾ ਸੀ ਕਿ ਨਿਆਣੇ ਆਪਣੀ ਹਿੰਦੁਸਤਾਨੀ ਹੋਂਦ ਨੂੰ ਕਾਇਮ ਰੱਖ ਸਕਣ ਗੋਰੀ ਸੋਸ਼ਲ ਵਰਕਰ ਉਹਦੀ ਫੱਟੀ ਪੋਚ ਦਿੱਤੀ ਹੈ। ਨਸਲਵਾਦੀ ਢਾਂਚਾ ਬੱਚਿਆਂ ਨੂੰ ਗੋਰਿਆਂ ਦੇ ਸਭਿਆਚਾਰ 'ਚ ਰੰਗ ਰਿਹਾ ਅਤੇ ਇਸੇ ਕਰਕੇ ਨਿਆਣੇ ਹੁਣ ਨਾ ਤਾਂ ਪੰਜਾਬੀ 'ਚ ਗੱਲ ਹੀ ਕਰਦੇ ਹਨ ਅਤੇ ਨਾ ਹੀ ਦੇਸੀ ਖਾਣੇ ਨੂੰ ਖਾਣ ਦੀ ਕਦੇ ਇੱਛਾ ਜ਼ਾਹਿਰਦੇ ਹਨ। ਮੈਂ ਬਥੇਰੀ ਮਗਜ਼ ਪੱਚੀ ਕਰ ਬੈਠਾ ਪਰ ਇਕੱਲਾ ਦੇਸੀ ਸੋਸ਼ਲ ਵਰਕਰ ਹੋਣ ਕਰਕੇ ਮੇਰੀ ਕੋਈ ਵਾਹ ਪੇਸ਼ ਨਹੀਂ ਜਾਂਦੀ। ਮੇਰਾ ਇਸ ਗੋਰੀ ਟੀਮ ਨੇ ਜੀਉਣਾਂ ਦੁਭਰ ਕੀਤਾ ਪਿਆ ਹੈ ਅਤੇ ਜਦ ਵੀ ਮੈਂ ਕਿਸੇ ਦੇਸੀ ਨੁਕਤੇ ਬਾਰੇ ਗੱਲ ਕਰਦਾਂ ਸਾਰੇ ਗੋਰੇ ਗੋਰੀਆਂ ਮੁਸਖੜੀ ਹਾਸਾ ਹੱਸਣ ਲਗ ਪੈਂਦੇ ਆ।"

ਸਾਰੇ ਨਾਂ ਫਰਜ਼ੀ ਹਨ।

INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



C.S. Mangat
(Ex. Bank Manager)

MANGAT AGENCIES
#5 - 7307 King George Hwy, Surrey,
B.C. V3W 5A8

594-5711 594-2254

ਕਨੇਡਾ ਦਰਪਣ

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167

ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਲਈ ਵੋਟ ਦਾ ਹੱਕ

ਡੁਬਈ — ਭਾਰਤ ਦੀ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਇਥੇ ਕਿਹਾ ਕਿ ਭਾਰਤ ਸਰਕਾਰ ਵਲੋਂ ਅਜੇ ਅਜਿਹਾ ਕੋਈ ਕਦਮ ਨਹੀਂ ਚੁਕਿਆ ਗਿਆ ਜਿਸ ਨਾਲ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਦਿਤੇ ਜਾਣ। ਸ੍ਰੀ ਜਾਖੜ ਅਜਕਲ੍ਹ ਖਾੜੀ ਦੇ ਦੇਸ਼ਾਂ ਦੇ ਦੌਰੇ ਉਤੇ ਹਨ।

ਇਥੇ ਇਕ ਭਾਰਤੀ ਸਮਾਚਾਰ ਏਜੰਸੀ ਨਾਲ ਭੇਂਟ ਵਿਚ ਸ੍ਰੀ ਜਾਖੜ ਨੇ ਕਿਹਾ ਕਿ ਇਸ ਹਮਲੇ ਦੇ ਵੱਖ ਵੱਖ ਪਹਿਲੂਆਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ। ਪਰ ਭਾਰਤ ਸਰਕਾਰ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਲਈ ਦੂਹਰੀ ਸ਼ਹਿਰੀਅਤ ਦਾ ਮਸਲਾ ਵੀ ਅਹਿਮ ਹੈ — ਇਸ ਨੂੰ ਵੀ ਸੋਚਿਆ ਜਾਣਾ ਜ਼ਰੂਰੀ ਹੈ

FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

WHEATON PONTIAC BUICK GMC LTD.

GM Canada



Kuldip S. Jhand


ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SPECIAL PRICE ON NEW ACADIAN, FINANCE AVAILABLE - 8.8% LIMITED TIME



Bus: 526-2781 Res: 524-4137 Pager 687- 7711 #7610

325—12th St., New Westminster, B.C.



ਨਿਰਮਲ ਸਿੰਘ ਧਾਲੀਵਾਲ

Thinking of Buying or Selling

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

For The Best Selection & 100% Satisfaction

NIRMAL (Neil) DHALIWAL

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

WORKING 100% FOR YOU



LAKEVIEW REALTY LTD.
10732 KING GEORGE HWY., SURREY, B.C. V3T 2X7

ਦੋ .ਗ਼ਜ਼ਲਾਂ

ਇਕਵਿੰਦਰ ਗਿੱਲ

ਝੌਂਪੜੀਆਂ ਨੇ ਰੋਣਾ ਏਂ ਬਰਸਾਤਾਂ ਵਿਚ ।
ਮਹਿਲਾਂ ਨੇ ਖ਼ੁਸ਼ ਹੋਣਾ ਏਂ ਬਰਸਾਤਾਂ ਵਿਚ ।

ਕੱਚੇ ਘਰ ਨੇ ਚੋਣਾ ਏਂ ਬਰਸਾਤਾਂ ਵਿਚ ।
ਜਲ-ਥਲ ਜਲ-ਥਲ ਹੋਣਾ ਏ ਬਰਸਾਤਾਂ ਵਿਚ ।

ਕੱਚੇ ਰਸਤੇ ਉਪਰ ਘਰ ਹੈ ਸੱਜਣਾਂ ਦਾ,
ਏਸੇ ਗੱਲ ਦਾ ਰੋਣਾ ਏਂ ਬਰਸਾਤਾਂ ਵਿਚ ।

ਨੁੱਕਰ ਲੱਗ ਕੇ ਸਾਰੀ ਰਾਤ ਲੰਘਾਵਾਂਗੇ,
ਸਾਡਾ ਘਰ ਵੀ ਚੋਣਾ ਏਂ ਬਰਸਾਤਾਂ ਵਿਚ ।

ਕਾਲੇ ਬੱਦਲਾਂ 'ਚੋਂ ਜਦ ਬਿਜਲੀ ਚਮਕੇਗੀ
ਦਿਲ ਵਿਚ ਕੁਝ - ਕੁਝ ਹੋਣਾ ਏਂ ਬਰਸਾਤਾਂ ਵਿਚ ।

ਜਿਸ ਦੀ ਪਿਆਸ ਬੁਝੀ ਨਾ ਸਾਉਣ ਮਹੀਨੇ ਵੀ,
ਉਸ ਬਿਰਹਨ ਨੇ ਰੋਣਾ ਏਂ ਬਰਸਾਤਾਂ ਵਿਚ ।

ਪਦ-ਯਾਤਰਾ ਕਰਨੇ ਵਾਲੇ ਨੇਤਾ ਨੂੰ,
ਤੁਰਨਾ ਮੁਸ਼ਕਿਲ ਹੋਣਾ ਏਂ ਬਰਸਾਤਾਂ ਵਿਚ ।

ਧੂੜ 'ਚ ਲਥ-ਪਥ ਆਪਣਾ ਰੂਪ ਸੰਵਾਰਨ ਨੂੰ,
ਸੜਕਾਂ ਨੇ ਮੂੰਹ ਧੋਣਾ ਏਂ ਬਰਸਾਤਾਂ ਵਿਚ ।

ਅੰਬ ਚੂਪਣੇ ਹੋਣ ਤਾਂ ਆਇਓ 'ਪ੍ਰਹੀਰਾਂ',
'ਇਕਵਿੰਦਰ' ਘਰ ਹੋਣਾ ਏਂ ਬਰਸਾਤਾਂ ਵਿਚ ।

—o—

ਹਾਦਸਿਆਂ ਦੀ ਹਾਸੀ ਕਰਦੇ ਚੌਰਸਤੇ
ਹਾਦਸਿਆਂ ਤੋਂ ਹੁਣ ਨਾ ਡਰਦੇ ਚੌਰਸਤੇ ।

ਫੁਟਪਾਥ ਨੂੰ ਛੱਡ ਕੇ ਜਦ ਵੀ ਤੁਰਦਾ ਹਾਂ,
ਅਕਸਰ ਮੇਰਾ ਪਿੱਛਾ ਕਰਦੇ ਚੌਰਸਤੇ ।

ਉਸ ਦੇ ਘਰ ਵਲ ਆਉਂਦੇ ਇਕ ਰਸਤੇ ਵਿਚ,
ਸਿਮਟ ਗਏ ਨੇ ਦੁਨੀਆਂ ਭਰ ਦੇ ਚੌਰਸਤੇ ।

ਜਦ ਵੀ ਸੂਰਜ ਸੜਕਾਂ ਉਤੇ ਵਰ੍ਹਦਾ ਹੈ,
ਲਹਿਰਾਂ ਵਰਗਾ ਹਉਕਾ ਭਰਦੇ ਚੌਰਸਤੇ ।

ਸਾਰੇ ਸ਼ਹਿਰ 'ਚ ਇਹ ਕੀ ਹੋਣੀ ਵਰਤ ਗਈ,
ਸ਼ਾਮ ਢਲੇ ਹੀ ਸਾਂ-ਸਾਂ ਕਰਦੇ ਚੌਰਸਤੇ ।

ਸਾਡਾ ਸਾਇਆ ਕਰਦਾ ਸਾਡੀ ਜਾਸੂਸੀ,
'ਇਕਵਿੰਦਰ' ਨਿਗਰਾਨੀ ਕਰਦੇ ਚੌਰਸਤੇ ।

ਗੀਤਾਂ ਦੀਆਂ ਰੀਲਾਂ

ਸੱਜਣਾ ਓ ਸੱਜਣਾ

ਮਲਕੀਤ ਜਿੰਨਾ ਇੰਗਲੈਂਡ ਵਸਦੇ ਪੰਜਾਬੀਆਂ ਦਾ ਚਹੇਤਾ ਹੈ ਉਸ ਤੋਂ ਕਿਤੇ ਵੱਧ ਪੰਜਾਬ ਵਾਸੀ ਉਸ ਨੂੰ ਚਾਹੁੰਦੇ ਹਨ। ਜਲੰਧਰ ਟੈਲੀਵੀਜ਼ਨ ਰਾਹੀਂ ਉਹ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਿਆ ਹੋਇਆ ਹੈ। ਚੰਨੀ ਦੀ ਹਰਮਨ ਪਿਆਰਤਾ ਦੀ ਜੇ ਕਿਸੇ ਨੇ ਇੰਗਲੈਂਡ ਅਤੇ ਪੰਜਾਬ ਵਿਚ ਹੁਣ ਬਰਾਬਰਤਾ ਕੀਤੀ ਹੈ ਤਾਂ ਉਹ ਮਲਕੀਤ ਹੈ।



ਐਚ. ਐਮ. ਵੀ. ਕੰਪਨੀ ਨੇ ਕੁਝ ਦਿਨ ਪਹਿਲਾਂ ਮਲਕੀਤ ਦੇ ਗੀਤਾਂ ਦੀ ਕੈਸੇਟ 'ਸੱਜਣਾ ਓ ਸੱਜਣਾ' ਟਾਈਟਲ ਹੇਠ ਰਿਲੀਜ਼ ਕੀਤੀ ਹੈ। ਇਸ ਦੀ ਰਿਕਾਰਡਿੰਗ ਤੇ ਪ੍ਰੋਡਕਸ਼ਨ, 'ਓਰੀਐਂਟਲ ਸਟਾਰ ਏਜੰਸੀ ਬਰਮਿੰਘਮ' ਨੇ ਕੀਤੀ ਹੈ ਤੇ ਇਸ ਨੂੰ ਭਾਰਤ ਤੇ ਇੰਗਲੈਂਡ ਵਿਚ ਇਕੋ ਵੇਲੇ ਰਿਲੀਜ਼ ਕੀਤਾ ਗਿਆ ਹੈ।

ਇਸ ਕੈਸੇਟ 'ਚ ਅੱਠ ਗੀਤ ਹਨ। ਸਾਰਿਆਂ ਦੀ ਵੰਨਗੀ ਵੱਖੋ ਵੱਖ ਹੈ। ਪਹਿਲਾ ਗੀਤ "ਤੂਤਕ ਤੂਤਕ ਤੂਤੀਆਂ — ਹਈ ਜਮਾਲੋ', ਬਿਲਕੁਲ ਵੱਖਰੇ ਅੰਦਾਜ਼ ਵਿਚ ਗਾਇਆ ਹੈ ਮਲਕੀਤ ਨੇ। ਇਹ ਗੀਤ ਲਿਖਿਆ ਹੈ ਵੀਰ ਰਹੀਮਪੁਰੀ ਨੇ। ਪਹਿਲੇ ਗੀਤ ਤੋਂ ਬਾਅਦ ਨੇ ਬੋਲੀਆਂ ਜਿਹੜੀਆਂ ਅਸੀਂ ਸਾਰਿਆਂ ਨੇ ਬਹੁਤ ਸੁਣੀਆਂ ਹਨ। ਇਨ੍ਹਾਂ ਬੋਲੀਆਂ ਨੂੰ ਹੋਰ ਵੀ ਬਹੁਤ ਸਾਰੇ ਗਾਇਕਾਂ ਨੇ ਆਪੋ ਆਪਣੇ ਅੰਦਾਜ਼ ਵਿਚ ਗਾਇਆ ਹੈ। ਪਰ ਮਲਕੀਤ ਨੇ ਇਨ੍ਹਾਂ ਵਿਚ ਵਾਧਾ ਕੀਤਾ ਹੈ ਪਿੰਡਾਂ ਵਿਚ ਪੈਂਦੇ ਗਿੱਧਿਆਂ ਦੇ ਟੋਟਕੇ ਜੋੜ ਕੇ ਤੇ ਵੱਖਰੀ ਕੰਪੋਜ਼ੀਸ਼ਨ ਵਿਚ ਤਿਆਰ ਕਰਕੇ ਇਨ੍ਹਾਂ ਬੋਲੀਆਂ ਨੂੰ ਮੁੜ ਪਾਲਿਸ਼ ਕਰ ਦਿੱਤੀ ਹੈ। ਇਸ ਕੈਸੇਟ ਦਾ ਟਾਈਟਲ ਗੀਤ :
"ਵੇ ਤੂੰ ਇਕ ਵਾਰੀ ਬੋਲ, ਘੁੰਡੀ ਦਿਲ ਵਾਲੀ ਖੋਲ"।

ਸਾਨੂੰ ਤੇਰੇ ਜਿਹਾ ਸੋਹਣਾ ਮਾਹੀ ਨੀ ਲੱਭਣਾ, ਸੱਜਣਾ ਓ ਸੱਜਣਾ — ਮਲਕੀਤ ਦਾ ਲਿਖਿਆ ਹੋਇਆ ਹੈ ਤੇ ਗਾਇਆ ਵੀ ਖ਼ੂਬਸੂਰਤੀ ਨਾਲ ਹੈ।

ਜਲੰਧਰ ਟੀ. ਵੀ. ਤੋਂ ਕਈ ਵਾਰ ਪ੍ਰਸਾਰਿਤ ਹੋਇਆ ਗੀਤ, ਮਾਵਾਂ ਠੰਢੀਆਂ ਛਾਵਾਂ, ਇਸ ਕੈਸੇਟ ਵਿਚ ਮਲਕੀਤ ਨੇ ਬਹੁਤ ਸ਼ਿੱਦਤ ਨਾਲ ਗਾਇਆ ਹੈ। ਪ੍ਰਦੇਸ ਗਏ ਦਾ ਪਿੱਛੇ ਆਪਣੇ ਵਤਨ ਨਾਲ ਮੋਹ ਅਤੇ ਉਦਰੇਵਾਂ ਇਸ ਗੀਤ ਵਿਚੋਂ ਝਲਕਦਾ ਹੈ। ਇਸ ਗੀਤ ਦੇ ਬੋਲ ਹਨ :

'ਨੀ ਚਿੱਠੀਏ ਵਤਨਾਂ ਦੀਏ, ਤੈਨੂੰ ਚੁੰਮ ਅੱਖੀਆਂ ਨਾਲ ਲਾਵਾਂ, ਪੁੱਤ ਪਰਦੇਸੀ ਹੋਣ ਜਿਨ੍ਹਾਂ ਦੇ, ਰਾਹਾਂ ਉਡੀਕਣ ਮਾਵਾਂ' — ਸੁਣਨ ਵਾਲੇ ਨੂੰ ਇਕ ਵਾਰੀ ਤਾਂ ਉਦਾਸ ਕਰ ਦਿੰਦਾ ਹੈ। ਇਹ ਗੀਤ ਲਿਖਿਆ ਹੈ ਅਜੀਜ ਜਲੰਧਰੀ ਨੇ

ਇਸ ਤੋਂ ਇਲਾਵਾ 'ਹਾਏ ਓ ਡੰਗ ਮਾਰ ਗਈ' 'ਮੇਰਾ ਵਿਆਹ ਕਰਵਾਦੇ ਨੀ ਭਾਬੀ', 'ਕੁੜੀਏ ਤੂੰ ਬਣ ਸਪਣੀ' ਅਤੇ 'ਦੇਖ ਕੇ ਕਲੱਬ ਵਿਚ ਬੈਠੀ ਕੁੜੀ 'ਕੱਲੀ, ਹਾਣ ਦੇ ਮੁੰਡੇ ਨੇ ਆਣ ਕੋਲ ਸੀਟ ਮੱਲੀ, ਕਹਿੰਦਾ ਕੁੜੀ ਨੂੰ ਬੁਲਾਉਣ ਨੂੰ ਜੀਅ ਕਰਦਾ, ਅੱਜ ਭੰਗੜਾ ਪਾਉਣ ਨੂੰ ਜੀਅ ਕਰਦਾ' ਸਚਮੁਚ ਸੁਣਨ ਵਾਲੇ ਨੂੰ ਭੰਗੜਾ ਪਾਉਣ ਲਾ ਦਿੰਦਾ ਹੈ।

ਇਸ ਕੈਸੇਟ ਦਾ ਸੰਗੀਤ ਦਿੱਤਾ ਹੈ 'ਸੁਖਵਿੰਦਰ ਅਤੇ ਧੀਰਜ' ਨੇ। ਸੰਗੀਤ ਐਨਾ ਢੁਕਵਾਂ ਅਤੇ ਹਿੱਟ ਹੈ ਕਿ ਸਰੋਤੇ ਦਾ ਅੰਗ ਸੰਗ ਨੱਚਣ ਲਾ ਦਿੰਦਾ ਹੈ। ਰਹਿੰਦੀ ਕਸਰ ਗੀਤਾਂ ਵਿਚ ਦਿੱਤੇ ਕੋਰਸਾਂ ਨੇ ਅਤੇ ਨਾਲ ਚੁਕੀਆਂ ਆਵਾਜ਼ਾਂ ਨੇ ਪੂਰੀ ਕਰ ਦਿੱਤੀ ਹੈ।

ਮਲਕੀਤ ਦੀ ਹਰਮਨਪਿਆਰਤਾ ਐਨੀ ਹੈ ਕਿ ਐਚ ਐਮ ਵੀ ਕੰਪਨੀ ਨੇ ਕੈਸੇਟ ਰਿਲੀਜ਼ ਕਰ ਕੇ ਹਾਲੇ ਪਿੱਠ ਵੀ ਨੀ ਮੋੜੀ ਸੀ ਕਿ ਮਾਰਕੀਟ ਵਿਚ ਡੁਪਲੀਕੇਟ ਕੈਸੇਟ ਧੜਾਧੜ ਆ ਗਈ। ਮਲਕੀਤ ਇੰਗਲੈਂਡ ਦਾ ਤਾਂ ਸਟਾਰ ਗਾਇਕ ਹੈ ਹੀ ਹੁਣ ਪੰਜਾਬ ਦਾ ਵੀ ਹਰਮਨ ਪਿਆਰਾ ਗਾਇਕ ਬਣ ਗਿਆ ਹੈ।

ਪੰਜਾਬੀ ਗਿੱਧਾ ਤੇ ਬੋਲੀਆਂ

ਪਰਮਜੀਤ ਪੰਮੀ ਦੀ ਆਵਾਜ਼ 'ਚ ਇਕ ਹੋਰ ਕੈਸੇਟ ਐਚ ਐਮ ਵੀ ਕੰਪਨੀ ਵਾਲਿਆਂ ਕੱਢੀ ਹੈ ਜਿਸ ਦੇ ਦੋਵੇਂ ਪਾਸੇ ਗਿੱਧੇ ਦੀਆਂ ਨਾਨ ਸਟਾਪ ਬੋਲੀਆਂ ਹਨ ਪੂਰੀ ਕੈਸੇਟ ਵਿਚ ਪਰਮਜੀਤ ਪੰਮੀ ਅਤੇ ਸਾਥੀਆਂ ਨੇ ਨਵੀਆਂ ਪੁਰਾਣੀਆਂ ਬੋਲੀਆਂ ਨੂੰ ਇਕ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ।

ਤਿੰਨ ਗੀਤਕਾਰਾਂ ਨਿਰਮਲ ਪੁਰੇਵਾਲ, ਹਰਬੰਸ ਜੰਡੂ ਅਤੇ ਬਾਲੀ ਸੰਧੂ ਦੀਆਂ ਲਿਖੀਆਂ ਜਾਂ ਸੰਕਲਿਤ ਕੀਤੀਆਂ ਬੋਲੀਆਂ ਅਤੇ ਟੱਪਿਆਂ ਨੂੰ ਪਰਮਜੀਤ ਪੰਮੀ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿਚ ਬਿਨਾਂ ਸਾਹ ਲਿਆਂ ਗਾਇਆ ਹੈ ਤੇ ਰਹਿੰਦੀ ਕਸਰ ਚਰਨਜੀਤ ਅਹੂਜਾ ਦੇ ਖ਼ੂਬਸੂਰਤ ਤੇ ਢੁਕਵੇਂ ਸੰਗੀਤ ਨੇ ਪੂਰੀ ਕਰ ਦਿੱਤੀ ਹੈ।

ਇਸ ਕੈਸੇਟ ਦਾ ਨਾਂ ਹੀ 'ਪੰਜਾਬੀ ਗਿੱਧਾ ਤੇ ਬੋਲੀਆਂ' ਰੱਖਿਆ ਹੈ। ਬੇਸ਼ਕ ਬਹੁਤ ਸਾਰੀਆਂ ਬੋਲੀਆਂ ਪਹਿਲਾਂ ਗਾਹੇ ਬਗਾਹੇ ਅਸੀਂ ਸਾਰਿਆਂ ਨੇ ਸੁਣੀਆਂ ਹੋਈਆਂ ਹਨ, ਪ੍ਰੰਤੂ ਜਿਸ ਅੰਦਾਜ਼ ਅਤੇ ਲੜੀ 'ਚ ਪਰੋਅ ਕੇ ਇਨ੍ਹਾਂ ਨੂੰ ਪੇਸ਼ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਨਵਾਂਪਣ ਝਲਕਦਾ ਹੈ ਤੇ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ।

ਇਹ ਕੈਸੇਟ ਸਕੂਲਾਂ ਕਾਲਜਾਂ ਵਿਚ ਪੈਂਦਿਆਂ ਗਿੱਧਿਆਂ ਵਿਚ ਵਜਿਆ ਕਰੂਗੀ, ਇਹ ਇਸ ਵਿਚ ਪੇਸ਼ ਬੋਲੀਆਂ ਨੂੰ ਸੁਣ ਕੇ ਲਗਦਾ ਹੈ। ਸ਼ਾਇਦ ਇਹ ਪਹਿਲੀ ਕੈਸੇਟ ਹੈ ਜਿਸ ਦੇ ਦੋਵੀਂ ਪਾਸੇ ਬੋਲੀਆਂ ਰਿਕਾਰਡ ਕੀਤੀਆਂ ਗਈਆਂ ਹਨ ਤੇ ਪਰਮਜੀਤ ਪੰਮੀ ਨੇ ਇਨ੍ਹਾਂ ਸਾਰੀਆਂ ਬੋਲੀਆਂ ਨੂੰ ਗਾਇਆ ਵੀ ਬਹੁਤ ਖੁਲ੍ਹ ਕੇ ਹੈ। ਜੇ ਨਿਰਪੱਖ ਤੌਰ 'ਤੇ ਇਸ ਕੈਸੇਟ ਬਾਰੇ ਰਾਏ ਪ੍ਰਗਟ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਕ ਨਵੇਂ ਅੰਦਾਜ਼ ਵਿਚ ਪੇਸ਼ ਕੀਤੀਆਂ ਬੋਲੀਆਂ ਦੀ ਵਧੀਆ ਕੈਸੇਟ ਹੈ।

—ਸੁਰਿੰਦਰ ਸਿੰਘ

ਕਨੈਡੇ ਦਾ ਹੁਸਨ

ਗੁਰਬਚਨ ਸਿੰਘ 'ਝੱਲੀ', ਵੈਨਕੂਵਰ

ਸਵੈਯਾ —
ਦੇਖਿਆ ਆ ਕੇ ਕਨੇਡੇ 'ਚ ਕਿਆ ਕਿਆ,
ਇੰਡੀਆ ਤੋਂ ਵਖਰਾ ਸਭ ਕੁਝ ਪਿਆਰੇ।
ਓੜਕ ਸਾਇੰਸ ਦਾ ਦੇਖ ਕੇ ਜਾਪੇ,
ਮਾਰੇ ਬੰਦਾ ਰੱਬ ਨੂੰ ਲਲਕਾਰੇ
ਓੜਕ ਦੀ ਦੇਖੀ ਮਸ਼ੀਨਰੀ ਇਥੇ
ਕਾਰੀਗਰਾਂ ਦੇ ਜਾਈਏ ਬਲਹਾਰੇ।
ਹਰ ਚੀਜ਼ ਦੇਖੀ ਅਚੰਭੇ ਦੀ ਇਥੇ,
ਮਸ਼ੀਨਾਂ ਕਰਨ ਕੰਮ ਬੰਦੇ ਦੇ ਸਾਰੇ।

ਸਵੈਯਾ -
ਇੰਡੀਆ 'ਚ ਦੇਖੇ ਨਾ ਸਾਰੀ ਉਮਰ ਜੋ,
ਕੌਤਕ ਉਹ ਦੇਖੇ ਕੈਨੇਡੇ 'ਚ ਭਾਰੇ।
ਕਰਕੇ ਸਵਾਰੀ ਪਲੇਨ ਦੀ ਦੇਖੀ,
ਪਾਣੀ 'ਚ ਫੈਰੀ ਦੇ ਦੇਖੇ ਹੁਲਾਰੇ।
ਇੰਡੀਆ ਤੋਂ ਆਕੇ ਸਮੁੰਦਰ ਵੀ ਦੇਖਿਆ,
ਬੀਚ ਵੀ ਦੇਖੀ ਸਮੁੰਦਰੀ ਕਿਨਾਰੇ।
ਬੰਦੇ ਇਥੇ ਸਾਰੀ ਦੁਨੀਆਂ ਦੇ ਦੇਖੇ,
ਹਰ ਕੰਟਰੀ ਦੇ ਨਿਆਰੇ ਨਿਆਰੇ।

ਸਵੈਯਾ —
ਬੇ-ਅੰਤ ਦੇਖੇ ਡਰੈਸ ਲੇਡੀਆਂ ਦੇ,
ਬੇ-ਅੰਤ ਫੈਸ਼ਨ ਦੇ ਦੇਖੇ ਨਜ਼ਾਰੇ।
ਸਟੋਰਾਂ 'ਚ ਦੇਖ ਕੇ ਰੰਗੀਨ ਚੇਹਰੇ,
ਹੱਥ ਵਿਚ ਦਿਲ ਫੜ ਕੇ ਫਿਰਦੇ ਕੁਆਰੇ।
ਬੇ-ਅੰਤ ਗੋਰੀ ਫਿਰੇ ਅਰਧ-ਨੰਗੀ,
ਹੁਸਨ ਨਾ ਜਾਂਦੇ ਜਿਨ੍ਹਾਂ ਦੇ ਸਹਾਰੇ।
ਬੜੇ ਬਾਂਕੇ ਬਾਂਕੇ ਫਿਰਨ ਜੋੜੇ ਜੋੜੇ
ਗੋਰੇ ਤੇ ਗੋਰੀਆਂ ਰੂਪ ਸ਼ਿਂਗਾਰੇ।

ਸਵੈਯਾ —
ਦਿਲ ਕਾਬੂ ਰਹਿੰਦਾ ਨਾ ਹਰਗਿਜ਼ ਬੰਦੇ ਦਾ,
ਲੇਡੀਆਂ ਨੇ ਐਸੇ ਜੋਬਨ ਨਿਖਾਰੇ।
ਬੁਢਿਆਂ ਨੂੰ ਰੋਡ ਤੇ ਆਵੇ ਜਵਾਨੀ,
ਮੇਕ-ਅਪ ਦੇ ਸ਼ਾਮ ਨੂੰ ਕਰਕੇ ਦੀਦਾਰੇ।
ਜਲਵੇ ਨੂੰ ਤਕ ਡਿਗੇ ਅਸਮਾਨੋਂ ਬਿਜਲੀ,
ਆਸ਼ਕਾਂ ਨੂੰ ਜਿਹੜੀ ਤੜਪਾ ਕੇ ਮਾਰੇ।
ਦੇਖੀ ਆਜ਼ਾਦੀ ਓੜਕ ਦੀ ਇਥੇ,
ਓੜਕ ਦਾ ਫੈਸ਼ਨ ਹਾਏ ਵਾਰੇ ਵਾਰੇ।

ਸਵੈਯਾ -
ਜਵਾਨੀ ਦਾ ਓੜਕ ਤੇ ਸ਼ੋਖੀ ਦਾ ਓੜਕ,
ਲੜਕੀਆਂ ਚੰਚਲ ਵਾਂਗਰਾਂ ਪਾਰੇ।
ਗਸ਼ ਖਾ ਕੇ ਡਿਗਦੀਆਂ ਪਰੀਆਂ ਵੀ ਇਥੇ,
ਨੂਰੀਆਂ ਤੋਂ ਸੁਹਣੇ ਖਾਕੀ ਦੁਲਾਰੇ।
ਕੈਨੇਡੇ ਦੀ ਲੇਡੀ ਦੇ ਸਨ-ਮੁਖ ਨਾ ਹੁੰਦਾ,
ਲੁਕਿਆ ਰਹੇ ਚੰਨ ਸ਼ਰਮ ਦੇ ਮਾਰੇ।
ਹੇਅਰ ਸਟਾਇਲ ਦਾ ਦੇਖਿਆ ਓੜਕ
ਲੇਡੀਆਂ ਨੇ ਐਸੇ ਵਾਲ ਸ਼ਿੰਗਾਰੇ।

ਸਵੈਯਾ -
ਦਿਲਾਂ ਉਤੇ ਪੈਂਦੇ ਦਿਨੀ ਦੀਵੇ ਡਾਕੇ,
ਅਨਭੋਲ ਲੁੱਟ ਹੋ ਜਾਂਦੇ ਵਿਚਾਰੇ।
ਸਤਰੰਗੀ ਪੀਂਘ ਅਕਾਸ਼ ਤੇ ਪੈਂਦੀ,
ਲਾਲ ਗੁਲਾਬ ਦੇ ਚਲਣ ਫੁਆਰੇ।
ਐਕਸਪੋ ਦੇਖਿਆ ਦੁਨੀਆਂ ਤੋਂ ਬਾਹਰਾ,
ਅਕਾਸ਼ 'ਚ ਰੇਲ ਦੇ ਦੇਖੇ ਤਰਾਰੇ।
ਬਿਲਡਿੰਗਾਂ ਦੇਖ ਸਿਰੋਂ ਪੱਗ ਲਹਿੰਦੀ
ਅਸਮਾਨ ਨਾਲ ਗੱਲਾਂ ਕਰਦੇ ਮੁਨਾਰੇ।

ਸਵੈਯਾ —
ਹੋਣੀ ਹੈ ਬਾਰਸ਼ ਕਿ ਧੁੱਪ, ਸਨੋਅ, ਧੁੰਦ,
ਦੋ ਦਿਨ ਪਹਿਲਾਂ ਇਹ ਪੇਪਰ ਪੁਕਾਰੇ।
ਇਕ ਅਚੰਭਾ ਪਹਾੜੀ ਤੇ ਡਿੱਠਾ,
ਵਗਣ ਹੇਠੋਂ ਉਤੇ ਨੂੰ ਪਾਣੀ ਦੇ ਧਾਰੇ।
ਹਰ ਵੇਲੇ ਹਰ ਪਾਸੇ ਬਿਜਲੀ ਦਾ ਪਹਿਰਾ,
ਆਉਂਦੇ ਨਜ਼ਰ ਨਹੀਂ ਚੰਨ ਤੇ ਤਾਰੇ।
ਆਕਾਸ਼ 'ਚ ਦੇਖੀ ਐਡਵਰਟਾਇਜ਼ਮੈਂਟ,
ਉਡਦੇ ਦੇਖੇ ਬੰਦੇ ਨਾਲ ਗੁਬਾਰੇ।

ਸਵੈਯਾ —
ਅਰਸ਼ ਨੂੰ ਪੌੜੀਆਂ ਲਗੀਆਂ ਜਾਪਣ,
ਡਾਊਨ ਟਾਊਨ ਦੇ ਦੇਖ ਚੁਬਾਰੇ।
ਸੱਠ ਹਜ਼ਾਰ ਬੰਦਾ ਬੈਠ ਜਾਵੇ,
ਸਟੇਡੀਅਮ ਨੇ ਐਨੇ ਪੈਰ ਪਸਾਰੇ।
ਅਚੰਭੇ ਦੇ ਸੀਨ, ਅਚੰਭੇ ਦੇ ਡਾਨਸ,
ਅਚੰਭੇ ਦੇ ਰੰਗ ਤਮਾਸ਼ੇ ਕਰਾਰੇ।
ਇਕ ਅਚੰਭਾ ਹੇਠਾਂ ਰੋਡ ਵਗਦੀ,
ਰੋਡ ਦੇ ਉਪਰ ਦਰਿਆ ਠਾਠਾਂ ਮਾਰੇ।

ਸਵੈਯਾ —
ਸਮੁੰਦਰ 'ਚ ਗੋਰੇ ਤੇ ਗੋਰੀਆਂ ਨਹਾਵਣ,
ਅਰਸ਼ ਤੋਂ ਧਰਤੀ ਤੇ ਉਤਰੇ ਸਿਤਾਰੇ।
ਜਿਧਰ ਵੀ ਦੇਖੋ ਉਧਰ ਅੱਗ ਵਲਦੀ,
ਜਿਧਰ ਵੀ ਦੇਖੋ ਸ਼ਰਾਰੇ ਸ਼ਰਾਰੇ।
ਜ਼ਮਾਨਾ ਸਕੱਰਟਾਂ ਤੇ ਪੈਂਟਾਂ ਦਾ ਆਇਆ,
ਨਾ ਸਲਵਾਰਾਂ ਰਹੀਆਂ ਨਾ ਰਹਿ ਗਏ ਗਰਾਰੇ।
ਪਸਾਰਾ ਹੈ ਬਹੁਤਾ ਤੇ ਦਸਣਾ ਹੈ ਔਖਾ,
"ਝੱਲੀ" ਵਾਂਗੂ ਕਵੀ ਲਿਖ ਲਿਖ ਕੇ ਹਾਰੇ।

ਵਪਾਰ ਵਿਚ ਵਾਧੇ ਲਈ

ਯਾਦ ਰੱਖੋ

The Manitoba Mirror

ਨਵਾਂ ਸਾਲ ਮੁਬਾਰਕ !

ਮੈਨੀਟੋਬਾ ਦਰਪਣ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

NORTH AMERICAN LIFE

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

RRSP ■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4



Raj Singh Maan Sales Manager

Res. 694-0731

Commissioner for oaths

V.I.P. SUPERMARKET

Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

V.I.P. SUPERMARKET
739, Elice Ave. WINNIPEG, MAN.

Moti Flour Industries

620 - Sophia St., SELKIRK — MAN.

Ph. 204-482-4111
Or. 204-785-1054

100% ਡੂਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ
ਸਕਦਾ ਹੈ



BALDEV S. BEDI M.A. B.A. (Hons.)
BROKER AND COMMISSIONER
FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣਾ ਜਾਂ ਵੇਚਣਾ ਚਾਹੁੰਦੇ ਹੋ ?

ਮੁਫਤ ਸਲਾਹ ਮਸ਼ਵਰੇ ਲਈ ਫ਼ੋਨ ਕਰੋ :

ਬਲਦੇਵ ਸਿੰਘ ਬੇਦੀ M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜਨਿਸ ਹੋਵੇ !
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

Bus. 269-4411, Res. 261-7598,

24 Hrs: 942-0141

Pager 6366

AMAN REALTY
1223 Markham Road Winnipeg Man. R3T 4B1

ਫਿਲਮਾਂ ਤੇ ਸਭਿਆਚਾਰ

ਆਰ. ਕੇ. ਦਾ ਕੰਮ ਚਾਲੂ

ਸ਼ੁਕਰ ਹੈ ਰੱਬ ਦਾ ਜੋ ਰਣਧੀਰ ਕਪੂਰ ਨੇ ਆਪਣੇ ਸਵਰਗੀ ਪਿਤਾ ਰਾਜ ਕਪੂਰ ਦੀ ਕੁਰਸੀ ਸੰਭਾਲ ਲਈ ਹੈ ਤੇ ਹੁਣ ਉਨ੍ਹਾਂ ਦੇ ਅਧੂਰੇ ਕੰਮ ਨੂੰ ਪੂਰੇ ਜ਼ੋਰਸ਼ੋਰ ਨਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਉਸ ਨੇ 'ਹਿਨਾ' ਮੁੜ ਸ਼ੁਰੂ ਕਰ ਦਿੱਤੀ ਹੈ ਤੇ ਦਫਤਰ 'ਚ ਸਾਰਿਆਂ ਨੂੰ ਸੁਸਤੀ ਛੱਡ ਦੇਣ ਦਾ ਹੁਕਮ ਦਿੱਤਾ ਹੈ। ਆਰ. ਕੇ. ਸਟੂਡੀਓ ਫਿਰ ਪਹਿਲਾਂ ਦੀ ਤਰ੍ਹਾਂ ਚਹਿਕਣ ਲਗ ਪਿਆ ਹੈ।

ਪੂਨਮ ਢਿੱਲੋਂ ਵੀ ਨਿਰਦੇਸ਼ਕਾ



ਹੁਣ ਅਭਿਨੇਤਰੀ ਪੂਨਮ ਢਿੱਲੋਂ ਵੀ ਫਿਲਮ ਨਿਰਦੇਸ਼ਨ ਕਰੇਗੀ। ਅਸ਼ੋਕ ਠਕਰੀਆ ਨਾਲ ਵਿਆਹ ਕਰਨ ਤੋਂ ਪਹਿਲਾਂ ਪੂਨਮ ਨੇ ਫਿਲਮਾਂ ਸਾਈਨ ਕਰਨੀਆਂ ਬੰਦ ਕਰ ਦਿੱਤੀਆਂ ਸਨ ਤੇ ਇਸ ਵੇਲੇ ਉਸ ਕੋਲ ਕੋਈ ਵੀ ਫਿਲਮ ਨਹੀਂ। ਪਰ ਪੂਨਮ ਢਿੱਲੋਂ ਫਿਲਮੀ ਦੁਨੀਆਂ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਉਸ ਦਾ ਕਹਿਣਾ ਹੈ ਕਿ ਉਹ ਫਿਲਮਾਂ 'ਚ ਰੋਲ ਨ ਸਹੀ ਨਿਰਦੇਸ਼ਨ ਹੀ ਕਰੇਗੀ। ਉਹ ਛੇਤੀ ਹੀ ਇਕ ਫਿਲਮ ਸ਼ੁਰੂ ਕਰਨਾ ਚਾਹੁੰਦੀ ਹੈ। ਪਰ ਉਸ ਨੂੰ ਆਪਣੀ ਫਿਲਮ ਲਈ ਇਕ ਔਰਤ ਪ੍ਰਧਾਨ ਕਹਾਣੀ ਦੀ ਲੋੜ ਹੈ।

ਹਾਲੇ ਵੀ ਹਿੰਦੀ ਫਿਲਮਾਂ 'ਚ

ਰਜਨੀਕਾਂਤ ਕੋਲ ਜਦੋਂ ਹਿੰਦੀ ਫਿਲਮਾਂ ਨਹੀਂ ਰਹੀਆਂ ਤਾਂ ਉਹ ਹਾਲੀਵੁੱਡ ਦੀਆਂ ਫਿਲਮਾਂ 'ਚ ਕੰਮ ਕਰਨ ਲਗ ਪਿਆ ਸੀ। ਲੋਕਾਂ ਨੇ ਸੋਚਿਆ ਕਿ ਸ਼ਾਇਦ ਰਜਨੀਕਾਂਤ ਬਿਲਕੁਲ ਹੀ ਹਿੰਦੀ ਫਿਲਮਾਂ ਵਿਚੋਂ ਗਾਇਬ ਹੋ ਗਿਆ ਹੈ। ਪਰ ਉਹ ਤਾਂ ਹਾਲੇ ਵੀ ਹਿੰਦੀ ਫਿਲਮਾਂ 'ਚ ਆ ਰਿਹਾ ਹੈ। ਇਸ ਵੇਲੇ ਉਹ ਰਮੇਸ਼ ਸਿੱਪੀ ਦੀਆਂ ਦੋ ਫਿਲਮਾਂ 'ਜ਼ਮੀਨ' ਅਤੇ 'ਭ੍ਰਿਸ਼ਟਾਚਾਰ' 'ਚ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਉਸ ਨੂੰ ਤਿੰਨ ਫਿਲਮਾਂ 'ਹਮ' 'ਰੁਦਰ' ਤੇ 'ਸ਼ਿਨਾਖਤ' ਵੀ ਮਿਲ ਗਈਆਂ ਹਨ।

ਦਿਲ ਦਾ ਮਾਮਲਾ ਹੈ



ਸੰਨੀ ਦਿਓਲ ਤੇ ਡਿੰਪਲ ਕਪਾਡੀਆ ਦੇ ਰੋਮਾਂਸ ਦੇ ਚਰਚੇ ਅੱਜ ਕੱਲ੍ਹ ਫਿਰ ਹਰ ਜ਼ੁਬਾਨ 'ਤੇ ਆਉਣ ਲਗ ਪਏ ਹਨ। ਡਿੰਪਲ ਨੇ ਰਾਜੇਸ਼ ਖੰਨਾ ਦੇ ਘਰ ਵਾਪਸ ਮੁੜਨ ਤੋਂ ਸਾਫ ਮਨ੍ਹਾ ਕਰ ਦਿੱਤਾ ਹੈ। ਉਸ ਨੇ ਆਪਣੇ ਲਈ ਇਕ ਅਲੱਗ ਬੰਗਲਾ ਲੈ ਲਿਆ ਹੈ। ਉਸ ਦੀਆਂ ਦੋਵੇਂ ਬੱਚੀਆਂ ਉਸ ਦੇ ਮਾਂ ਬਾਪ ਕੋਲ ਹਨ। ਤੇ ਹੁਣ ਹਰ ਸ਼ਾਮ ਸੰਨੀ ਦਿਓਲ ਦੀ ਡਿੰਪਲ ਦੇ ਇਸ ਨਵੇਂ ਬੰਗਲੇ 'ਤੇ ਆਣੀ ਜਾਣੀ ਵੀ ਵਧ ਗਈ ਹੈ। 'ਮੰਜ਼ਿਲ ਮੰਜ਼ਿਲ' ਤੋਂ ਸ਼ੁਰੂ ਹੋਇਆ ਪਿਆਰ ਦਾ ਸਿਲਸਿਲਾ ਹੁਣ ਆਖਿਰੀ ਮੰਜ਼ਿਲ ਤਕ ਪਹੁੰਚਣ ਵਾਲਾ ਹੈ।

ਜ਼ੀਨਤ ਮੁੜ ਫਿਲਮਾਂ 'ਚ

ਜ਼ੀਨਤ ਅਮਾਨ ਫਿਲਮਾਂ 'ਚ ਵਾਪਸ ਆ ਗਈ ਹੈ। ਕਮਾਲ ਇਹ ਹੋਇਆ ਹੈ ਕਿ ਉਹ ਇਸ ਵਾਰ ਵੀ ਆਪਣੇ ਕੈਰੀਅਰ ਦਾ ਆਗਾਜ਼ ਕਬੀਰ ਬੇਦੀ ਨਾਲ ਹੀ ਕਰੇਗੀ। ਇਸ ਸਾਰੇ ਕਮਾਲ ਨੂੰ ਕਰਨ ਵਾਲਾ ਨਿਰਮਾਤਾ ਨਿਰਦੇਸ਼ਕ ਵਿਵੇਕ ਵਾਸਵਾਨੀ ਹੈ। ਜ਼ੀਨਤ ਅਮਾਨ ਨੇ ਤਾਂ ਮਜ਼ਹਰ ਖਾਨ ਨਾਲ ਵਿਆਹ ਕਰਨ ਪਿਛੋਂ ਫਿਲਮਾਂ ਵਲੋਂ ਬਿਲਕੁਲ ਮੂੰਹ ਮੋੜ ਲਿਆ ਸੀ ਤੇ ਫਿਰ ਮਾਂ ਬਣਨ ਮਗਰੋਂ ਆਪਣੇ ਬੱਚੇ 'ਅੰਜਾਨ' ਦੀ ਦੇਖਭਾਲ 'ਚ ਆਪਣਾ ਵਕਤ ਗੁਜ਼ਾਰਦੀ ਰਹੀ। ਜਦੋਂ ਬੱਚਾ ਦੋ ਸਾਲਾਂ ਦਾ ਹੋ ਗਿਆ ਤਾਂ ਵਿਵੇਕ ਵਾਸਵਾਨੀ ਨੇ ਉਸ ਨੂੰ ਆਪਣੀ ਫਿਲਮ 'ਚ ਕੰਮ ਕਰਨ ਲਈ ਰਾਜ਼ੀ ਕਰ ਲਿਆ।



ਸ਼ਾਲਿਨੀ ਢਿੱਲੋਂ ਚੰਡੀਗੜ੍ਹ ਦੀ ਰਹਿਣ ਵਾਲੀ ਹੈ ਜਿਹੜੀ ਹਿੰਦੀ ਫਿਲਮ ਸੰਸਾਰ ਵਿਚ ਆਪਣੇ ਪੈਰ ਜਮਾਉਣ ਲਈ ਯਤਨਸ਼ੀਲ ਹੈ। ਚੰਡੀਗੜ੍ਹ ਦੇ ਸਟੇਜ ਦਰਸ਼ਕਾਂ ਨੇ ਉਸ ਨੂੰ ਕਈ ਨਾਟਕਾਂ ਵਿਚ ਦੇਖਿਆ ਹੈ। ਉਸ ਤੋਂ ਪਹਿਲਾਂ ਉਹ ਜਲੰਧਰ ਦੂਰਦਰਸ਼ਨ ਤੋਂ ਅਨਾਊਂਸਰ ਵੀ ਰਹਿ ਚੁਕੀ ਹੈ। ਬਹੁਮੁਖੀ ਪ੍ਰਤਿਭਾ ਦੀ ਮਾਲਕ ਸ਼ਾਲਿਨੀ ਢਿੱਲੋਂ ਪਿਛਲੇ ਦਿਨੀਂ ਹਿੰਦੀ ਫਿਲਮ 'ਲਾਗੀ ਛੂਟੇ ਨਾ' ਦੀ ਸ਼ੂਟਿੰਗ ਲਈ ਫਿਲਮ ਦੀ ਯੂਨਿਟ ਨਾਲ ਚੰਡੀਗੜ੍ਹ ਅਤੇ ਇਸ ਦੇ ਆਸ ਪਾਸ ਦੀਆਂ ਲੋਕੇਸ਼ਨਾਂ 'ਤੇ ਗਈ। ਇਸ ਫਿਲਮ ਵਿਚ ਉਹ ਇਕ ਅਹਿਮ ਭੂਮਿਕਾ ਨਿਭਾ ਰਹੀ ਹੈ।

ਫਲਾਪ ਮਾਂ ਰਾਖੀ

ਇਕ ਦਹਾਕੇ ਤਕ ਹੀਰੋਇਨ ਰਹਿਣ ਮਗਰੋਂ ਰਾਖੀ ਨੇ ਭਾਬੀਆਂ ਦੇ ਰੋਲ ਕਰਨੇ ਸ਼ੁਰੂ ਕੀਤੇ ਸਨ ਤੇ ਅੱਜ ਕੱਲ੍ਹ ਉਹ ਮਾਂ ਦੇ ਰੋਲ ਕਰਦੀ ਹੈ। ਪਰ ਉਸ ਦੀਆਂ ਮਾਂ ਦੇ ਰੋਲ ਦੀਆਂ ਫਿਲਮਾਂ ਇਕ ਇਕ ਕਰਕੇ ਪਿਟ ਗਈਆਂ ਹਨ। 'ਫਲਕ', 'ਡਕੈਤ', ਅਤੇ 'ਮੇਰੇ ਬਾਦ' ਇਸ ਦੀਆਂ ਉਦਾਹਰਣਾਂ ਹਨ। ਉਸ ਦੀ ਮਾਂ ਦੇ ਰੋਲ ਦੀ ਇਸ ਅਸਫਲਤਾ ਦੇ ਬਾਰੇ ਲੋਕਾਂ ਦਾ ਕਹਿਣਾ ਹੈ ਕਿ ਜਿਹੜੀ ਔਰਤ ਆਪਣੀ ਘਰੇਲੂ ਜ਼ਿੰਦਗੀ 'ਚ ਮਾਂ ਦੀ ਭੂਮਿਕਾ ਸਹੀ ਤਰ੍ਹਾਂ ਨਹੀਂ ਨਿਭਾ ਸਕਦੀ ਤਾਂ ਫਿਰ ਫਿਲਮਾਂ 'ਚ ਫਲਾਪ ਹੋ ਜਾਣਾ ਕਿਹੜੀ ਵੱਡੀ ਗੱਲ ਹੈ। ਉਨ੍ਹਾਂ ਦਾ ਇਸ਼ਾਰਾ ਰਾਖੀ ਤੇ ਗੁਲਜ਼ਾਰ ਦੇ ਝਗੜੇ ਦਾ ਸ਼ਿਕਾਰ ਬੱਚੀ 'ਬੋਸਕੀ' ਵੱਲ ਹੈ।

ਦੋਸਤੀ ਦੀ ਖਾਤਰ

ਅੱਜ ਜਦੋਂ ਕਿ ਹਵਾ ਦਾ ਰੁਖ ਅਮਰੀਸ਼ਪੁਰੀ ਵੱਲ ਹੈ ਤੇ ਉਸ ਦੀ ਵੀ ਮੰਗ ਵਧ ਗਈ ਹੈ। ਇਸ ਲਈ ਉਸ ਨੇ ਆਪਣਾ ਰੇਟ ਵੀ ਵਧਾ ਦਿੱਤਾ ਹੈ। ਇਸ ਵੇਲੇ ਉਹ ਪ੍ਰਤੀ ਫਿਲਮ ਦਸ ਲੱਖ ਰੁਪਿਆ ਲੈ ਰਿਹਾ ਹੈ। ਪਿਛਲੇ ਦਿਨੀਂ ਉਸ ਨੇ ਆਪਣੇ ਇਕ ਦੋਸਤ ਨੂੰ ਵੀ ਨਹੀਂ ਬਖਸ਼ਿਆ ਤੇ ਉਸ ਦੇ ਜ਼ਿਆਦਾ ਜ਼ੋਰ ਦੇਣ 'ਤੇ ਉਸ ਕੋਲੋਂ ਘੱਟ ਤੋਂ ਘੱਟ ਪੰਜ ਲੱਖ ਰੁਪਏ ਮੰਗੇ ਤੇ ਇਸ ਤੋਂ ਘੱਟ ਲੈਣ ਤੋਂ ਨਾਂਹ ਕਰ ਦਿੱਤੀ। ਬੇਚਾਰਾ ਨਿਰਮਾਤਾ ਦੋਸਤ ਕੀ ਕਰਦਾ ? ਉਸ ਨੇ ਆਖਿਰ ਪੰਜ ਲੱਖ ਦਿੱਤੇ।

—ਅਸ਼ੋਕ ਕੁਮਾਰ

ਤਿੰਨ ਪੀੜ੍ਹੀਆਂ ਦੀ ਨਾਇਕਾ ਹੇਮਾ ਮਾਲਿਨੀ



ਹੇਮਾ ਮਾਲਿਨੀ ਫਿਲਮੀ ਦੁਨੀਆਂ ਦੀ ਇਕ ਅਜਿਹੀ ਅਭਿਨੇਤਰੀ ਹੈ, ਜਿਸ ਨੂੰ ਤਿੰਨ ਪੀੜ੍ਹੀਆਂ ਦੀ ਨਾਇਕਾ ਹੋਣ ਦਾ ਮਾਣ ਪ੍ਰਾਪਤ ਹੈ। ਇਨ੍ਹਾਂ ਵਿਚੋਂ ਇਕ ਪੀੜ੍ਹੀ ਦਾ ਤਾਂ ਉਸ ਨੇ ਕਈ ਸਾਲਾਂ ਤਕ ਪ੍ਰਤੀਨਿਧਤਾ ਕੀਤੀ ਹੈ ਅਤੇ ਬਾਕੀ ਦੀਆਂ ਨਾਇਕਾਵਾਂ ਦੀਆਂ ਦੋ ਪੀੜ੍ਹੀਆਂ ਵਿਚੋਂ ਪਹਿਲੀ ਵਿਚ ਜੰਮ ਕੇ ਸੰਘਰਸ਼ ਕੀਤਾ ਹੈ ਅਤੇ ਦੂਸਰੀ ਨੂੰ ਜੀਣ ਦੀ ਭਰਪੂਰ ਕੋਸ਼ਿਸ਼ ਕਰ ਰਹੀ ਹੈ।

ਹੇਮਾ ਨੇ ਜਦੋਂ 'ਸਪਨੋਂ ਕਾ ਸੁਦਾਗਰ' ਫਿਲਮ ਰਾਹੀਂ ਫਿਲਮ ਜਗਤ ਵਿਚ ਪ੍ਰਵੇਸ਼ ਕੀਤਾ ਤਾਂ ਹਿੰਦੀ ਫਿਲਮੀ-ਦੁਨੀਆਂ ਵਿਚ ਸਾਧਨਾ, ਆਸ਼ਾ ਪਾਰਿਖ ਤੇ ਵਹੀਦਾ ਰਹਿਮਾਨ ਵਰਗੀਆਂ ਚਰਚਿਤ ਅਭਿਨੇਤਰੀਆਂ ਆਪਣੇ ਫਿਲਮੀ-ਕੈਰੀਅਰ ਦੇ ਸਿਖਰ 'ਤੇ ਸਨ। ਪਰ ਆਪਣੀ ਲਗਨ ਤੇ ਮਿਹਨਤ ਨਾਲ ਉਹ ਸਫਲ ਅਭਿਨੇਤਰੀ ਦੇ ਰੂਪ ਵਿਚ ਸਥਾਪਿਤ ਹੋ ਗਈ। ਅੱਜ ਜਦੋਂ ਫਿਲਮੀ ਦੁਨੀਆਂ 'ਚ ਅਭਿਨੇਤਰੀਆਂ ਦਾ ਜਿਵੇਂ ਹੜ੍ਹ ਆ ਗਿਆ ਹੈ, ਫਿਰ ਵੀ ਹੇਮਾ ਦਾ ਆਪਣਾ ਸਥਾਨ ਬਣਿਆ ਹੋਇਆ ਹੈ।

ਹੇਮਾ ਨੂੰ ਕੱਲ੍ਹ ਦੀ ਨਾਇਕਾ ਕਹਿਣ ਵਿਚ ਉਸ ਨੂੰ ਸਖਤ ਇਤਰਾਜ਼ ਹੈ। ਆਪਣੇ ਕੈਰੀਅਰ ਪ੍ਰਤੀ ਉਹ ਇਤਨੀ ਸੁਚੇਤ ਹੈ ਕਿ ਅੱਜ ਵੀ ਉਹ ਆਪਣੇ-ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦੀ। ਇਕ ਅਭਿਨੇਤਰੀ, ਇਕ ਨ੍ਰਿਤ-ਆਂਗਨਾ ਅਤੇ ਇਕ ਮਾਂ ਦੇ ਰੂਪ ਵਿਚ ਉਸ ਨੇ ਜਿਹੜਾ ਜੀਵਨ ਬਤੀਤ ਕੀਤਾ ਹੈ ਉਹ ਨਵੇਂ ਕਲਾਕਾਰਾਂ ਲਈ ਇਕ ਮਿਸਾਲ ਹੋ ਸਕਦਾ ਹੈ। ਅੱਜ ਵੀ ਨਿਯਮਿਤ ਰੂਪ ਵਿਚ ਨ੍ਰਿਤ ਦਾ ਅਭਿਆਸ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਮੇਰੇ ਜੀਵਨ ਵਿਚ ਅਭਿਨੈ ਤੋਂ ਜ਼ਿਆਦਾ ਨ੍ਰਿਤ ਦਾ ਮਹੱਤਵ ਹੈ। ਅਭਿਨੈ ਭਾਵੇਂ ਛੁਟ ਜਾਵੇ ਪਰ ਨ੍ਰਿਤ ਕਦੇ ਨਹੀਂ ਛੁਟ ਸਕਦਾ।

ਹੇਮਾ ਮਾਲਿਨੀ ਦੇ ਕੈਰੀਅਰ ਨੂੰ ਮੁਖ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ — ਪਹਿਲਾ ਦੌਰ ਉਹ ਸੀ, ਜਦੋਂ ਉਸ ਨੇ ਸਥਾਪਿਤ ਹੋਣ ਲਈ ਸਖਤ ਸੰਘਰਸ਼ ਕੀਤਾ ਸੀ। ਦੂਸਰਾ ਦੌਰ ਉਹ ਸੀ, ਜਦੋਂ ਉਹ ਸਥਾਪਿਤ ਹੋ ਚੁਕੀ ਸੀ ਅਤੇ ਵੱਧ ਤੋਂ ਵੱਧ ਫਿਲਮਾਂ ਵਿਚ ਚੰਗੇ ਤੋਂ ਚੰਗਾ ਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਦੇ ਫਿਲਮੀ-ਕੈਰੀਅਰ ਦਾ ਤੀਸਰਾ ਦੌਰ ਅੱਜ ਦਾ ਹੈ, ਜਦੋਂ ਉਸ ਨੂੰ ਕੁਝ ਯਾਦਗਾਰੀ ਭੂਮਿਕਾਵਾਂ ਕਰਨ ਦਾ ਮੌਕਾ ਮਿਲ ਰਿਹਾ ਹੈ।

ਹੇਮਾ ਮਾਲਿਨੀ ਦਾ ਇਹ ਚੰਗਾ ਸੁਭਾਗ ਹੈ ਕਿ ਉਸ ਨੂੰ ਚੇਤਨ ਆਨੰਦ, ਗੁਲਜ਼ਾਰ ਤੇ ਕਮਾਲ ਅਮਰੋਹੀ ਵਰਗੇ ਨਿਰਦੇਸ਼ਕ ਮਿਲੇ ਹਨ, ਜਿਨ੍ਹਾਂ ਨੇ ਉਸ ਨਾਲ ਕਦੇ ਕੋਈ ਗੈਰਸਲੀਕੇ ਦੀ ਗੱਲ ਨਹੀਂ ਕੀਤੀ। ਇਹੋ ਕਾਰਨ ਹੈ ਕਿ ਅੱਜ ਵੀ ਇਨ੍ਹਾਂ ਲੋਕਾਂ ਨਾਲ ਉਸ ਦੇ ਪਰਿਵਾਰਕ ਸਬੰਧ ਹਨ।

'ਪ੍ਰੇਮ ਨਗਰ' ਉਸ ਦੀ ਮਨ-ਪਸੰਦ ਫਿਲਮ ਹੈ। 'ਲਾਲ ਪੱਥਰ', 'ਏਕ ਚਾਦਰ ਮੈਲੀ ਸੀ', ਤੇ 'ਰਜ਼ੀਆ ਸੁਲਤਾਨ' ਵਰਗੀਆਂ ਫਿਲਮਾਂ ਦੀਆਂ ਭੂਮਿਕਾਵਾਂ ਵੀ ਉਸ ਨੂੰ ਬਹੁਤ ਪਸੰਦ ਹਨ। ਹੁਣ ਉਸ ਨੇ ਦੂਰਦਰਸ਼ਨ 'ਤੇ ਆਉਣਾ ਵੀ ਸ਼ੁਰੂ ਕਰ ਦਿੱਤਾ ਹੈ। ਨ੍ਰਿਤ 'ਤੇ ਉਹ ਇਕ ਸੀਰੀਅਲ ਬਣਾ ਚੁਕੀ ਹੈ ਅਤੇ ਹੋਰ ਸੀਰੀਅਲ ਬਣਾਉਣ ਲਈ ਉਸ ਦੀ ਗੱਲਬਾਤ ਚਲ ਰਹੀ ਹੈ। ਉਹ ਵਿਗਿਆਪਨਾਂ ਵਿਚ ਵੀ ਆ ਰਹੀ ਹੈ।

ਹੇਮਾ ਮਾਲਿਨੀ ਦਾ ਕਹਿਣਾ ਹੈ ਕਿ ਔਰਤ ਦਾ ਸਰੂਪ ਬਦਲ ਗਿਆ ਹੈ। ਉਸ ਦਾ ਵਿਚਾਰ ਹੈ ਕਿ ਔਰਤ ਨੂੰ ਆਦਮੀ 'ਤੇ ਬੋਝ ਨਹੀਂ ਬਣਨਾ ਚਾਹੀਦਾ ਅਤੇ ਔਰਤ ਨੂੰ ਕੁਝ-ਨਾ-ਕੁਝ ਕੰਮ ਜ਼ਰੂਰ ਕਰਨਾ ਚਾਹੀਦਾ ਹੈ, ਭਾਵੇਂ ਆਦਮੀ ਦੇ ਬਰਾਬਰ ਨਾ ਕਰ ਸਕੇ। ਇਸ ਤਰ੍ਹਾਂ ਉਹ ਨਾ ਤਾਂ ਆਦਮੀ ਉਤੇ ਬੋਝ ਬਣਦੀ ਹੈ, ਸਗੋਂ ਆਪਣੀ ਵਿਅਕਤੀਗਤ ਸੋਚ ਵੀ ਬਰਕਰਾਰ ਰਖਦੀ ਹੈ।

ਜਿਥੋਂ ਤੱਕ ਉਸ ਦੇ ਕੈਰੀਅਰ ਦਾ ਸੰਬੰਧ ਹੈ, ਉਹ ਬਹੁਤ 'ਟਚੀ' ਹੈ। ਉਹ ਅਕਸਰ ਪੱਤਰਕਾਰਾਂ ਨੂੰ ਮਿਲਣਾ ਪਸੰਦ ਨਹੀਂ ਕਰਦੀ। ਗਲਤੀ ਨਾਲ ਜੇ ਕੋਈ ਉਸ ਦੇ ਕੈਰੀਅਰ ਬਾਰੇ ਗੱਲ ਕਰੇ ਤਾਂ ਉਹ ਆਪਣੇ ਸ਼ਬਦਾਂ ਨੂੰ ਮੂੰਹ ਦੇ ਅੰਦਰ ਹੀ ਸਮੇਟ ਲੈਂਦੀ ਹੈ।

The Manitoba Mirror

ਮੈਨੀਟੋਬਾ ਦਰਪਣ

BRAR NATURAL FLOUR MILLS

— ਸ਼ੇਰੇ-ਪੰਜਾਬ ਡੁਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ
ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY


10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ


ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

New Location — 724 - Sargent Ave., Winnipeg, MAN.

Ph. Bus. 772-3937

Res. 633-6567

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ

Automotive Repairs — Alignment and Wheel Balancing



ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

SEASON'S GREETINGS


ਰੌਇਲ ਫਰਨੀਚਰ ਤੇ ਲੱਗ ਗਈ ਬਲੋਅ ਆਊਟ ਸੇਲ

ਜਿਸ ਵਿਚ ਸਟੋਰ ਵਿਚ ਪਏ ਸਾਡੇ ਫਰਨੀਚਰ ਦੀਆਂ ਕੀਮਤਾਂ ਤੇ ਉਹ ਡੀਲਾਂ ਦਿੱਤੀਆਂ ਜਾਣਗੀਆਂ ਕਿ ਤੁਸੀਂ ਖਰੀਦੇ ਬਿਨਾਂ ਨਹੀਂ ਰਹਿ ਸਕੋਗੇ।



3 Pc. Pillow Back, Comfortable, Lifetime Warranty on frame construction **$999**
YOU GET: ■ Sofa ■ Chair ■ Love Seat

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5 % ਨਾਲ ਬੀਟ ਕਰਾਂਗੇ।



ਕੀਮਤ ਮਾਰਕੀਟ ਨਾਲੋਂ ਸਭ ਤੋਂ ਘੱਟ ਮਿਲੇਗੀ।

ਰੌਇਲ ਫਰਨੀਚਰ ਤੋਂ ਖ਼ੀਦਿਆ ਫਰਨੀਚਰ ਤੁਹਾਡੇ ਘਰ ਨੂੰ ਸਜਾ ਦੇਵੇਗਾ

ਦੇਖਣ ਦਾ ਕੋਈ ਮੁੱਲ ਨਹੀਂ, ਗੇੜਾ ਮਾਰਨਾ ਵਿਅਰਥ ਨਹੀਂ ਜਾਵੇਗਾ

7 Pc. Solid Pine Bedroom Suite
$595





SAVE UP TO 50% ON MATTRESS SETS!

POSTURE BEAUTY

39" Twin Set	54" Double Set	60" Queen Set
$139 Both Pces.	$169 Both Pces.	$239 Both Pces.

SEALY

39" Twin Set	54" Double Set	60" Queen Set
$229 Both Pces.	$289 Both Pces.	$329 Both Pces.

RESTONIC

39" Twin Set	54" Double Set	60" Queen Set
$199 Both Pces	$279 Both Pces.	$299 Both Pces.

LOWEST PRICE IN TOWN

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA

MasterCard

TEL. 874-9525

MASTER CARD VISA ACCEPTED

SEASON'S GREETINGS

Popular Furniture Mfg. Ltd.

7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ


ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿੱਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ

ਰੰਗ-ਬਰੰਗੀਆਂ ਸੇਲਾਂ ਤੋਂ ਬਚੋ —

ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ — ਨੇੜੇ (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ੍ਰੀਦਣ ਨਾਲ

ਬੱਚਤ ਹੀ ਬੱਚਤ

ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

Factory Hours: 12.00 PM to 5:00 PM